PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 19 ਮਾਰਚ ਤੋਂ 25 ਮਾਰਚ, 2026 | Email :- editor@punjabstar.com, Vo. 20. Issue:1229


## ਕੈਨੇਡਾ 'ਚ ਵੱਖ-ਵੱਖ ਥਾਈਂ 3 ਪੰਜਾਬੀ ਨੌਜਵਾਨਾਂ ਦੀ ਹੱਤਿਆ



ਵੈਨਕੂਵਰ, (ਪੰਜਾਬ ਸਟਾਰ ਬਿਊਰੋ): ਕੈਨੇਡਾ 'ਚ ਵੱਖ-ਵੱਖ ਥਾਈਂ ਬੀਤੇ ਹਫ਼ਤੇ ਦੇ ਅਖ਼ੀਰ ਵਿਚ 3 ਪੰਜਾਬੀ ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਗਈ। ਪਹਿਲੀ ਘਟਨਾ ਫੋਰਟ ਸੇਂਟ ਪੌਲ ਜੌਹਨ ਸ਼ਹਿਰ ਵਿਖੇ ਵਾਪਰੀ, ਜਿੱਥੇ ਦੋ ਗਰੁੱਪਾਂ ਦੀ ਲੜਾਈ 'ਚ ਗੁਰਕੀਰਤ ਸਿੰਘ ਮਨੋਚਾ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਮੁੱਢਲੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਹ ਉੱਥੇ ਇੱਕ ਸਟੋਰ 'ਚ ਕੰਮ ਕਰਦਾ ਸੀ। ਉਹ ਉਜੈਨ ਤੋਂ ਉੱਚ * ਬਾਕੀ ਸਫ਼ਾ 2 'ਤੇ

## ਸ੍ਰੀ ਹਰਿਮੰਦਰ ਸਾਹਿਬ ਦੀ ਵਿਵਾਦਤ AI ਵੀਡੀਓ ਵਾਇਰਲ !




ਅੰਮ੍ਰਿਤਸਰ, (ਪੰਜਾਬ ਸਟਾਰ ਬਿਊਰੋ): ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਬੇਅਦਬੀ ਦੀ ਇੱਕ ਏ.ਆਈ. ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸਿੱਖ ਭਾਈਚਾਰੇ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ * ਬਾਕੀ ਸਫ਼ਾ 2 'ਤੇ

# ਪਾਕਿਸਤਾਨ ਨੇ ਅਫਗਾਨਿਸਤਾਨ ਦੇ ਹਸਪਤਾਲ 'ਤੇ ਕੀਤਾ ਹਵਾਈ ਹਮਲਾ

## 400 ਦੀ ਮੌਤ, 250 ਜ਼ਖ਼ਮੀ



(ਪੰਜਾਬ ਸਟਾਰ ਬਿਊਰੋ)
ਪਾਕਿਸਤਾਨ ਨੇ ਐਤਵਾਰ ਅੱਧੀ ਰਾਤ ਨੂੰ ਅਫਗਾਨਿਸਤਾਨ 'ਤੇ ਇੱਕ ਹੋਰ ਹਵਾਈ ਹਮਲਾ ਕੀਤਾ। ਸਥਾਨਕ ਮੀਡੀਆ ਦੇ ਅਨੁਸਾਰ, ਪਾਕਿਸਤਾਨੀ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਨੇ ਰਾਜਧਾਨੀ ਕਾਬੁਲ ਦੇ ਕਈ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਇੱਕ ਹਸਪਤਾਲ ਵੀ ਸ਼ਾਮਲ ਹੈ। ਇਸ ਹਮਲੇ ਵਿੱਚ 400 ਲੋਕ ਮਾਰੇ ਗਏ ਅਤੇ 250 ਤੋਂ ਵੱਧ ਜ਼ਖ਼ਮੀ ਹੋ ਗਏ।

ਰਿਪੋਰਟਾਂ ਅਨੁਸਾਰ ਦਾਰੁਲ ਅਮਾਨ, ਅਰਜਾਨ ਕੀਮਤ, ਖੈਰਖਾਨਾ ਅਤੇ ਕਾਬੁਲ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਆਲੇ-ਦੁਆਲੇ ਕਈ ਥਾਵਾਂ 'ਤੇ ਧਮਾਕਿਆਂ ਅਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਦੋਸ਼ ਲਗਾਇਆ ਹੈ ਕਿ ਪਾਕਿਸਤਾਨੀ * ਬਾਕੀ ਸਫ਼ਾ 2 'ਤੇ

## ਕੀਨੀਆ 'ਚ ਹੜ੍ਹਾਂ ਕਰ ਕੇ 66 ਜਣਿਆਂ ਦੀ ਮੌਤ

### ਭਾਰੀ ਮੀਂਹ ਜਾਰੀ, ਤਬਾਹੀ ਵੱਧਣ ਦਾ ਖਦਸ਼ਾ



ਨੈਰੋਬੀ, (ਪੰਜਾਬ ਸਟਾਰ ਬਿਊਰੋ): ਕੀਨੀਆ ਵਿਚ ਲਗਾਤਾਰ ਭਾਰੀ ਬਾਰਸ਼ ਮਗਰੋਂ ਆਏ ਹੜ੍ਹਾਂ ਦੌਰਾਨ ਘੱਟੋ ਘੱਟ 70 ਜਣਿਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਲਾਪਤਾ ਦੱਸੇ ਜਾ ਰਹੇ ਹਨ। ਰਾਜਧਾਨੀ ਨੈਰੋਬੀ ਵਿਖੇ ਹੜ੍ਹਾਂ ਦਾ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲਿਆ ਅਤੇ ਹਰ ਪਾਸੇ ਤਬਾਹੀ ਦਾ ਮੰਜ਼ਰ ਨਜ਼ਰ ਆ ਰਿਹਾ ਸੀ। * ਬਾਕੀ ਸਫ਼ਾ 2 'ਤੇ

## ਗਾਜ਼ਾ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ 12 ਫਲਸਤੀਨੀਆਂ ਦੀ ਹੋਈ ਮੌਤ



ਗਾਜ਼ਾ, (ਪੰਜਾਬ ਸਟਾਰ ਬਿਊਰੋ): ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਗਾਜ਼ਾ ਪੱਟੀ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਐਤਵਾਰ ਨੂੰ ਘੱਟੋ-ਘੱਟ 12 ਫਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚ ਦੋ ਬੱਚੇ, ਇੱਕ ਗਰਭਵਤੀ ਔਰਤ ਅਤੇ ਅੱਠ ਪੁਲਿਸ ਮੁਲਾਜ਼ਮ ਸ਼ਾਮਿਲ ਹਨ। ਮੱਧ ਗਾਜ਼ਾ ਦੇ ਨੁਸੀਰਤ ਸ਼ਰਨਾਰਥੀ ਕੈਂਪ ਵਿੱਚ ਇੱਕ ਘਰ 'ਤੇ ਹੋਏ ਹਵਾਈ ਹਮਲੇ ਵਿੱਚ ਚਾਰ ਲੋਕ ਮਾਰੇ ਗਏ। ਅਲ-ਅਕਸਾ ਸ਼ਹੀਦ ਹਸਪਤਾਲ ਦੇ ਅਨੁਸਾਰ, * ਬਾਕੀ ਸਫ਼ਾ 2 'ਤੇ

## ਕੈਨੇਡਾ ਸਰਕਾਰ ਵੱਲੋਂ ਰਫਿਊਜੀ ਨਿਯਮਾਂ 'ਚ ਸਖ਼ਤ ਬਦਲਾਅ; ਬਿੱਲ ਸੀ-12 ਕੀਤਾ ਪਾਸ




ਟੋਰਾਂਟੋ, (ਬਲਜਿੰਦਰ ਸੇਖਾ): ਕੈਨੇਡਾ ਸਰਕਾਰ ਨੇ ਬਿੱਲ ਸੀ-12 ਪਾਸ ਕਰ ਦਿੱਤਾ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਰਫਿਊਜੀ ਲਈ ਨਵਾਂ ਨਿਯਮ ਲਾਗੂ ਹੋ ਗਿਆ ਹੈ। ਕੈਨੇਡਾ ਦੀ ਸੰਸਦ ਵਿਚ ਬਿੱਲ ਸੀ-12 ਪਾਸ ਹੋਣ ਨਾਲ ਰਫਿਊਜੀ ਨੀਤੀ ਵਿਚ ਇੱਕ ਵੱਡਾ ਅਤੇ ਮਹੱਤਵਪੂਰਨ ਬਦਲਾਅ ਆਇਆ ਹੈ।

ਇਸ ਬਿੱਲ ਅਨੁਸਾਰ ਜੇ ਕੋਈ ਰਫਿਊਜੀ ਆਪਣੇ ਮੂਲ ਦੇਸ਼ (ਵਤਨ) ਵਾਪਸ ਜਾਂਦਾ ਹੈ, ਤਾਂ ਉਸਦਾ ਰਫਿਊਜੀ ਕਲੇਮ * ਬਾਕੀ ਸਫ਼ਾ 2 'ਤੇ

## ਓਨਟਾਰੀਓ ਸੂਬੇ 'ਚ ਇਮੀਗ੍ਰੇਸ਼ਨ 'ਚ ਵੱਡਾ ਬਦਲਾਅ



ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਦੇ ਸੂਬੇ ਓਨਟਾਰੀਓ ਦੇ ਇਮੀਗ੍ਰੇਸ਼ਨ ਐਕਟ ਵਿੱਚ ਬਦਲਾਅ ਕੀਤੇ ਜਾ ਰਹੇ ਹਨ, ਅਤੇ 30 ਮਈ, 2026 ਤੋਂ ਪ੍ਰਭਾਵੀ, ਸੂਬਾ ਸਾਰੀਆਂ ਮੌਜੂਦਾ ਓਨਟਾਰੀਓ ਇਮੀਗ੍ਰੇਂਟ ਨਾਮਜ਼ਦਗੀ ਪ੍ਰੋਗਰਾਮ (OINP) ਸ਼੍ਰੇਣੀਆਂ ਨੂੰ ਰੱਦ ਕਰ ਦੇਵੇਗਾ। ਨਤੀਜੇ ਵਜੋਂ, ਬਹੁਤ ਸਾਰੇ ਬਿਨੈਕਾਰ ਜੋ ਵਰਤਮਾਨ ਵਿੱਚ ਸੂਬਾਈ ਨਾਮਜ਼ਦਗੀ (PNP) ਲਈ ਯੋਗ ਹਨ, ਹੁਣ ਨਵੇਂ ਢਾਂਚੇ ਦੇ ਤਹਿਤ ਯੋਗ ਨਹੀਂ ਰਹਿ ਸਕਦੇ। * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਦੋ ਪੰਜਾਬੀ ਮੂਲ ਦੇ ਗੈਂਗਸਟਰਾਂ ਨੂੰ ਕੱਢਿਆ

### ਦੋਵੇਂ ਜਬਰੀ ਵਸੂਲੀ ਅਤੇ ਅਪਰਾਧਿਕ ਮਾਮਲਿਆਂ ਵਿੱਚ ਸਨ ਸ਼ਾਮਲ



ਸੁਖਨਾਜ਼ ਸਿੰਘ ਸੰਧੂ | ਅਰਸ਼ਦੀਪ ਸਿੰਘ

ਕੈਨੇਡਾ (ਪੰਜਾਬ ਸਟਾਰ ਬਿਊਰੋ)
ਕੈਨੇਡਾ ਵਿੱਚ ਜਬਰੀ ਵਸੂਲੀ ਅਤੇ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਦੋ ਪੰਜਾਬੀ ਮੂਲ ਦੇ ਗੈਂਗਸਟਰਾਂ ਅਰਸ਼ਦੀਪ ਸਿੰਘ ਅਤੇ ਸੁਖਨਾਜ਼, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਦੇਸ਼ ਨਿਕਾਲਾ ਦੇ ਦਿੱਤਾ ਹੈ। ਸੀਬੀਐਸਏ ਨੇ ਸਪੱਸ਼ਟ ਕੀਤਾ ਹੈ ਕਿ ਦੂਜੇ ਦੇਸ਼ਾਂ ਦੇ ਨਾਗਰਿਕ ਜੋ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹਨ, ਨੂੰ ਕੈਨੇਡਾ ਵਿੱਚ ਰਹਿਣ ਦੀ ਆਗਿਆ ਨਹੀਂ ਹੋਵੇਗੀ।

ਸੀਬੀਐਸਏ ਨੇ 18 ਮਾਰਚ ਨੂੰ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ। ਸੀਬੀਐਸਏ ਨੇ ਜਬਰੀ ਵਸੂਲੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਦੀ ਇੱਕ ਸੂਚੀ ਤਿਆਰ ਕੀਤੀ ਹੈ ਅਤੇ ਹੁਣ ਉਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆਵਾਂ ਰਾਹੀਂ ਦੇਸ਼ ਨਿਕਾਲਾ ਦੇਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤੱਕ 35 ਅਪਰਾਧੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। * ਬਾਕੀ ਸਫ਼ਾ 2 'ਤੇ

## ਅਮਰੀਕਾ ਦੇ ਹਵਾਈ ਅੱਡਿਆਂ 'ਤੇ ਲੋਕ ਹੋ ਰਹੇ ਹਨ ਖੱਜਲ ਖੁਆਰ !

* ਲੰਮੀਆਂ ਕਤਾਰਾਂ ਅਤੇ ਖੱਜਲ-ਖੁਆਰੀ ਦਾ ਸਿਲਸਿਲਾ ਜਾਰੀ
* ਹਜ਼ਾਰਾਂ ਟੀ.ਐਸ.ਏ. ਏਜੰਟ ਗੈਰਹਾਜ਼ਰ, 300 ਤੋਂ ਵੱਧ ਨੇ ਨੌਕਰੀ ਛੱਡੀ



ਨਿਊ ਯਾਰਕ, (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਹਵਾਈ ਅੱਡਿਆਂ 'ਤੇ ਮੁਸਾਫ਼ਰਾਂ ਦੀਆਂ ਲੰਮੀਆਂ ਕਤਾਰਾਂ ਆਮ ਗੱਲ ਹੋ ਗਈ ਹੈ ਅਤੇ ਖੱਜਲ ਖੁਆਰ ਹੋ ਰਹੇ ਮੁਸਾਫ਼ਰਾਂ ਦੀ ਸੁਣਨ ਵਾਲਾ ਕੋਈ ਨਹੀਂ ਜਦਕਿ ਦੂਜੇ ਪਾਸੇ ਤਨਖਾਹਾਂ ਨਾ ਮਿਲਣ ਕਰ ਕੇ ਆਰਥਿਕ ਔਕੜਾਂ ਵਿਚ ਘਿਰੇ 300 ਤੋਂ ਵੱਧ ਟ੍ਰਾਂਸਪੋਰਟ ਸੁਰੱਖਿਆ ਅਫ਼ਸਰ ਨੌਕਰੀ ਛੱਡ ਚੁੱਕੇ ਹਨ ਅਤੇ ਵੱਡੀ ਗਿਣਤੀ ਵਿਚ ਡਿਊਟੀ 'ਤੇ ਹਾਜ਼ਰ ਨਹੀਂ ਹੋ ਰਹੇ। ਜੀ ਹਾਂ, 14 ਫ਼ਰਵਰੀ ਤੋਂ ਸ਼ੁਰੂ ਹੋਏ ਸ਼ਟਡਾਊਨ ਨੇ ਏਅਰਲਾਈਨਜ਼ ਨੂੰ ਵੀ ਘੁੰਮਣਘੇਰੀ ਵਿਚ ਪਾ ਰੱਖਿਆ ਜਿਨ੍ਹਾਂ ਵਾਸਤੇ ਸਮੇਂ ਸਿਰ ਫਲਾਈਟਸ ਰਵਾਨਾ ਮੁਸ਼ਕਲ ਹੋ ਚੁੱਕੀਆਂ ਹਨ। ਮੁਸਾਫ਼ਰਾਂ ਦੀ ਗਿਣਤੀ ਦੇ ਹਿਸਾਬ ਨਾਲ ਦੁਨੀਆਂ ਦੇ ਸਭ ਤੋਂ ਵੱਧ ਰੁਝੇਵਿਆਂ ਵਾਲੇ ਐਟਲਾਂਟਾ ਦੇ ਹਾਰਟਸਫ਼ੀਲਡ ਜੈਕਸਨ ਇੰਟਰਨੈਸ਼ਨਲ ਏਅਰਪੋਰਟ ਵੱਲੋਂ ਮੁਸਾਫ਼ਰਾਂ ਨੂੰ ਤਿੰਨ ਘੰਟੇ ਪਹਿਲਾਂ ਪੁੱਜਣ ਦਾ ਸੁਝਾਅ ਦਿਤਾ ਜਾ ਰਿਹਾ ਹੈ।

ਵੱਡੀ ਗਿਣਤੀ ਵਿਚ ਮੁਸਾਫ਼ਰ ਸੋਸ਼ਲ ਮੀਡੀਆ 'ਤੇ ਵੀਡੀਓਜ਼ ਅਪਲੋਡ * ਬਾਕੀ ਸਫ਼ਾ 2 'ਤੇ

### ਅਮਰੀਕਾ 'ਚ ਫਲਾਈਟਾਂ ਰੱਦ ਹੋਣ ਕਰਕੇ ਮੁਸਾਫਰਾਂ ਨੇ ਏਅਰਪੋਰਟਾਂ 'ਤੇ ਮੰਜੇ ਡਾਹੇ



ਹਿਊਸਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਫ਼ਲਾਈਟਸ ਲਗਾਤਾਰ ਰੱਦ ਹੋਣ ਜਾਂ ਕਈ-ਕਈ ਘੰਟੇ ਦੀ ਦੇਰ ਨਾਲ ਰਵਾਨਾ ਹੋਣ ਤੋਂ ਅੱਕੇ ਮੁਸਾਫ਼ਰਾਂ ਨੇ ਹਵਾਈ ਅੱਡਿਆਂ 'ਤੇ ਹੀ ਮੰਜੇ ਡਾਹ ਲਏ। ਸਭ ਤੋਂ ਵੱਧ ਖਿਲਾਰਾ ਟੈਕਸਸ ਦੇ ਹਿਊਸਟਨ ਅਤੇ ਫਲੋਰੀਡਾ ਦੇ ਲੌਡਰਡੇਲ ਹਵਾਈ ਅੱਡਿਆਂ 'ਤੇ ਦੇਖਣ ਨੂੰ ਮਿਲਿਆ ਜਿਥੇ ਕਤਾਰਾਂ ਐਨੀਆਂ ਲੰਮੀਆਂ ਹੋ ਗਈਆਂ ਕਿ ਹਵਾਈ ਅੱਡੇ ਦੇ ਅੰਦਰ ਪੁੱਜਣਾ ਔਖਾ ਹੋ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਹਵਾਈ ਮੁਸਾਫ਼ਰਾਂ 'ਤੇ ਦੂਹਰੀ ਮਾਰ ਪੈ ਰਹੀ ਹੈ। ਇਕ ਪਾਸੇ ਡੀ.ਐਚ.ਐਸ. ਦੇ ਸ਼ਟਡਾਊਨ ਕਰ ਕੇ ਟ੍ਰਾਂਸਪੋਰਟੇਸ਼ਨ ਸਕਿਉਰਿਟੀ ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਪਾਕਿਸਤਾਨ ਨੇ...

ਫ਼ੌਜਾਂ ਨੇ ਕਾਬੁਲ ਵਿੱਚ ਇੱਕ ਨਸ਼ਾ ਛੁਡਾਊ ਹਸਪਤਾਲ 'ਤੇ ਬੰਬਾਰੀ ਕੀਤੀ। ਤਾਲਿਬਾਨ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕੀਤੀ, ਇਸ ਨੂੰ ਮਨੁੱਖਤਾ ਵਿਰੁੱਧ ਅਪਰਾਧ ਦੱਸਿਆ ਅਤੇ ਕਿਹਾ ਕਿ ਪਾਕਿਸਤਾਨ ਨੇ ਅਫ਼ਗਾਨਿਸਤਾਨ ਦੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਹੈ। ਇਸ ਦੌਰਾਨ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਬੁਲਾਰੇ ਮੁਸ਼ੱਰਫ ਜ਼ੈਦੀ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਅਤੇ ਕਿਹਾ ਕਿ ਕਾਬੁਲ ਵਿੱਚ ਕਿਸੇ ਵੀ ਹਸਪਤਾਲ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ।

ਅਫ਼ਗਾਨ ਸਰਕਾਰ ਦੇ ਉਪ ਬੁਲਾਰੇ ਹਮਦੁੱਲਾ ਫਿਤਰਤ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ ਕਿਹਾ ਕਿ ਹਮਲਾ ਸਥਾਨਕ ਸਮੇਂ ਅਨੁਸਾਰ ਰਾਤ 9 ਵਜੇ ਦੇ ਕਰੀਬ ਹੋਇਆ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ 2,000 ਬਿਸਤਰਿਆਂ ਵਾਲੇ ਹਸਪਤਾਲ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ। ਜਦੋਂ ਮੀਡੀਆ ਟੀਮਾਂ ਪਹੁੰਚੀਆਂ ਉਦੋਂ ਹਸਪਤਾਲ ਦੇ ਕੁਝ ਹਿੱਸਿਆਂ ਵਿੱਚ ਅੱਗ ਜਾਰੀ ਸੀ। 30 ਤੋਂ ਵੱਧ ਲਾਸ਼ਾਂ ਨੂੰ ਸਟ੍ਰੈਚਰ 'ਤੇ ਲਿਜਾਇਆ ਜਾ ਰਿਹਾ ਸੀ। ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਮਰੀਜ਼ਾਂ ਦੀ ਵੱਡੀ ਗਿਣਤੀ ਦੇ ਕਾਰਨ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ।

## ਕੈਨੇਡਾ 'ਚ...

ਸਿੱਖਿਆ ਪ੍ਰਾਪਤ ਕਰਨ ਲਈ ਸਾਲ ਕੁ ਪਹਿਲਾਂ ਕੈਨੇਡਾ ਆਇਆ ਸੀ। ਪੁਲਿਸ ਜਾਂਚ ਕਰ ਰਹੀ ਹੈ ਕਿ ਉਹ ਲੜਾਈ 'ਚ ਅਚਾਨਕ ਮਾਰਿਆ ਗਿਆ ਜਾਂ ਉਸ ਦੀ ਮਿੱਥ ਕੇ ਹੱਤਿਆ ਕੀਤੀ ਗਈ। ਦੂਜੀ ਘਟਨਾ ਸਸਕੈਚਵਨ ਸੂਬੇ ਦੇ ਬਰੈਂਟਫੋਰਡ ਸ਼ਹਿਰ ਦੀ ਹੈ, ਜਿੱਥੇ ਟੈਕਸੀ ਚਾਲਕ ਦਵਿੰਦਰ ਸਿੰਘ (30) ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਘਟਨਾ ਮੌਕੇ ਉਹ ਮੋਟਲ ਦੇ ਬਾਹਰ ਕਿਸੇ ਯਾਤਰੀ ਦੀ ਉਡੀਕ ਵਿਚ ਟੈਕਸੀ 'ਚ ਬੈਠਾ ਸੀ। ਮੋਟਲ 'ਚੋਂ ਨਿਕਲੀ ਔਰਤ ਉੱਤੇ ਕਿਸੇ ਵਲੋਂ ਚਲਾਈ ਜਾਨਲੇਵਾ ਗੋਲੀ ਖੁੰਝ ਕੇ ਉਸ ਦੇ ਆ ਵੱਜੀ ਅਤੇ ਉਹ ਮੌਤ ਦੇ ਮੂੰਹ ਜਾ ਪੁੱਜਾ। ਉਹ ਮੋਗਾ ਜ਼ਿਲ੍ਹੇ ਦੇ ਪਿੰਡ ਦੌਲਤਪੁਰ ਨਾਲ ਸਬੰਧ ਰੱਖਦਾ ਸੀ ਤੇ ਕੁਝ ਸਾਲ ਪਹਿਲਾਂ ਪਰਿਵਾਰ ਸਮੇਤ ਕੈਨੇਡਾ ਆਇਆ ਸੀ।

ਤੀਜੀ ਘਟਨਾ ਐਡਮਿੰਟਨ ਨੇੜਲੇ ਸ਼ਹਿਰ ਵਿਚ ਵਾਪਰੀ, ਜਿਥੇ ਬੀਰਇੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਜਾਨ ਚਲੀ ਗਈ। ਉਹ ਚਾਰ ਕੁ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਹੱਤਿਆ ਦਾ ਕਾਰਨ ਸੜਕ 'ਤੇ ਹੋਇਆ ਬੋਲ ਬੁਲਾਰਾ (ਰੋਡ ਰੇਜ਼) ਦੱਸਿਆ ਗਿਆ ਹੈ। ਬੇਸ਼ੱਕ ਤਿੰਨਾਂ ਘਟਨਾਵਾਂ ਦਾ ਆਪਸ 'ਚ ਕੋਈ ਸਬੰਧ ਨਹੀਂ ਹੈ ਪਰ ਇਸ ਕਾਰਨ ਇੱਥੇ ਵੱਸਦੇ ਪੰਜਾਬੀ ਭਾਈਚਾਰੇ ਵਿਚ ਚਿੰਤਾ ਦਾ ਮਾਹੌਲ ਹੈ।

## ਸ੍ਰੀ ਹਰਿਮੰਦਰ ਸਾਹਿਬ...

(SGPC) ਨੇ ਵੀ ਇਸ ਵੀਡੀਓ ਨੂੰ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ.ਜੀ.ਪੀ.ਸੀ. ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਵੀਡੀਓ ਮੰਗਵਾਉਂਦੇ ਹੋਏ ਕਿਹਾ ਕਿ ਇਸ ਨੂੰ ਦੇਖਣ ਤੋਂ ਬਾਅਦ ਹੀ ਅਗਲਾ ਫ਼ੈਸਲਾ ਲਿਆ ਜਾਵੇਗਾ।

ਦੱਸ ਦਈਏ ਕਿ ਇਸ ਵੀਡੀਓ ਵਿੱਚ ਇੱਕ ਪਿੰਜਰ ਨੂੰ ਪੱਗ ਪਹਿਨਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਦਿਖਾਇਆ ਗਿਆ ਹੈ। ਉਸ ਦੇ ਜੁੱਤੀ ਵੀ ਪਾਈ ਦਿਖਾਈ ਗਈ ਹੈ। ਇੰਨਾ ਹੀ ਨਹੀਂ, ਵੀਡੀਓ 'ਚ ਉਹ ਲੰਗਰ ਹਾਲ ਵਿੱਚ ਵੀ ਜੁੱਤਿਆਂ ਸਮੇਤ ਹੀ ਲੰਗਰ ਛਕਦਾ ਨਜ਼ਰ ਆ ਰਿਹਾ ਹੈ। ਇਸ ਨਾਲ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਦੀ ਲਹਿਰ ਹੈ। ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਲਗਭਗ ਡੇਢ ਮਿੰਟ ਦਾ ਵੀਡੀਓ ਅੰਮ੍ਰਿਤਸਰ ਵਿੱਚ ਸੱਤ ਦਿਨ ਥੀਮ ਵਾਲਾ ਹੈ। ਇਸ ਵਿੱਚ ਪਹਿਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ, ਦੂਜੇ ਦਿਨ ਲੰਗਰ ਹਾਲ, ਤੀਜੇ ਦਿਨ ਜਲ੍ਹਿਆਂਵਾਲਾ ਬਾਗ, ਚੌਥੇ ਦਿਨ ਅੰਮ੍ਰਿਤਸਰੀ ਕੁਲਚੇ ਖਾਣਾ ਅਤੇ ਲੱਸੀ ਪੀਣਾ, ਪੰਜਵੇਂ ਦਿਨ ਅਟਾਰੀ-ਵਾਹਗਾ ਸਰਹੱਦ ਦੇਖਣਾ, ਅਤੇ ਛੇਵੇਂ ਦਿਨ ਸ਼ਹਿਰ ਦੀਆਂ ਗਲੀਆਂ ਵਿੱਚ ਘੁੰਮਣਾ ਅਤੇ ਦੁਰਗਿਆਣਾ ਮੰਦਰ ਦੇ ਦਰਸ਼ਨ ਕਰਨਾ ਵਰਗੇ ਦ੍ਰਿਸ਼ ਸ਼ਾਮਲ ਹਨ। ਸੱਤਵੇਂ ਦਿਨ ਦਾ ਦ੍ਰਿਸ਼ ਜਿਸ ਵਿੱਚ ਸੂਰਜ ਚੜ੍ਹਨ ਵੇਲੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਦੇ ਸਮੇਂ ਇੱਕ ਵਿਅਕਤੀ ਨੂੰ ਜੁੱਤੀਆਂ ਪਾ ਕੇ ਪਰਿਕਰਮਾ 'ਚ ਬੈਠਾ ਦਿਖਾਇਆ ਗਿਆ ਹੈ, ਜਿਸ 'ਤੇ ਸਭ ਤੋਂ ਵੱਧ ਇਤਰਾਜ਼ ਜਤਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਕੀਨੀਆ 'ਚ ਹੜ੍ਹਾਂ...

ਕੀਨੀਆ ਰੈਡ ਕਰੌਸ ਨੇ ਦੱਸਿਆ ਕਿ ਦਰਿਆ ਵਿਚ ਵਿਚ ਪਾਣੀ ਦਾ ਪੱਧਰ ਵਧਣ ਮਗਰੋਂ ਘਿਰੀ ਮਿੰਨੀ ਬੱਸ ਵਿਚ ਫਸੇ 11 ਜਣਿਆਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਜਿਨ੍ਹਾਂ ਵਿਚ 2 ਬੱਚੇ ਵੀ ਸ਼ਾਮਲ ਸਨ। ਮੁਲਕ ਦੇ ਇਤਿਹਾਸ ਵਿਚ ਸਭ ਤੋਂ ਤਬਾਹਕੁੰਨ ਕੁਦਰਤੀ ਆਫ਼ਤ ਮੰਨੇ ਜਾ ਰਹੇ ਹੜ੍ਹਾਂ ਕਰ ਕੇ ਬੁਨਿਆਦੀ ਢਾਂਚੇ ਦਾ ਵੱਡਾ ਹੋਇਆ ਹੈ।

ਸੜਕਾਂ ਅਤੇ ਪੁਲ ਰੁੜ੍ਹ ਗਏ ਜਿਨ੍ਹਾਂ ਦੀ ਮੁੜ ਉਸਾਰੀ ਵਿਚ ਕਈ ਮਹੀਨੇ ਲੱਗ ਸਕਦੇ ਹਨ। ਬਿਜਲੀ ਸਪਲਾਈ ਠੱਪ ਹੋ ਗਈ ਅਤੇ ਹੁਣ ਬਿਮਾਰੀਆਂ ਫੈਲਣ ਦਾ ਖਤਰਾ ਮੰਡਰਾਅ ਰਿਹਾ ਹੈ। ਰਾਹਤ ਕਾਮਿਆਂ ਵੱਲੋਂ ਹੜ੍ਹ ਦੇ ਪਾਣੀ ਵਿਚ ਫਸੇ 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪੁੱਜਣ ਵਿਚ ਮਦਦ ਕੀਤੀ ਗਈ ਅਤੇ ਖਾਣ-ਪੀਣ ਵਾਲੀਆਂ ਚੀਜ਼ਾਂ ਸਣੇ ਦਵਾਈਆਂ ਵੰਡਣ ਦਾ ਸਿਲਸਿਲਾ ਜਾਰੀ ਹੈ। ਨੈਰੋਬੀ ਦੇ ਪਾਰਕਲੈਂਡਜ਼ ਇਲਾਕੇ ਵਿਚ ਰਹਿੰਦੇ ਇਕ ਕਾਰੋਬਾਰੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਅੰਦਰ ਪੰਜ ਫੁੱਟ ਤੱਕ ਪਾਣੀ ਦਾਖਲ ਹੋ ਗਿਆ। ਕਈ ਥਾਵਾਂ 'ਤੇ ਕਾਰਾਂ ਪਾਣੀ ਵਿਚ ਰੁੜਦੀਆਂ ਨਜ਼ਰ ਆਈਆਂ। ਭਾਰਤੀ ਮੂਲ ਦੇ ਦਿਨੇਸ਼ ਪਟੇਲ ਨੇ ਦੱਸਿਆ ਕਿ ਉਸ ਨੇ ਪੂਰੀ ਰਾਤ ਛੱਤ 'ਤੇ ਬੈਠ ਕੇ ਕੱਟੀ ਅਤੇ ਰਾਹਤ ਕਾਮਿਆਂ ਦੀ ਕਿਸ਼ਤੀ ਰਾਹੀਂ ਸੁਰੱਖਿਅਤ ਟਿਕਾਣੇ 'ਤੇ ਪੁੱਜਾ। ਰਿਹਾਇਸ਼ੀ ਇਲਾਕਿਆਂ ਵਿਚ ਇਕੱਠਾ ਹੋਇਆ ਮਲਬਾ ਹਟਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂਕਿ ਘਰਾਂ ਵਿਚ ਸਾਫ਼ ਸਫਾਈ ਦੀ ਮੁਹਿੰਮ ਸ਼ੁਰੂ ਕੀਤੀ ਜਾ ਸਕੇ।

## ਗਾਜ਼ਾ ਵਿੱਚ ਇਜ਼ਰਾਈਲੀ...

ਮ੍ਰਿਤਕਾਂ ਵਿੱਚ 30 ਸਾਲ ਦੀ ਉਮਰ ਦਾ ਇੱਕ ਜੋੜਾ ਅਤੇ ਉਨ੍ਹਾਂ ਦਾ 10 ਸਾਲ ਦਾ ਪੁੱਤਰ ਸ਼ਾਮਿਲ ਸੀ। ਹਸਪਤਾਲ ਨੇ ਕਿਹਾ ਕਿ ਔਰਤ ਜੁੜਵਾਂ ਬੱਚਿਆਂ ਨਾਲ ਗਰਭਵਤੀ ਸੀ। ਚੌਥਾ ਮ੍ਰਿਤਕ 15 ਸਾਲਾ ਗੁਆਂਢੀ ਸੀ ਜਿਸਨੂੰ ਨੁਸੀਰਤ ਦੇ ਅਲ-ਅਵਦਾ ਹਸਪਤਾਲ ਲਿਜਾਇਆ ਗਿਆ। ਸਥਾਨਿਕ ਨਿਵਾਸੀ ਮਹਿਮੂਦ ਅਲ-ਮੁਹਤਾਸੇਬ ਨੇ ਕਿਹਾ ਕਿ ਜਦੋਂ ਮਿਜ਼ਾਈਲ ਜ਼ੋਰਦਾਰ ਧਮਾਕੇ ਨਾਲ ਡਿੱਗੀ ਤਾਂ ਉਹ ਸੌਂ ਰਿਹਾ ਸੀ। ਉਨ੍ਹਾਂ ਕਿਹਾ ਕਿ ਹਮਲੇ ਤੋਂ ਪਹਿਲਾਂ ਕੋਈ ਚੇਤਾਵਨੀ ਨਹੀਂ ਦਿੱਤੀ ਗਈ ਸੀ। ਇੱਕ ਹੋਰ ਹਮਲੇ ਵਿੱਚ ਕੇਂਦਰੀ ਗਾਜ਼ਾ ਦੇ ਜ਼ਵੈਦਾ ਸ਼ਹਿਰ ਦੇ ਪ੍ਰਵੇਸ਼ ਦੁਆਰ 'ਤੇ ਸਲਾਹ ਅਲ-ਦੀਨ ਸਟਰੀਟ 'ਤੇ ਜਾ ਰਹੇ ਇੱਕ ਪੁਲਿਸ ਵਾਹਨ ਨੂੰ ਨਿਸ਼ਾਨਾ ਬਣਾਇਆ ਗਿਆ। ਹਮਾਸ-ਨਿਯੰਤਰਿਤ ਗ੍ਰਹਿ ਮੰਤਰਾਲੇ ਦੇ ਅਨੁਸਾਰ, ਹਮਲੇ ਵਿੱਚ ਅੱਠ ਪੁਲਿਸ ਕਰਮਚਾਰੀ ਮਾਰੇ ਗਏ, ਜਿਨ੍ਹਾਂ ਵਿੱਚ ਕੇਂਦਰੀ ਗਾਜ਼ਾ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਕਰਨਲ ਇਯਾਦ ਅਬ ਯੂਸਫ਼ ਵੀ ਸ਼ਾਮਿਲ ਸਨ। ਅਲ-ਅਕਸਾ ਸ਼ਹੀਦ ਹਸਪਤਾਲ ਨੇ ਵੀ ਪੁਸ਼ਟੀ ਕੀਤੀ ਹੈ ਕਿ ਹਮਲੇ ਵਿੱਚ ਅੱਠ ਲੋਕ ਮਾਰੇ ਗਏ ਹਨ ਅਤੇ 14 ਹੋਰ ਜ਼ਖਮੀ ਹੋਏ ਹਨ। ਦੋਵਾਂ ਹਮਲਿਆਂ 'ਤੇ ਇਜ਼ਰਾਈਲੀ ਫੌਜ ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਜੰਗਬੰਦੀ ਦੇ ਬਾਵਜੂਦ ਗਾਜ਼ਾ ਵਿੱਚ ਹਿੰਸਾ ਜਾਰੀ ਹੈ। ਅਕਤੂਬਰ ਵਿੱਚ ਜੰਗਬੰਦੀ ਲਾਗੂ ਹੋਣ ਤੋਂ ਬਾਅਦ ਵੀ, ਇਜ਼ਰਾਈਲੀ ਗੋਲੀਬਾਰੀ ਜਾਂ ਹਵਾਈ ਹਮਲੇ ਲਗਭਗ ਰੋਜ਼ਾਨਾ ਹੀ ਰਿਪੋਰਟ ਕੀਤੇ ਗਏ ਹਨ। ਗਾਜ਼ਾ ਦੇ ਸਿਹਤ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਇਸ ਸਮੇਂ ਦੌਰਾਨ 650 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ।

## ਕੈਨੇਡਾ ਸਰਕਾਰ ਵੱਲੋਂ...

ਖਤਮ ਮੰਨਿਆ ਜਾਵੇਗਾ। ਇਸ ਦਾ ਮਤਲਬ ਹੈ ਕਿ ਉਸਦੀ ਕੈਨੇਡਾ ਵਿਚ ਸੁਰੱਖਿਆ ਦੀ ਲੋੜ ਨਹੀਂ ਰਹੀ ਮੰਨੀ ਜਾਵੇਗੀ। ਕੈਨੇਡਾ ਵਿਚ ਰਹਿੰਦੇ ਕਈ ਰਫਿਊਜੀ ਲੋਕਾਂ ਲਈ ਇਹ ਇੱਕ ਵੱਡਾ ਝਟਕਾ ਹੋ ਸਕਦਾ ਹੈ। ਵਤਨ ਜਾਣ ਤੋਂ ਪਹਿਲਾਂ ਹੁਣ ਲੋਕਾਂ ਨੂੰ ਕਾਨੂੰਨੀ ਸਲਾਹ ਲੈਣੀ ਬਹੁਤ ਜ਼ਰੂਰੀ ਹੋਵੇਗੀ। ਇਸ ਨਿਯਮ ਨਾਲ ਸਰਕਾਰ ਸਿਸਟਮ ਦੇ ਗਲਤ ਇਸਤੇਮਾਲ ਨੂੰ ਰੋਕਣਾ ਚਾਹੁੰਦੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਮੁਤਾਬਕ, ਇਹ ਕਾਨੂੰਨ ਕਾਫੀ ਸਖ਼ਤ ਹੈ।

ਹੁਣ ਰਫਿਊਜੀ ਲਈ ਆਪਣੇ ਦੇਸ਼ ਜਾਣਾ ਬਹੁਤ ਵੱਡਾ ਰਿਸਕ ਬਣ ਗਿਆ ਹੈ। ਹਰ ਕਦਮ ਸੋਚ ਸਮਝ ਕੇ ਅਤੇ ਕਾਨੂੰਨੀ ਮਦਦ ਨਾਲ ਲੈਣਾ ਜ਼ਰੂਰੀ ਹੈ। ਯਾਦ ਰਹੇ ਕਿ ਬੀਤੇ ਵਿਚ ਕੈਨੇਡਾ ਦੇ ਵਿਚ ਪੱਕੇ ਹੋਣ ਦੀ ਸਖ਼ਤੀ ਤੋਂ ਬਾਅਦ ਭਾਰਤੀ ਮੂਲ ਦੇ ਵਿਦਿਆਰਥੀਆਂ ਤੇ ਵਿਅਕਤੀਆਂ ਵੱਲੋਂ ਧੜਾਧੜ ਰਫਿਊਜੀ ਕਲੇਮ ਕੀਤਾ ਜਾ ਰਿਹਾ ਸੀ। ਹੁਣ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਉਹ ਹੋਰ ਮੁਸ਼ਕਲ ਵਿਚ ਘਿਰ ਜਾਣਗੇ।

## ਓਨਟਾਰੀਓ ਸੂਬੇ 'ਚ...

ਪ੍ਰਭਾਵਿਤ ਸ਼੍ਰੇਣੀਆਂ ਵਿੱਚ ਵਿਦੇਸ਼ੀ ਕਰਮਚਾਰੀ, ਨੌਕਰੀ ਦੀ ਪੇਸ਼ਕਸ਼ ਵਾਲਾ ਅੰਤਰਰਾਸ਼ਟਰੀ ਵਿਦਿਆਰਥੀ, ਮੰਗ ਅਨੁਸਾਰ ਹੁਨਰ, ਮਾਸਟਰ ਗ੍ਰੈਜੂਏਟ, ਪੀਐਚਡੀ ਗ੍ਰੈਜੂਏਟ, ਮਨੁੱਖੀ ਪੂੰਜੀ ਤਰਜੀਹਾਂ, ਫ੍ਰੈਂਚ ਬੋਲਣ ਵਾਲਾ ਹੁਨਰਮੰਦ ਵਰਕਰ, ਹੁਨਰਮੰਦ ਵਪਾਰ, ਅਤੇ ਉੱਦਮੀ ਧਾਰਾਵਾਂ ਸ਼ਾਮਲ ਹਨ। ਇਹਨਾਂ ਨੂੰ ਓਨਟਾਰੀਓ ਦੀਆਂ ਕਿਰਤ-ਮਾਰਕੀਟ ਜ਼ਰੂਰਤਾਂ ਅਤੇ ਮਾਲਕ ਤਸਦੀਕ ਜ਼ਰੂਰਤਾਂ ਦੇ ਨਾਲ ਇਕਸਾਰ ਇੱਕ ਨਵੀਂ, ਵਧੇਰੇ ਨਿਸ਼ਾਨਾਬੱਧ ਚੋਣ ਪ੍ਰਣਾਲੀ ਦੁਆਰਾ ਬਦਲਿਆ ਜਾਵੇਗਾ।

## ਕੈਨੇਡਾ ਨੇ ਦੋ ਪੰਜਾਬੀ...

ਸੀਬੀਐਸਏ ਨੇ ਕਿਹਾ ਕਿ ਭਾਰਤੀ ਮੂਲ ਦੇ ਦੋ ਵਿਅਕਤੀਆਂ ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ ਨੂੰ ਹਾਲ ਹੀ ਵਿੱਚ ਕੈਨੇਡਾ ਵਿੱਚ ਜਬਰੀ ਵਸੂਲੀ ਅਤੇ ਸੰਗਠਿਤ ਅਪਰਾਧ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਤੋਂ ਬਾਅਦ ਕੈਨੇਡਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਸੀਬੀਐਸਏ ਦੀ ਰਿਪੋਰਟ ਦੇ ਅਨੁਸਾਰ, ਅਰਸ਼ਦੀਪ ਸਿੰਘ 2022 ਵਿੱਚ ਇੱਕ ਉੱਜਵਲ ਭਵਿੱਖ ਦੇ ਸੁਪਨੇ ਲੈ ਕੇ ਸਟੱਡੀ ਪਰਮਿਟ 'ਤੇ ਕੈਨੇਡਾ ਪਹੁੰਚਿਆ ਸੀ। ਹਾਲਾਂਕਿ, ਉਹ ਜਲਦੀ ਹੀ ਸਥਾਨਕ ਅਪਰਾਧਿਕ ਗਿਰੋਹਾਂ ਵਿੱਚ ਸ਼ਾਮਲ ਹੋ ਗਿਆ। ਸੀਬੀਐਸਏ ਨੇ ਉਸ ਨੂੰ ਨਵੰਬਰ 2025 ਵਿੱਚ ਗ੍ਰਿਫਤਾਰ ਕੀਤਾ। ਜਾਂਚ ਵਿੱਚ ਖੁਲਾਸਾ ਹੋਇਆ ਕਿ ਅਰਸ਼ਦੀਪ ਜਬਰਨ ਵਸੂਲੀ, ਹਥਿਆਰਾਂ ਦੀ ਲੁੱਟ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦਾ ਹਿੱਸਾ ਸੀ।

ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (IRB) ਨੇ ਅਰਸ਼ਦੀਪ ਸਿੰਘ ਨੂੰ "ਜਨਤਕ ਖ਼ਤਰਾ" ਘੋਸ਼ਿਤ ਕੀਤਾ। ਦਸੰਬਰ 2025 ਵਿੱਚ ਉਸ ਦੀ ਗ੍ਰਿਫਤਾਰੀ ਤੋਂ ਬਾਅਦ, ਉਸ ਨੂੰ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਅਤੇ ਸਖ਼ਤ ਸੁਰੱਖਿਆ ਹੇਠ ਕੈਨੇਡਾ ਤੋਂ ਕੱਢ ਦਿੱਤਾ ਗਿਆ। ਇੱਕ ਹੋਰ ਮਾਮਲੇ ਵਿੱਚ, ਸੁਖਨਾਜ਼ ਸਿੰਘ ਸੰਧੂ, ਜੋ ਕਿ 2016 ਤੋਂ ਕੈਨੇਡਾ ਵਿੱਚ ਇੱਕ ਅਸਥਾਈ ਨਿਵਾਸੀ ਵਜੋਂ ਰਹਿ ਰਿਹਾ ਸੀ, ਨੂੰ ਵੀ ਸੰਗਠਿਤ ਅਪਰਾਧ ਵਿੱਚ ਸ਼ਾਮਲ ਪਾਇਆ ਗਿਆ।

ਨਵੰਬਰ 2025 ਵਿੱਚ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਸੰਗਠਿਤ ਅਪਰਾਧ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ ਹਾਲ ਹੀ ਵਿੱਚ ਦੇਸ਼ ਨਿਕਾਲਾ ਦਿੱਤਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਦੋਵੇਂ ਮਾਮਲੇ ਉਨ੍ਹਾਂ ਲੋਕਾਂ ਲਈ ਇੱਕ ਚੇਤਾਵਨੀ ਵਜੋਂ ਕੰਮ ਕਰਦੇ ਜੋ ਅਪਰਾਧ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰਦੇ ਹਨ।

## ਅਮਰੀਕਾ ਦੇ ਹਵਾਈ...

ਕਰ ਕੇ ਗੁੱਸੇ ਦਾ ਇਜ਼ਹਾਰ ਕਰ ਰਹੇ ਹਨ ਅਤੇ ਰਾਸ਼ਟਰਪਤੀ ਡੌਨਲਡ ਟਰੰਪ ਬਾਰੇ ਟਿੱਪਣੀਆਂ ਦਾ ਦੌਰ ਜਾਰੀ ਹੈ ਜਦਕਿ ਕੁਝ ਲੋਕ ਸ਼ਟਡਾਊਨ ਵਾਸਤੇ ਵਿਰੋਧੀ ਧਿਰ ਡੈਮੋਕ੍ਰੈਟਿਕ ਪਾਰਟੀ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਦੀ ਛੁੱਟੀ ਹੋ ਚੁੱਕੀ ਹੈ ਅਤੇ ਨਵੇਂ ਮੰਤਰੀ ਦੀ ਨਿਯੁਕਤੀ ਨੂੰ ਸੈਨੇਟ ਤੋਂ ਪ੍ਰਵਾਨਗੀ ਮਿਲਣੀ ਬਾਕੀ ਹੈ। ਡੀ.ਐਚ.ਐਸ. ਨੂੰ ਆਪਣੇ ਖ਼ਰਚੇ ਚਲਾਉਣ ਲਈ 64 ਅਰਬ ਡਾਲਰ ਦਾ ਪੈਕੇਜ ਲੋੜੀਂਦਾ ਹੈ ਅਤੇ ਈਰਾਨ ਜੰਗ ਵਿਚ ਉਲਝੇ ਟਰੰਪ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੇ। ਡੈਮੋਕ੍ਰੈਟਿਕ ਪਾਰਟੀ ਚਾਹੁੰਦੀ ਹੈ ਕਿ ਇੰਮੀਗ੍ਰੇਸ਼ਨ ਛਾਪਿਆਂ ਵਿਚ ਸ਼ਾਮਲ ਆਈਸ ਏਜੰਟ ਆਪਣੇ ਚਿਹਰਿਆਂ ਤੋਂ ਮਾਸਕ ਹਟਾਉਣ, ਆਈ ਕਾਰਡ ਗਲ ਵਿਚ ਟੰਗੇ ਹੋਣ ਅਤੇ ਨਸਲੀ ਵਿਤਕਰਾ ਮੁਕੰਮਲ ਤੌਰ 'ਤੇ ਤਿਆਗਿਆ ਜਾਵੇ। ਭਾਵੇਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਅਤੇ ਬਾਰਡਰ ਪੈਟਰੋਲ ਵਾਲਿਆਂ ਉਤੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੇ ਸ਼ਟਡਾਊਨ ਦਾ ਅਸਰ ਨਹੀਂ ਪਰ ਹਵਾਈ ਅੱਡਿਆਂ 'ਤੇ ਆਵਾਜਾਈ ਪ੍ਰਭਾਵਤ ਹੋ ਰਹੀ ਹੈ। ਹਵਾਈ ਮੁਸਾਫ਼ਰਾਂ ਨੂੰ 43 ਦਿਨ ਤੱਕ ਜਾਰੀ ਰਿਹਾ ਸ਼ਟਡਾਊਨ ਚੰਗੀ ਤਰ੍ਹਾਂ ਯਾਦ ਹੈ ਜਦੋਂ ਹਜ਼ਾਰਾਂ ਫਲਾਈਟਸ ਰੱਦ ਹੋਈਆਂ ਜਾਂ ਦੇਰ ਨਾਲ ਰਵਾਨਾ ਹੋ ਸਕੀਆਂ।

ਟ੍ਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ ਦੇ 95 ਫ਼ੀ ਸਦੀ ਅਫ਼ਸਰਾਂ ਨੂੰ ਜ਼ਰੂਰੀ ਕਾਮੇ ਮੰਨਿਆ ਗਿਆ ਹੈ ਜਿਸ ਦੇ ਮੱਦੇਨਜ਼ਰ ਬਗੈਰ ਤਨਖਾਹ ਤੋਂ ਵੀ ਉਨ੍ਹਾਂ ਨੂੰ ਕੰਮ ਕਰਨਾ ਹੋਵੇਗਾ। ਉਧਰ, ਸਪ੍ਰਿੰਗ ਬ੍ਰੇਕ ਦੇ ਮੱਦੇਨਜ਼ਰ ਮੁਸਾਫ਼ਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਸ਼ਟਡਾਊਨ ਖ਼ਤਮ ਕੀਤੇ ਬਗੈਰ ਮੁਸਾਫ਼ਰਾਂ ਦੀ ਪ੍ਰੇਸ਼ਾਨੀ ਖ਼ਤਮ ਨਹੀਂ ਹੋ ਸਕਦੀ। ਰਾਸ਼ਟਰਪਤੀ ਡੌਨਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਟ੍ਰਾਂਸਪੋਰਟੇਸ਼ਨ ਸੁਰੱਖਿਆ ਅਫ਼ਸਰਾਂ ਦਾ ਸ਼ੁਕਰੀਆ ਅਦਾ ਕੀਤਾ ਜੋ ਬਗੈਰ ਤਨਖਾਹ ਤੋਂ ਵੀ ਕੰਮ ਕਰ ਰਹੇ ਹਨ। ਟੀ.ਐਸ.ਏ. ਏਜੰਟਾਂ ਦੀ ਸਮੱਸਿਆ ਵਾਸਤੇ ਖੱਬੇ ਪੱਖੀ ਡੈਮੋਕ੍ਰੈਟਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਟਰੰਪ ਨੇ ਕਿਹਾ ਕਿ ਵਿਰੋਧੀ ਧਿਰ ਵਾਲੇ ਕਾਤਲਾਂ ਅਤੇ ਵਿਦੇਸ਼ੀ ਨਸ਼ਾ ਤਸਕਰਾਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਹਨ ਪਰ ਸਰਕਾਰ ਨੂੰ ਉਮੀਦ ਹੈ ਕਿ ਟੀ.ਐਸ.ਏ. ਏਜੰਟਸ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ।

## ਅਮਰੀਕਾ 'ਚ ਫਲਾਈਟਾਂ...

ਏਜੰਟਾਂ ਦੀ ਕਮੀ ਔਕੜਾਂ ਪੈਦਾ ਕਰ ਰਹੀ ਹੈ ਤਾਂ ਦੂਜੇ ਪਾਸੇ ਮੌਸਮ ਨੇ ਵੀ ਕਹਿਰ ਢਾਹ ਦਿਤਾ। ਨਿਊ ਓਰਲੀਨਜ਼ ਇੰਟਰਨੈਸ਼ਨਲ ਏਅਰਪੋਰਟ 'ਤੇ 39 ਫ਼ੀ ਸਦੀ ਸਟਾਫ਼ ਗੈਰ ਹਾਜ਼ਰ ਰਿਹਾ ਜਦਕਿ ਐਟਲਾਂਟਾ ਦੇ ਹਾਰਟਸਫ਼ੀਲਡ ਜੈਕਸਨ ਇੰਟਰਨੈਸ਼ਨਲ ਏਅਰਪੋਰਟ 0ਤੇ 37 ਫ਼ੀ ਸਦੀ ਸਟਾਫ਼ ਗਾਇਬ ਨਜ਼ਰ ਆਇਆ। ਅਮਰੀਕਾ ਦੇ ਮਿਡ ਵੈਸਟ ਰੀਜਨ ਤੋਂ ਈਸਟ ਕੋਸਟ ਤੱਕ ਪਿਛਲੇ ਦਿਨੀਂ ਮੌਸਮ ਦਾ ਮਿਜ਼ਾਜ਼ ਖਰਾਬ ਰਿਹਾ ਅਤੇ ਸ਼ਟਡਾਊਨ ਤੋਂ ਇਲਾਵਾ ਕੁਝ ਥਾਵਾਂ 'ਤੇ ਟੌਰਨੈਡੋ, ਤੂਫ਼ਾਨ ਅਤੇ ਬੇਸਬਾਲ ਦੇ ਆਕਾਰ ਵਾਲੇ ਗੜਿਆਂ ਨੇ ਲੋਕਾਂ ਅੰਦਰ ਘਬਰਾਹਟ ਪੈਦਾ ਕਰ ਦਿਤੀ। ਕਈ ਕਈ ਘੰਟੇ ਪਹਿਲਾਂ ਹਵਾਈ ਅੱਡਿਆਂ 'ਤੇ ਪੁੱਜਣ ਦੇ ਬਾਵਜੂਦ ਮੁਸਾਫ਼ਰਾਂ ਨੂੰ ਸੁਰੱਖਿਆ ਜਾਂਚ ਵਾਸਤੇ ਜੂਝਦੇ ਦੇਖੇ ਜਾ ਸਕਦੇ ਹਨ। ਜਾਰਜ ਬੁਸ਼ ਇੰਟਰਕੌਂਟੀਨੈਂਟਲ ਏਅਰਪੋਰਟ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ ਜਿਥੇ ਮੁਸਾਫ਼ਰਾਂ ਨੂੰ ਫਰਸ਼ 'ਤੇ ਸੌਣ ਲਈ ਮਜਬੂਰ ਹੋਣਾ ਪਿਆ। ਟਿਕਟੌਕ ਵਰਤੋਂਕਾਰ ਵੱਲੋਂ ਪੋਸਟ ਕੀਤੀ ਵੀਡੀਓ ਵਿਚ ਮੁਸਾਫ਼ਰ ਕੰਬਲਾਂ ਅਤੇ ਆਰਜ਼ੀ ਸਿਰਹਾਣਿਆਂ ਦੇ ਸਹਾਰੇ ਆਰਾਮ ਕਰਦੇ ਦੇਖੇ ਗਏ। ਇਸੇ ਦੌਰਾਨ ਹਿਊਸਟਨ ਹਵਾਈ ਅੱਡੇ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਮੌਸਮ ਦੀ ਖਰਾਬੀ ਕਰ ਕੇ ਹਵਾਈ ਸਫ਼ਰ ਪ੍ਰਭਾਵਤ ਹੁੰਦਾ ਹੈ ਤਾਂ ਮੁਸਾਫ਼ਰਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਏਅਰਲਾਈਨਜ਼ ਦੀ ਬਣ ਜਾਂਦੀ ਹੈ। ਜਿਥੇ ਲੋਕ ਸੁੱਤੇ ਨਜ਼ਰ ਆਏ, ਉਹ ਇਲਾਕਾ ਯੂਨਾਈਟਡ ਏਅਰਲਾਈਨਜ਼ ਨੇ ਲੀਜ਼ 'ਤੇ ਲਿਆ। ਉਧਰ ਯੂਨਾਈਟਡ ਏਅਰਲਾਈਨਜ਼ ਨੇ ਕਿਹਾ ਕਿ ਤੇਜ਼ ਹਵਾਵਾਂ ਦੇ ਮੱਦੇਨਜ਼ਰ ਹੋਟੈਲਜ਼ ਵਿਚ 700 ਤੋਂ ਵੱਧ ਕਮਰੇ ਬੁੱਕ ਕੀਤੇ ਗਏ ਪਰ ਇਸ ਦੇ ਨਾਲ ਹੀ ਹਵਾਈ ਅੱਡੇ 'ਤੇ ਵੀ ਪ੍ਰਬੰਧ ਕਰਨੇ ਲਾਜ਼ਮੀ ਹੋ ਗਏ। ਮੰਗਲਵਾਰ ਬਾਅਦ ਦੁਪਹਿਰ ਲੌਡਰਡੇਲ ਇੰਟਰਨੈਸ਼ਨਲ ਏਅਰਪੋਰਟ ਦੀਆਂ ਤਸਵੀਰਾਂ ਸਾਹਮਣੇ ਆਈਆਂ ਜਿਥੇ ਮੁਸਾਫ਼ਰ ਬੇਹੱਦ ਖੱਜਲ ਖੁਆਰ ਹੋਏ। ਅਮਰੀਕਾ ਦੇ ਪ੍ਰਸਿੱਧ ਗਾਇਕਾ ਕੈਲੀ ਪ੍ਰਾਈਸ ਵੀ ਓਰਲੈਂਡੋ ਤੋਂ ਕੋਲੋਰਾਡੋ ਜਾਣ ਵੇਲੇ ਹਵਾਈ ਅੱਡੇ 'ਤੇ ਫਸ ਗਈ ਅਤੇ ਭੁੰਜੇ ਸੌਂ ਕੇ ਰਾਤ ਕੱਟੀ। ਡੈਨਵਰ ਇੰਟਰਨੈਸ਼ਨਲ ਏਅਰਪੋਰਟ ਦਾ ਜ਼ਿਕਰ ਕੀਤਾ ਜਾਵੇ ਤਾਂ ਪ੍ਰਬੰਧਕਾਂ ਵੱਲੋਂ ਲੋਕਾਂ ਨੂੰ 10 ਡਾਲਰ ਅਤੇ 20 ਡਾਲਰ ਦੇ ਗਿਫ਼ਟ ਕਾਰਡ ਭੇਜਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂਕਿ ਮੁਲਾਜ਼ਮਾਂਦੀ ਮਦਦ ਕੀਤੀ ਜਾ ਸਕੇ। ਐਟਲਾਂਟਾ ਸਿਟੀ ਵੱਲੋਂ ਵੀ ਬਗੈਰ ਤਨਖਾਹ ਤੋਂ ਗੁਜ਼ਾਰਾ ਚਲਾ ਰਹੇ ਟ੍ਰਾਂਸਪੋਰਟ ਸਕਿਉਰਿਟੀ ਏਜੰਟਸ ਵਾਸਤੇ ਆਰਥਿਕ ਮਦਦ ਦਾ ਸੱਦਾ ਦਿਤਾ ਗਿਆ ਹੈ।

# ਕਤਰ ਦੇ ਸਭ ਤੋਂ ਵੱਡੇ ਗੈਸ ਪਲਾਂਟ 'ਤੇ ਇਰਾਨ ਨੇ ਕੀਤਾ ਹਮਲਾ

ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 20ਵਾਂ ਦਿਨ ਹੈ। ਈਰਾਨ ਨੇ ਬੁੱਧਵਾਰ ਰਾਤ ਨੂੰ ਕਤਰ ਦੇ ਸਭ ਤੋਂ ਵੱਡੇ ਗੈਸ ਪਲਾਂਟ, ਰਾਸ ਲਾਫਾਨ 'ਤੇ ਮਿਜ਼ਾਈਲ ਹਮਲਾ ਕੀਤਾ। ਇਸ ਹਮਲੇ ਕਾਰਨ ਅੱਗ ਲੱਗ ਗਈ ਅਤੇ ਭਾਰੀ ਨੁਕਸਾਨ ਹੋਇਆ, ਅਤੇ ਐਮਰਜੈਂਸੀ ਟੀਮਾਂ ਨੂੰ ਤੁਰੰਤ ਇਸ 'ਤੇ ਕਾਬੂ ਪਾਉਣ ਲਈ ਭੇਜਿਆ ਗਿਆ।

ਕਤਰ ਨੇ ਇਸ ਹਮਲੇ ਲਈ ਈਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਕਤਰ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਈਰਾਨ ਨੇ ਨਾਗਰਿਕਾਂ ਅਤੇ ਮਹੱਤਵਪੂਰਨ ਸਥਾਨਾਂ ਨੂੰ ਨਿਸ਼ਾਨਾ ਬਣਾ ਕੇ "ਇੱਕ ਲਾਲ ਰੇਖਾ ਪਾਰ ਕੀਤੀ"। ਕਤਰ ਨੇ ਕਿਹਾ ਕਿ ਅਜਿਹੇ ਹਮਲੇ ਪੂਰੇ ਖੇਤਰ ਵਿੱਚ ਸਥਿਤੀ ਨੂੰ ਹੋਰ ਵਿਗਾੜ ਸਕਦੇ ਹਨ, ਅਤੇ ਇਸ ਲਈ, ਸਾਰੇ ਦੇਸ਼ਾਂ ਨੂੰ ਤਣਾਅ ਘਟਾਉਣ ਅਤੇ ਸ਼ਾਂਤੀ ਬਣਾਈ ਰੱਖਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ, ਈਰਾਨ ਦੇ ਨਵੇਂ ਸੁਪਰੀਮ ਲੀਡਰ, ਮੋਜਤਬਾ ਖਮੇਨੀ ਨੇ ਸੁਰੱਖਿਆ ਮੁਖੀ ਅਲੀ ਲਾਰੀਜਾਨੀ ਦੀ ਹੱਤਿਆ ਦਾ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਖਮੇਨੀ ਨੇ ਚੇਤਾਵਨੀ ਦਿੱਤੀ ਕਿ "ਹਰ ਖੂਨ ਦੀ ਇੱਕ ਕੀਮਤ ਹੁੰਦੀ ਹੈ।"

# 'ਧੁਰੰਧਰ 2': ਰਣਵੀਰ ਸਿੰਘ ਦੇ ਸਿੱਖ ਕਿਰਦਾਰ ਦੇ ਸਿਗਰਟਨੋਸ਼ੀ ਵਾਲੇ ਦ੍ਰਿਸ਼ 'ਤੇ ਸਿੱਖਾਂ 'ਚ ਭਾਰੀ ਰੋਸ




ਮੁੰਬਈ: ਕੀ ਧੁਰੰਧਰ 2 ਰਿਲੀਜ਼ ਹੋਣ ਤੋਂ ਪਹਿਲਾਂ ਕਾਨੂੰਨੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ? ਰਣਵੀਰ ਸਿੰਘ ਦੇ ਸਿੱਖ ਕਿਰਦਾਰ ਦੇ ਸਿਗਰਟਨੋਸ਼ੀ ਵਾਲੇ ਦ੍ਰਿਸ਼ ਨੇ ਵਿਵਾਦ ਛੇੜ ਦਿੱਤਾ ਹੈ। ਇਸਦੇ ਨਾਲ ਹੀ ਪ੍ਰਸ਼ੰਸਕਾਂ ਦਾ ਕਹਿਣਾ ਹੈ ਕਿ ਇਹ ਇੱਕ AI ਜਨਰੇਟਡ ਪੋਸਟਰ ਹੈ।


ਰਣਵੀਰ ਸਿੰਘ ਦੀ ਫ਼ਿਲਮ 'ਧੁਰੰਧਰ-2: ਦਿ ਰਿਵੈਂਜ' ਦਾ ਪ੍ਰੀਮੀਅਰ ਸ਼ੋਅ ਭਲਕੇ ਵੀਰਵਾਰ ਨੂੰ ਹੋਣਾ ਤੈਅ ਹੈ। ਇਹ ਫ਼ਿਲਮ 19 ਮਾਰਚ ਨੂੰ ਰਿਲੀਜ਼ ਹੋਣੀ ਹੈ ਪਰ ਉਸ ਤੋਂ ਦੋ ਦਿਨ ਪਹਿਲਾਂ ਇਹ ਫ਼ਿਲਮ ਵੱਡੇ ਵਿਵਾਦਾਂ 'ਚ ਘਿਰ ਗਈ ਹੈ। ਕੁਝ ਸਿੱਖਾਂ ਨੇ ਇਸ ਫ਼ਿਲਮ ਉਤੇ ਗੰਭੀਰ ਇਤਰਾਜ਼ ਕੀਤੇ ਹਨ।

ਰਣਵੀਰ ਸਿੰਘ ਨੇ ਇਸ ਫ਼ਿਲਮ ਵਿੱਚ ਜਸਕੀਰਤ ਸਿੰਘ ਰੰਗੀ ਨਾਂਅ ਦੇ ਵਿਅਕਤੀ ਦਾ ਕਿਰਦਾਰ ਨਿਭਾਇਆ ਹੈ। ਹੁਣ ਇਸ ਫ਼ਿਲਮ ਦੇ ਨਿਰਮਾਤਾਵਾਂ, ਅਦਾਕਾਰ ਤੇ ਹੋਰ ਸਬੰਧਿਤ ਵਿਅਕਤੀਆਂ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਸਿੱਖਾਂ ਨੂੰ ਉਨ੍ਹਾਂ ਦ੍ਰਿਸ਼ਾਂ ਤੇ ਪ੍ਰਚਾਰ ਸਮੱਗਰੀ ਉਤੇ ਇਤਰਾਜ਼ ਹੈ, ਜਿਨ੍ਹਾਂ ਵਿੱਚ ਸਿੱਖ ਕਿਰਦਾਰ ਭਾਵ ਰਣਵੀਰ ਸਿੰਘ ਨੂੰ ਸਿਗਰਟਨੋਸ਼ੀ ਕਰਦੇ ਵਿਖਾਇਆ ਗਿਆ ਹੈ।

ਨਿਹੰਗ ਸਿੰਘਾਂ ਨੇ ਵੀ ਫਿਲਮ ਦੇ ਨਿਰਮਾਤਾ ਤੇ ਅਦਾਕਾਰ ਨੂੰ ਚੇਤਾਵਨੀ ਦਿੱਤੀ ਹੈ। ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਇਸ ਚਿੱਤਰਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਭ ਅਪਮਾਨਜਨਕ ਹੈ ਅਤੇ ਸਿੱਖ ਧਾਰਮਿਕ ਵਿਸ਼ਵਾਸਾਂ ਦੇ ਵਿਰੁੱਧ ਹੈ। ਸਿੱਖ ਧਰਮ ਵਿੱਚ ਤੰਮਾਕੂ ਦੀ ਵਰਤੋਂ ਉਤੇ ਸਖ਼ਤੀ ਨਾਲ ਮਨਾਹੀ ਹੈ। ਇਸੇ ਲਈ ਫ਼ਿਲਮ ਵਿੱਚ ਅਜਿਹੇ ਚਿੱਤਰਣ ਨੂੰ ਬਹੁਤ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਮੰਨਿਆ ਗਿਆ ਹੈ।

ਰਿਪੋਰਟਾਂ ਅਨੁਸਾਰ, ਕਾਨੂੰਨੀ ਨੋਟਿਸ ਸਿੱਖ ਭਾਈਚਾਰੇ ਦੇ ਇੱਕ ਮੈਂਬਰ ਦੁਆਰਾ ਦਾਇਰ ਕੀਤਾ ਗਿਆ ਹੈ ਅਤੇ ਇਹ ਫਿਲਮ ਨਿਰਮਾਤਾਵਾਂ, ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਸੰਬੋਧਿਤ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਦ੍ਰਿਸ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ ਅਤੇ ਸਿੱਖ ਭਾਈਚਾਰੇ ਨੂੰ ਨਕਾਰਾਤਮਕ ਤਰੀਕੇ ਨਾਲ ਦਰਸਾਉਂਦੇ ਹਨ। ਸ਼ਿਕਾਇਤਕਰਤਾਵਾਂ ਨੇ ਕਈ ਮੰਗਾਂ ਕੀਤੀਆਂ ਹਨ। ਉਨ੍ਹਾਂ ਨੇ ਸਿੱਖ ਪਾਤਰ ਨੂੰ ਸਿਗਰਟਨੋਸ਼ੀ ਕਰਦੇ ਦਿਖਾਏ ਗਏ ਸਾਰੇ ਦ੍ਰਿਸ਼ਾਂ ਨੂੰ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਟ੍ਰੇਲਰ ਅਤੇ ਪੋਸਟਰਾਂ ਵਰਗੀਆਂ ਪ੍ਰਚਾਰ ਸਮੱਗਰੀਆਂ ਵਿੱਚ ਬਦਲਾਅ ਦੀ ਵੀ ਮੰਗ ਕੀਤੀ ਹੈ। ਇਸ ਦੇ ਨਾਲ, ਉਨ੍ਹਾਂ ਨੇ ਫਿਲਮ ਨਿਰਮਾਤਾਵਾਂ ਤੋਂ ਜਨਤਕ ਤੌਰ ਉਤੇ ਮੁਆਫ਼ੀ ਮੰਗਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸਬੰਧਤ ਵਿਅਕਤੀਆਂ ਨੂੰ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ (ਦਿੱਲੀ ਰਾਜ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਇੱਕ ਜਨਤਕ ਬਿਆਨ ਰਾਹੀਂ ਚਿੰਤਾ ਪ੍ਰਗਟ ਕੀਤੀ ਹੈ। ਇਸ ਸਮੇਂ, ਧੁਰੰਧਰ 2 ਦੀ ਰਿਲੀਜ਼ ਵਿੱਚ ਦੇਰੀ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੈ। ਫਿਲਮ ਦੀ ਐਡਵਾਂਸ ਬੁਕਿੰਗ ਪਹਿਲਾਂ ਹੀ ਜ਼ੋਰਾਂ 'ਤੇ ਚੱਲ ਰਹੀ ਹੈ, ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਇਸ ਬਾਰੇ ਬਹੁਤ ਚਰਚਾ ਹੈ।

# ਟਰੰਪ ਨੇ ਹੋਰਮੁਜ਼ ਜਲਡਮਰੂ 'ਤੇ ਸਹਿਯੋਗੀਆਂ ਨੂੰ ਦਿੱਤੀ ਚੇਤਾਵਨੀ, ਨਾਟੋ ਦਾ ਭਵਿੱਖ ਬਹੁਤ ਮਾੜਾ ਹੋਵੇਗਾ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਾਟੋ ਦੇ ਭਵਿੱਖ ਬਾਰੇ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਹੈ। ਇੱਕ ਗੁਪਤ ਚੇਤਾਵਨੀ ਵਿੱਚ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਜੇਕਰ ਮੈਂਬਰ ਦੇਸ਼ ਹੋਰਮੁਜ਼ ਜਲਡਮਰੂ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਨਹੀਂ ਕਰਦੇ ਹਨ, ਤਾਂ ਗੱਠਜੋੜ ਦਾ ਭਵਿੱਖ ਭਿਆਨਕ ਹੋ ਸਕਦਾ ਹੈ। ਇਕ ਇੰਟਰਵਿਊ ਵਿੱਚ ਰਾਸ਼ਟਰਪਤੀ ਨੇ ਇਸ ਰਣਨੀਤਕ ਸਮੁੰਦਰੀ ਰਸਤੇ ਬਾਰੇ ਯੂਰਪੀ ਸਹਿਯੋਗੀਆਂ ਨੂੰ ਸਿੱਧਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਲ ਮਾਰਗ ਤੋਂ ਲਾਭ ਪ੍ਰਾਪਤ ਕਰਨ ਵਾਲੇ ਦੇਸ਼ਾਂ ਨੂੰ ਇਸਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਸਾਂਝੀ ਕਰਨੀ ਚਾਹੀਦੀ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਇਹ ਬਿਲਕੁਲ ਢੁਕਵਾਂ ਹੈ ਕਿ ਜਿਨ੍ਹਾਂ ਨੂੰ ਇਸ ਜਲਡਮਰੂ ਤੋਂ ਲਾਭ ਹੁੰਦਾ ਹੈ, ਉਹ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਕਿ ਉੱਥੇ ਕੁਝ ਵੀ ਬੁਰਾ ਨਾ ਵਾਪਰੇ।" ਉਨ੍ਹਾਂ ਚੇਤਾਵਨੀ ਦਿੱਤੀ, "ਜੇਕਰ ਕੋਈ ਜਵਾਬ ਨਹੀਂ ਮਿਲਦਾ, ਜਾਂ ਜੇ ਜਵਾਬ ਨਕਾਰਾਤਮਕ ਹੁੰਦਾ ਹੈ, ਤਾਂ ਮੈਨੂੰ ਲੱਗਦਾ ਹੈ ਕਿ ਇਹ ਨਾਟੋ ਦੇ ਭਵਿੱਖ ਲਈ ਬਹੁਤ ਮਾੜਾ ਹੋਵੇਗਾ।"

ਟਰੰਪ ਨੇ ਰੂਸ ਨਾਲ ਟਕਰਾਅ ਦੌਰਾਨ ਯੂਕਰੇਨ ਨੂੰ ਪਿਛਲੀ ਅਮਰੀਕੀ ਸਹਾਇਤਾ ਦਾ ਹਵਾਲਾ ਦਿੰਦੇ ਹੋਏ ਇੱਕ ਤੁਲਨਾ ਕੀਤੀ। ਉਨ੍ਹਾਂ ਕਿਹਾ, "ਸਾਨੂੰ ਯੂਕਰੇਨ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਜ਼ਰੂਰਤ ਨਹੀਂ ਸੀ।"ਹੁਣ ਅਸੀਂ ਦੇਖਾਂਗੇ ਕਿ ਕੀ ਉਹ ਸਾਡੀ ਮਦਦ ਕਰਦੇ ਹਨ, ਕਿਉਂਕਿ ਮੈਂ ਬਹੁਤ ਸਮੇਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਅਸੀਂ ਹਮੇਸ਼ਾ ਉਨ੍ਹਾਂ ਲਈ ਮੌਜੂਦ ਰਹਾਂਗੇ, ਪਰ ਉਹ ਸਾਡੇ ਲਈ ਮੌਜੂਦ ਨਹੀਂ ਰਹਿਣਗੇ।" ਸਹਾਇਤਾ ਦੀ ਪ੍ਰਕਿਰਤੀ ਬਾਰੇ ਪੁੱਛੇ ਜਾਣ 'ਤੇ, ਟਰੰਪ ਨੇ ਸੰਕੇਤ ਦਿੱਤਾ ਕਿ ਉਹ ਉਮੀਦ ਕਰਦੇ ਹਨ ਕਿ ਜੋ ਵੀ ਲੋੜੀਂਦਾ ਹੋਵੇਗਾ, ਜਿਸ ਵਿੱਚ ਖੇਤਰ ਵਿੱਚ ਮਾਈਨਸਵੀਪਰਾਂ ਦੀ ਤਾਇਨਾਤੀ ਵੀ ਸ਼ਾਮਿਲ ਹੈ।

ਟਰੰਪ ਨੇ ਕਿਹਾ ਅਸੀਂ ਹਮੇਸ਼ਾ ਨਾਟੋ ਲਈ ਮੌਜੂਦ ਹੁੰਦੇ ਹਾਂ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕਿਹੜਾ ਦੇਸ਼ ਸਾਡੀ ਬਹੁਤ ਛੋਟੀ ਜਿਹੀ ਕੋਸ਼ਿਸ਼ ਵਿੱਚ ਮਦਦ ਨਹੀਂ ਕਰੇਗਾ, ਜੋ ਕਿ ਇਸ ਜਲਡਮਰੂ ਨੂੰ ਖੁੱਲ੍ਹਾ ਰੱਖਣਾ ਹੈ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਸਹਿਯੋਗੀ ਈਰਾਨੀ ਤੱਟ ਤੋਂ ਪੈਦਾ ਹੋਣ ਵਾਲੇ ਖਤਰਿਆਂ ਨੂੰ ਬੇਅਸਰ ਕਰਨ ਵਿੱਚ ਮਦਦ ਕਰ ਸਕਦੇ ਹਨ। ਉਹ ਖਾੜੀ ਖੇਤਰ ਵਿੱਚ ਜਲ ਸੈਨਾ ਦੀਆਂ ਬਾਰੂਦੀ ਸੁਰੰਗਾਂ ਅਤੇ ਡਰੋਨਾਂ ਦੀ ਵਰਤੋਂ ਕਰਨ ਵਾਲੀਆਂ ਈਰਾਨੀ ਇਕਾਈਆਂ ਦਾ ਹਵਾਲਾ ਦੇ ਰਿਹਾ ਸੀ।

REXDALE
Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash
Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation
done by Professionals
FREE
Shop at
Home
Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and
Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ
ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼
ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT
Batteries
1000c
Under
Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine,
Transmission, Differential Rebuilt
& all kind of Electric work.
Ph: 905-625-0055, 416-624-8351
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
1715 Sismet Road, Mississauga, ON. L4W 1P9
ਅਸੀਂ Chevron & Delo
ਦਾ ਤੇਲ ਹੀ ਵਰਤਦੇ ਹਾਂ
Chevron Delo
open
7 Days
a Week.
www.besttruckrepairandtire.ca

# ਇਰਾਨ 'ਚ ਦੁਨੀਆ ਦੇ ਸਭ ਤੋਂ ਵੱਡੇ ਕੁਦਰਤੀ ਗੈਸ ਫੀਲਡ 'ਤੇ ਹਮਲਾ



ਇਜ਼ਰਾਈਲ ਅਤੇ ਇਰਾਨ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੇ ਹੁਣ ਪੂਰੀ ਦੁਨੀਆ ਦੇ ਊਰਜਾ ਬਾਜ਼ਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਜ਼ਰਾਈਲ ਵੱਲੋਂ ਇਰਾਨ ਦੇ ਖੁਫੀਆ ਮੰਤਰੀ ਦੀ ਹੱਤਿਆ ਅਤੇ ਦੁਨੀਆ ਦੇ ਸਭ ਤੋਂ ਵੱਡੇ 'ਸਾਊਥ ਪਾਰਸ' ਕੁਦਰਤੀ ਗੈਸ ਫੀਲਡ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਇਰਾਨ ਨੇ ਵੱਡੀ ਜਵਾਬੀ ਕਾਰਵਾਈ ਕੀਤੀ ਹੈ। ਇਰਾਨੀ ਮਿਜ਼ਾਈਲਾਂ ਨੇ ਕਤਰ ਦੇ 'ਰਾਸ ਲਫਾਨ' ਐਲ.ਐਨ.ਜੀ. ਪਲਾਂਟ ਅਤੇ ਸੰਯੁਕਤ ਅਰਬ ਅਮੀਰਾਤ (UAE) ਦੇ 'ਹਬਸ਼ਾਨ' ਗੈਸ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ, ਜਿਸ ਕਾਰਨ ਉੱਥੇ ਭਿਆਨਕ ਅੱਗ ਲੱਗ ਗਈ ਅਤੇ ਉਤਪਾਦਨ ਪੂਰੀ ਤਰ੍ਹਾਂ ਠੱਪ ਹੋ ਗਿਆ। ਇਸ ਤਣਾਅ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 5 ਫੀਸਦ ਤੋਂ ਵਧ ਕੇ 108 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਹਮਲੇ ਨਾ ਰੁਕੇ ਤਾਂ ਇਸ ਦੇ ਨਤੀਜੇ ਪੂਰੀ ਦੁਨੀਆ ਨੂੰ ਭੁਗਤਣੇ ਪੈਣਗੇ।

ਦੂਜੇ ਪਾਸੇ, ਜੰਗ ਦੇ ਮੈਦਾਨ ਵਿੱਚ ਇਜ਼ਰਾਈਲ ਨੇ ਇਰਾਨੀ ਲੀਡਰਸ਼ਿਪ 'ਤੇ ਹਮਲੇ ਤੇਜ਼ ਕਰ ਦਿੱਤੇ ਹਨ, ਜਿਸ ਵਿੱਚ ਕਈ ਚੋਟੀ ਦੇ ਇਰਾਨੀ ਅਧਿਕਾਰੀ ਮਾਰੇ ਗਏ ਹਨ। ਜਵਾਬ ਵਿੱਚ ਇਰਾਨ ਨੇ ਇਜ਼ਰਾਈਲ 'ਤੇ ਮਲਟੀਪਲ-ਵਾਰਹੈੱਡ ਮਿਜ਼ਾਈਲਾਂ ਦਾਗੇ ਹਨ, ਜਿਨ੍ਹਾਂ ਵਿੱਚੋਂ ਇੱਕ ਕਲਸਟਰ ਮਿਜ਼ਾਈਲ ਪਹਿਲੀ ਵਾਰ ਪੱਛਮੀ ਕੰਢੇ (West Bank) ਵਿੱਚ ਜਾ ਡਿੱਗੀ, ਜਿੱਥੇ ਤਿੰਨ ਲੋਕਾਂ ਦੀ ਮੌਤ ਹੋ ਗਈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਥਿਤੀ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਤੇਲ ਦੀ ਸਪਲਾਈ ਬਰਕਰਾਰ ਰੱਖਣ ਲਈ ਵੈਨੇਜ਼ੁਏਲਾ 'ਤੇ ਲੱਗੀਆਂ ਪਾਬੰਦੀਆਂ ਵਿੱਚ ਢਿੱਲ ਦਿੱਤੀ ਹੈ। ਇਸ ਦੌਰਾਨ, ਲਿਬਨਾਨ ਵਿੱਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ 'ਤੇ ਹੋਈ ਇਜ਼ਰਾਇਲੀ ਬੰਬਾਰੀ ਕਾਰਨ ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਦੋਵਾਂ ਪਾਸਿਆਂ ਤੋਂ ਫੌਜੀ ਤੇ ਨਾਗਰਿਕ ਮੌਤਾਂ ਦਾ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ।

# 2 ਲੱਖ ਟਰੱਕ ਡਰਾਈਵਰ ਗੁਆਉਣਗੇ ਆਪਣਾ ਕਮਰਸ਼ੀਅਲ ਲਾਇਸੰਸਾਂ



ਵਾਸ਼ਿੰਗਟਨ : ਅਮਰੀਕਾ 'ਚ ਟਰੱਕਿੰਗ ਉਦਯੋਗ ਨਾਲ ਜੁੜੀ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੇ ਜਾ ਰਹੇ ਨਵੇਂ ਨਿਯਮਾਂ ਦੇ ਤਹਿਤ ਕਈ ਪ੍ਰਵਾਸੀ ਟਰੱਕ ਚਾਲਕਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਪ੍ਰਭਾਵਿਤ ਹੋ ਸਕਦੇ ਹਨ। ਇਹ ਨਿਯਮ ਸੋਮਵਾਰ ਤੋਂ ਲਾਗੂ ਹੋਣ ਦੀ ਗੱਲ ਕਹੀ ਜਾ ਰਹੀ ਹੈ ਅਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਲਗਭਗ ਦੋ ਲੱਖ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੈਂਸ ਦੀ ਮਿਆਦ ਖਤਮ ਹੋਣ ਜਾਂ ਨਵੀਆਂ ਪਾਬੰਦੀਆਂ ਕਾਰਨ ਉਨ੍ਹਾਂ ਦੀ ਨਵੀਨੀਕਰਨ ਪ੍ਰਕਿਰਿਆ ਮੁਸ਼ਕਿਲ ਹੋ ਸਕਦੀ ਹੈ।

ਜਾਣਕਾਰੀ ਮੁਤਾਬਕ, ਨਵੇਂ ਨਿਯਮਾਂ ਦੇ ਅਧੀਨ ਉਹ ਪ੍ਰਵਾਸੀ ਜੋ ਸ਼ਰਨ ਮੰਗਣ ਵਾਲੇ (Asylum Seekers), ਸ਼ਰਨਾਰਥੀ (ਰਫਿਊਜ਼ੀ) ਜਾਂ DACA (Deferred Action for Childhood Arrivals) ਦੇ ਤਹਿਤ ਅਮਰੀਕਾ ਵਿਚ ਰਹਿ ਰਹੇ ਹਨ, ਉਨ੍ਹਾਂ ਲਈ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਜਾਂ ਨਵੀਨੀਕਰਨ ਕਰਵਾਉਣਾ ਹੋਰ ਕੜੀਆਂ ਸ਼ਰਤਾਂ ਦੇ ਅਧੀਨ ਕੀਤਾ ਜਾ ਸਕਦਾ ਹੈ।

ਇਹ ਫੈਸਲਾ ਉਸ ਸਮੇਂ ਆਇਆ ਹੈ, ਜਦੋਂ ਪਿਛਲੇ ਕੁਝ ਸਮੇਂ ਦੌਰਾਨ ਕੁਝ ਹਾਈ-ਪ੍ਰੋਫਾਈਲ ਟਰੱਕ ਹਾਦਸਿਆਂ ਤੋਂ ਬਾਅਦ ਟਰੱਕਿੰਗ ਉਦਯੋਗ ਵਿਚ ਸੁਰੱਖਿਆ ਮਾਪਦੰਡਾਂ ਨੂੰ ਹੋਰ ਸਖ਼ਤ ਕਰਨ ਦੀ ਮੰਗ ਵੱਧ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਡਰਾਈਵਿੰਗ ਮਿਆਰਾਂ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਹੈ।

ਦੂਜੇ ਪਾਸੇ, ਟਰੱਕਿੰਗ ਉਦਯੋਗ ਨਾਲ ਜੁੜੀਆਂ ਕਈ ਸੰਸਥਾਵਾਂ ਨੇ ਇਸ ਨੀਤੀ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਪਹਿਲਾਂ ਹੀ ਟਰੱਕ ਡਰਾਈਵਰਾਂ ਦੀ ਕਮੀ ਹੈ ਅਤੇ ਜੇਕਰ ਵੱਡੀ ਗਿਣਤੀ 'ਚ ਪ੍ਰਵਾਸੀ ਡਰਾਈਵਰ ਉਦਯੋਗ ਤੋਂ ਬਾਹਰ ਹੋ ਜਾਂਦੇ ਹਨ, ਤਾਂ ਇਸ ਨਾਲ ਸਮਾਨ ਦੀ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਦਾ ਸਿੱਧਾ ਅਸਰ ਫਰੇਟ ਰੇਟਾਂ ਅਤੇ ਮਾਲ ਦੀ ਕੀਮਤਾਂ 'ਤੇ ਵੀ ਪੈ ਸਕਦਾ ਹੈ। ਮਾਹਿਰਾਂ ਦੇ ਮੁਤਾਬਕ, ਅਮਰੀਕਾ ਵਿਚ ਕਮਰਸ਼ੀਅਲ ਲਾਇਸੈਂਸ ਰੱਖਣ ਵਾਲੇ ਪ੍ਰਵਾਸੀ ਡਰਾਈਵਰ ਕੁੱਲ ਡਰਾਈਵਰਾਂ ਦਾ ਤਕਰੀਬਨ ਪੰਜ ਪ੍ਰਤੀਸ਼ਤ ਹਨ। ਇਹ ਡਰਾਈਵਰ ਦੇਸ਼ ਭਰ ਵਿਚ ਭੋਜਨ ਸਮੱਗਰੀ ਤੋਂ ਲੈ ਕੇ ਭਾਰੀ ਮਸ਼ੀਨਰੀ ਤੱਕ ਦੀ ਢੁਆਈ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇਸ ਦੇ ਨਾਲ ਹੀ ਪਹਿਲਾਂ ਹੀ ਇੱਕ ਹੋਰ ਨਿਯਮ ਵੀ ਲਾਗੂ ਕੀਤਾ ਗਿਆ ਸੀ, ਜਿਸ ਦੇ ਅਧੀਨ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਬੁਨਿਆਦੀ ਸਮਝ ਲਾਜ਼ਮੀ ਕਰ ਦਿੱਤੀ ਗਈ ਸੀ, ਤਾਂ ਜੋ ਉਹ ਸੜਕਾਂ 'ਤੇ ਲੱਗੇ ਟ੍ਰੈਫਿਕ ਸਾਈਨਾਂ ਅਤੇ ਨਿਯਮਾਂ ਨੂੰ ਠੀਕ ਤਰੀਕੇ ਨਾਲ ਸਮਝ ਸਕਣ।

ਸਰਕਾਰ ਦਾ ਕਹਿਣਾ ਹੈ ਕਿ ਇਹ ਸਾਰੇ ਕਦਮ ਜਨਤਾ ਦੀ ਸੁਰੱਖਿਆ ਅਤੇ ਸੜਕਾਂ 'ਤੇ ਬਿਹਤਰ ਡਰਾਈਵਿੰਗ ਮਿਆਰਾਂ ਲਈ ਲਏ ਜਾ ਰਹੇ ਹਨ, ਜਦਕਿ ਟਰੱਕਿੰਗ ਉਦਯੋਗ ਨਾਲ ਜੁੜੇ ਕਈ ਵਪਾਰਕ ਗਰੁੱਪ ਇਸ ਨੀਤੀ ਦੇ ਆਰਥਿਕ ਪ੍ਰਭਾਵਾਂ ਨੂੰ ਲੈ ਕੇ ਚਿੰਤਾ ਜਤਾ ਰਹੇ ਹਨ।

ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਇਹ ਨਵੇਂ ਨਿਯਮ ਟਰੱਕਿੰਗ ਉਦਯੋਗ ਅਤੇ ਪ੍ਰਵਾਸੀ ਡਰਾਈਵਰਾਂ ਦੀ ਜ਼ਿੰਦਗੀ 'ਤੇ ਕਿੰਨਾ ਅਸਰ ਪਾਂਦੇ ਹਨ।

# ਸਾਬਕਾ MLA ਜੱਸੀ ਖੰਗੂੜਾ ਨੂੰ 2 ਸਾਲ ਦੀ ਸਜ਼ਾ



ਲੁਧਿਆਣਾ ਦੀ ਵਧੀਕ ਸੈਸ਼ਨ ਜੱਜ ਬਰਿੰਦਰ ਸਿੰਘ ਰੋਮਾਨਾ ਦੀ ਅਦਾਲਤ ਨੇ ਸਾਬਕਾ ਵਿਧਾਇਕ ਜਸਬੀਰ ਸਿੰਘ ਉਰਫ਼ ਜੱਸੀ ਖੰਗੂੜਾ ਅਤੇ ਉਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ ਨੂੰ 18 ਸਾਲ ਪੁਰਾਣੇ ਕੁੱਟਮਾਰ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਇਹ ਮਾਮਲਾ 2008 ਦੀਆਂ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਨਾਲ ਜੁੜਿਆ ਹੋਇਆ ਹੈ।

ਅਦਾਲਤ ਨੇ ਦੋਵਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 3,000-3,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਹਾਲਾਂਕਿ, ਅਦਾਲਤ ਨੇ ਇਸ ਮਾਮਲੇ ਵਿੱਚ ਨਾਮਜ਼ਦ 11 ਹੋਰਾਂ ਦੇ ਬਰੀ ਹੋਣ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਸਜ਼ਾ ਸੁਣਾਏ ਜਾਣ ਤੋਂ ਬਾਅਦ ਦੋਵਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਇਹ ਕੇਸ 12 ਮਈ 2008 ਨੂੰ ਡੇਹਲੋਂ ਪੁਲੀਸ ਸਟੇਸ਼ਨ ਵਿੱਚ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਫਕੀਰ ਸਿੰਘ, ਜੋ ਉਸ ਸਮੇਂ ਚੋਣਾਂ ਦੌਰਾਨ ਪ੍ਰੀਜ਼ਾਈਡਿੰਗ ਅਫ਼ਸਰ ਵਜੋਂ ਡਿਊਟੀ ਨਿਭਾ ਰਹੇ ਸਨ, ਨੇ ਦੋਸ਼ ਲਾਇਆ ਸੀ ਕਿ ਚੋਣਾਂ ਖਤਮ ਹੋਣ ਤੋਂ ਬਾਅਦ ਜਦੋਂ ਉਹ ਬੈਲਟ ਬਾਕਸ (ਵੋਟਾਂ ਵਾਲੀਆਂ ਪੇਟੀਆਂ) ਸੀਲ ਕਰਕੇ ਜਮ੍ਹਾ ਕਰਵਾਉਣ ਜਾ ਰਹੇ ਸਨ, ਤਾਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 2017 ਵਿੱਚ ਹੇਠਲੀ ਅਦਾਲਤ ਨੇ ਸਾਰਿਆਂ ਨੂੰ ਬਰੀ ਕਰ ਦਿੱਤਾ ਸੀ, ਪਰ ਸ਼ਿਕਾਇਤਕਰਤਾ ਵੱਲੋਂ ਪਾਈ ਗਈ ਅਪੀਲ 'ਤੇ ਸੁਣਵਾਈ ਕਰਦਿਆਂ ਹੁਣ ਅਦਾਲਤ ਨੇ ਜੱਸੀ ਖੰਗੂੜਾ ਅਤੇ ਗੁਰਪ੍ਰੀਤ ਸਿੰਘ ਨੂੰ ਦੋਸ਼ੀ ਠਹਿਰਾਇਆ ਹੈ।

# ਮੇਰੇ 'ਤੇ ਆਪਣੇ ਵਿਭਾਗ ਵੱਲੋਂ ਹੀ ਹੁੰਦੀ ਰਹੀ ਜਾਸੂਸੀ : ਕ੍ਰਿਸਟੀ ਨੋਏਮ



ਵਾਸ਼ਿੰਗਟਨ : ਅਮਰੀਕਾ ਦੀ ਸਾਬਕਾ ਹੋਮਲੈਂਡ ਸਿਕਿਉਰਿਟੀ (DHS) ਸੈਕਟਰੀ ਕ੍ਰਿਸਟੀ ਨੋਏਮ ਨੇ ਆਪਣੇ ਹੀ ਵਿਭਾਗ ਦੇ ਸਟਾਫ 'ਤੇ ਗੰਭੀਰ ਇਲਜ਼ਾਮ ਲਗਾ ਕੇ ਸਿਆਸੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਹੈ। ਨੋਏਮ ਨੇ ਦਾਅਵਾ ਕੀਤਾ ਹੈ ਕਿ ਜਦੋਂ ਉਹ ਅਹੁਦੇ 'ਤੇ ਸਨ, ਤਾਂ ਉਨ੍ਹਾਂ ਦੇ ਆਪਣੇ ਕਰਮਚਾਰੀਆਂ ਵੱਲੋਂ ਉਨ੍ਹਾਂ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਪਾਉਣ ਲਈ ਇੱਕ ਗੁਪਤ ਮੁਹਿੰਮ ਚਲਾਈ ਗਈ ਸੀ। ਕ੍ਰਿਸਟੀ ਨੋਏਮ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਟਾਫ ਨੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਖਾਸ ਤੌਰ 'ਤੇ ਜਾਸੂਸੀ ਸਾਫਟਵੇਅਰ ਡਾਊਨਲੋਡ ਕੀਤੇ ਸਨ।

ਉਨ੍ਹਾਂ ਮੁਤਾਬਕ ਇਹ ਸਿਰਫ ਜਾਸੂਸੀ ਨਹੀਂ ਸੀ, ਸਗੋਂ ਉਨ੍ਹਾਂ ਦੇ ਫੈਸਲਿਆਂ ਅਤੇ ਪ੍ਰਸ਼ਾਸਨਿਕ ਕੰਮਾਂ ਨੂੰ ਅੰਦਰੂਨੀ ਤੌਰ 'ਤੇ ਫੇਲ੍ਹ ਕਰਨ ਦੀ ਇੱਕ ਵੱਡੀ ਸਾਜ਼ਿਸ਼ ਸੀ। ਨੋਏਮ ਨੇ ਦੱਸਿਆ ਕਿ ਇਹ ਨਿਗਰਾਨੀ ਇੰਨੀ ਗੁਪਤ ਤਰੀਕੇ ਨਾਲ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਨੂੰ ਕਾਫੀ ਸਮੇਂ ਬਾਅਦ ਇਸ ਬਾਰੇ ਪਤਾ ਲੱਗਿਆ।

ਆਪਣੇ ਬਿਆਨ ਵਿਚ ਨੋਏਮ ਨੇ ਕਿਹਾ, "ਮੇਰੇ ਆਪਣੇ ਸਟਾਫ ਨੇ ਮੇਰੇ ਵਿਰੁੱਧ ਕੰਮ ਕੀਤਾ। ਉਨ੍ਹਾਂ ਨੇ ਅਜਿਹੇ ਸਿਸਟਮ ਤਿਆਰ ਕੀਤੇ, ਜਿਸ ਨਾਲ ਮੇਰੀ ਹਰ ਹਰਕਤ 'ਤੇ ਨਜ਼ਰ ਰੱਖੀ ਜਾ ਸਕੇ। ਇਹ ਪ੍ਰਸ਼ਾਸਨ ਦੇ ਅੰਦਰ ਰਹਿ ਕੇ ਕੀਤੀ ਗਈ ਇੱਕ ਗੈਰ-ਕਾਨੂੰਨੀ ਜਾਸੂਸੀ ਮੁਹਿੰਮ ਸੀ।" ਇਸ ਖੁਲਾਸੇ ਤੋਂ ਬਾਅਦ ਅਮਰੀਕੀ ਰਾਜਨੀਤੀ ਵਿਚ ਨਵੀਂ ਚਰਚਾ ਛਿੜ ਗਈ ਹੈ। ਸੁਰੱਖਿਆ ਮਾਹਿਰ ਇਸ ਨੂੰ ਸਰਕਾਰੀ ਵਿਭਾਗਾਂ ਅੰਦਰ "ਡੀਪ ਸਟੇਟ" ਜਾਂ ਅੰਦਰੂਨੀ ਬਗਾਵਤ ਦੇ ਰੂਪ ਵਿਚ ਦੇਖ ਰਹੇ ਹਨ। ਵਿਰੋਧੀਆਂ ਵੱਲੋਂ ਇਨ੍ਹਾਂ ਇਲਜ਼ਾਮਾਂ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਹ ਮਾਮਲਾ ਅਮਰੀਕੀ ਸੁਰੱਖਿਆ ਏਜੰਸੀਆਂ ਦੇ ਅੰਦਰੂਨੀ ਅਨੁਸ਼ਾਸਨ ਅਤੇ ਸੈਕਟਰੀ ਪੱਧਰ ਦੇ ਅਧਿਕਾਰੀਆਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

# ਆਪ' ਵਿਧਾਇਕਾ ਅਨਮੋਲ ਗਗਨ ਮਾਨ ਦੇ ਪਤੀ ਸਮੇਤ 3 ਨੂੰ 2-2 ਸਾਲ ਦੀ ਕੈਦ



ਚੰਡੀਗੜ੍ਹ : ਡੇਰਾ ਬੱਸੀ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਮਾਮਲੇ ਵਿਚ ਵੱਡਾ ਫੈਸਲਾ ਸੁਣਾਇਆ ਗਿਆ ਹੈ। ਹਾਊਸਿੰਗ ਪ੍ਰੋਜੈਕਟ ਵਿਚ ਹਿੱਸੇਦਾਰੀ ਨਾਲ ਜੁੜੇ ਕਰੀਬ ਸਾਢੇ ਤਿੰਨ ਕਰੋੜ ਰੁਪਏ ਦੇ ਚੈੱਕ ਬਾਊਂਸ ਮਾਮਲੇ ਵਿਚ ਤਿੰਨ ਦੋਸ਼ੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿਚ ਖਰੜ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਅਨਮੋਲ ਗਗਨ ਮਾਨ ਦੇ ਪਤੀ ਸ਼ਾਬਾਸ਼ ਸਿੰਘ ਸੋਹੀ ਸਮੇਤ ਜਤਿੰਦਰ ਸਿੰਘ ਨੋਨੀ ਅਤੇ ਨਛੱਤਰ ਸਿੰਘ ਨੂੰ ਅਦਾਲਤ ਵੱਲੋਂ ਦੋ-ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਤਿੰਨਾਂ 'ਤੇ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਜਾਣਕਾਰੀ ਮੁਤਾਬਕ ਰਾਜਪੁਰਾ ਇਲਾਕੇ ਵਿਚ ਇੱਕ ਹਾਊਸਿੰਗ ਪ੍ਰੋਜੈਕਟ ਵਿਚ ਪਲਾਟਾਂ ਦੀ ਖਰੀਦ-ਫਰੋਖ਼ਤ ਨਾਲ ਜੁੜਿਆ ਸੌਦਾ ਕੀਤਾ ਗਿਆ ਸੀ। ਸੌਦਾ ਪੂਰਾ ਨਾ ਹੋਣ ਕਾਰਨ ਸਾਢੇ ਤਿੰਨ ਕਰੋੜ ਰੁਪਏ ਦੇ ਚੈੱਕ ਦਿੱਤੇ ਗਏ, ਪਰ ਉਹ ਚੈੱਕ ਬਾਊਂਸ ਹੋ ਗਏ। ਇਸ ਤੋਂ ਬਾਅਦ ਸ਼ਿਕਾਇਤਕਰਤਾ ਵੱਲੋਂ 2018 ਵਿਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਸੀ। ਕਾਫ਼ੀ ਸਮੇਂ ਤੱਕ ਚੱਲੀ ਸੁਣਵਾਈ ਤੋਂ ਬਾਅਦ ਹੁਣ ਡੇਰਾ ਬੱਸੀ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਦੋ-ਦੋ ਸਾਲ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਫੈਸਲੇ ਤੋਂ ਬਾਅਦ ਤਿੰਨਾਂ ਦੋਸ਼ੀਆਂ ਨੇ ਮੌਕੇ 'ਤੇ ਹੀ ਜ਼ਮਾਨਤ ਲੈ ਲਈ ਹੈ ਅਤੇ ਇਸ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ। ਸ਼ਿਕਾਇਤਕਰਤਾ ਪੱਖ ਇਸ ਫੈਸਲੇ ਤੋਂ ਸੰਤੁਸ਼ਟ ਨਜ਼ਰ ਆ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਲੰਬੇ ਸਮੇਂ ਤੋਂ ਚੱਲ ਰਹੇ ਕੇਸ ਵਿਚ ਅਖ਼ੀਰਕਾਰ ਇਨਸਾਫ ਮਿਲਿਆ ਹੈ।

# ਅਮਰੀਕਾ ਤੋਂ ਡਿਪੋਰਟ ਹੋ ਰਹੇ 3 ਪੰਜਾਬੀ ਡਰਾਈਵਰ !

## * ਸੁਖਦੇਵ ਸਿੰਘ ਨੂੰ ਆਈਸ ਨੇ ਕੀਤਾ ਕਾਬੂ * 6 ਬੱਚਿਆਂ ਦੇ ਪਿਉ ਦੀ ਇੰਮੀਗ੍ਰੇਸ਼ਨ ਹਿਰਾਸਤ 'ਚ ਮੌਤ



ਨਿਊ ਯਾਰਕ : ਅਮਰੀਕਾ ਤੋਂ ਤਿੰਨ ਪੰਜਾਬੀ ਟਰੱਕ ਡਰਾਈਵਰਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਪਿਛਲੇ ਸਮੇਂ ਦੌਰਾਨ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਹਿਰਾਸਤ ਵਿਚ ਲਿਆ। ਦੂਜੇ ਪਾਸੇ ਇੰਮੀਗ੍ਰੇਸ਼ਨ ਵਾਲਿਆਂ ਦੇ ਕਾਬੂ ਆ ਰਹੇ ਪੰਜਾਬੀ ਟਰੱਕ ਡਰਾਈਵਰਾਂ ਵਿਚ 25 ਸਾਲਾ ਸੁਖਦੇਵ ਸਿੰਘ ਵੀ ਸ਼ਾਮਲ ਹੋ ਗਿਆ ਜਿਸ ਨੂੰ ਇੰਡਿਆਨਾ ਦੇ ਇੰਟਰਸਟੇਟ 65 'ਤੇ ਵਾਪਰੇ ਹਾਦਸੇ ਮਗਰੋਂ ਪੁਲਿਸ ਨੇ ਗ੍ਰਿਫ਼ਤਾਰ ਕਰਦਿਆਂ ਆਈਸ ਦੇ ਸਪੁਰਦ ਕਰ ਦਿਤਾ। 2023 ਵਿਚ ਨਾਜਾਇਜ਼ ਤਰੀਕੇ ਨਾਲ ਅਮਰੀਕਾ ਦਾਖਲ ਹੋਏ ਸੁਖਦੇਵ ਸਿੰਘ ਨੇ 2 ਜਨਵਰੀ 2025 ਨੂੰ ਨਿਊ ਯਾਰਕ ਤੋਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਹਾਸਲ ਕੀਤਾ ਅਤੇ ਟਰੰਪ ਸਰਕਾਰ ਵੱਲੋਂ ਕੀਤੀ ਜਾ ਰਹੀ ਅੰਤਾਂ ਦੀ ਸਖ਼ਤੀ ਦੇ ਬਾਵਜੂਦ ਟਰੱਕ ਚਲਾਉਣਾ ਜਾਰੀ ਰੱਖਿਆ।

ਇੰਡਿਆਨਾ ਹਾਈਵੇਅ ਪੈਟਰੋਲ ਮੁਤਾਬਕ ਸੁਖਦੇਵ ਸਿੰਘ ਦੇ ਟਰੱਕ ਨੇ ਇਕ ਪੈਦਲ ਸ਼ਖਸ ਨੂੰ ਟੱਕਰ ਮਾਰੀ ਜਿਸ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਉਧਰ, ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਡਿਪਟੀ ਸਹਾਇਕ ਸਕੱਤਰ ਲੌਰਨ ਬਿਸ ਨੇ ਸੁਖਦੇਵ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਕਿਹਾ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਦੇ ਹਾਈਵੇਜ਼ 'ਤੇ 18 ਟਾਇਰਾਂ ਵਾਲੇ ਵਜ਼ਨੀ ਟਰੱਕ ਚਲਾਉਣ ਦਾ ਕੋਈ ਹੱਕ ਨਹੀਂ ਕਿਉਂਕਿ ਮੁਲਕ ਦੇ ਟ੍ਰੈਫ਼ਿਕ ਨਿਯਮਾਂ ਬਾਰੇ ਇਹ ਕੁਝ ਨਹੀਂ ਜਾਣਦੇ ਅਤੇ ਅੰਗਰੇਜ਼ੀ ਵਾਲੇ ਸਾਈਨ ਪੜ੍ਹਨੇ ਵੀ ਇਨ੍ਹਾਂ ਦੇ ਵਸ ਤੋਂ ਬਾਹਰ ਹਨ। ਉਨ੍ਹਾਂ ਅੱਗੇ ਕਿਹਾ ਕਿ ਨਿਊ ਯਾਰਕ ਦੀ ਗਵਰਨਰ ਕੈਥੀ ਹੋਚਲ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕਰਨ ਦੀ ਨੀਤੀ ਉਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤਾਂਕਿ ਅਮਰੀਕਾ ਦੇ ਮਾਸੂਮ ਲੋਕਾਂ ਦੀ ਜਾਨ ਬਚਾਈ ਜਾ ਸਕੇ। ਦੱਸ ਦੇਈਏ ਕਿ ਬੀਤੇ ਫ਼ਰਵਰੀ ਦੌਰਾਨ ਸੁਖਦੀਪ ਸਿੰਘ ਨੂੰ ਇੰਡਿਆਨਾ ਸੂਬੇ ਵਿਚ ਹੀ ਜਾਨਲੇਵਾ ਹਾਦਸੇ ਮਗਰੋਂ ਗ੍ਰਿਫ਼ਤਾਰ ਕੀਤਾ ਗਿਆ। ਹੈਂਡਰਿਕਸ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਮੁਤਾਬਕ ਸੁਖਦੀਪ ਸਿੰਘ ਨੂੰ ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫ਼ੋਰਸਮੈਂਟ ਵਾਲਿਆਂ ਦੇ ਸਪੁਰਦ ਕਰ ਦਿਤਾ ਗਿਆ ਜੋ 2018 ਵਿਚ ਡੌਨਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਇਆ ਅਤੇ ਪੈਰੋਲ 'ਤੇ ਰਿਹਾਅ ਕਰ ਦਿਤਾ ਗਿਆ। ਉਸ ਵੇਲੇ ਸੁਖਦੀਪ ਸਿੰਘ ਦੀ ਉਮਰ 18 ਸਾਲ ਤੋਂ ਘੱਟ ਸੀ ਜਿਸ ਦੇ ਮੱਦੇਨਜ਼ਰ ਇੰਮੀਗ੍ਰੇਸ਼ਨ ਅਦਾਲਤ ਨੇ ਨਰਮੀ ਵਰਤੀ। ਡਰਾਈਵਿੰਗ ਲਾਇਸੰਸ 'ਤੇ ਸੁਖਦੀਪ ਸਿੰਘ ਦੀ ਡੇਟ ਆਫ਼ ਬਰਥ 16 ਨਵੰਬਰ 2001 ਲਿਖੀ ਹੋਈ ਹੈ ਅਤੇ ਇਸ ਹਿਸਾਬ ਨਾਲ ਉਸ ਦੀ ਉਮਰ 25 ਸਾਲ ਵੀ ਨਹੀਂ ਬਣਦੀ। ਦੂਜੇ ਪਾਸੇ ਆਈਸ ਵੱਲੋਂ ਰਿਚਰਡਸਨ ਤੋਂ ਕਾਬੂ ਕੀਤੇ 6 ਬੱਚਿਆਂ ਦੇ ਪਿਉ ਮੁਹੰਮਦ ਨਜ਼ੀਰ ਦੀ ਡਿਟੈਨਸ਼ਨ ਸੈਂਟਰ ਵਿਚ ਮੌਤ ਹੋ ਗਈ। 41 ਸਾਲਾ ਮੁਹੰਮਦ ਨਜ਼ੀਰ ਦੇ ਪਰਵਾਰ ਨੇ ਦੱਸਿਆ ਕਿ ਨਕਾਬਪੋਸ਼ ਆਈਸ ਏਜੰਟ ਉਨ੍ਹਾਂ ਦੇ ਘਰ ਪੁੱਜੇ ਅਤੇ ਉਸ ਨੂੰ ਫੜ ਕੇ ਲੈ ਗਏ।

ਅਫ਼ਗਾਨਿਸਤਾਨ ਵਿਚ ਅਮਰੀਕਾ ਦੀ ਫੌਜ ਵਾਸਤੇ ਕੰਮ ਕਰ ਚੁੱਕੇ ਮੁਹੰਮਦ ਨਜ਼ੀਰ ਦੇ ਬੱਚਿਆਂ ਉਤੇ ਇੰਮੀਗ੍ਰੇਸ਼ਨ ਵਾਲਿਆਂ ਨੇ ਬਿਲਕੁਲ ਤਰਸ ਨਾ ਕੀਤਾ। ਡੈਲਸ ਦੇ ਆਈਸ ਫ਼ੀਲਡ ਦਫ਼ਤਰ ਵਿਚ ਮੁਹੰਮਦ ਨਜ਼ੀਰ ਦੀ ਤਬੀਅਤ ਅਚਨਚੇਤ ਵਿਗੜ ਗਈ ਅਤੇ ਉਸ ਨੂੰ ਪਾਰਕਲੈਂਡ ਹਸਪਤਾਲ ਲਿਜਾਇਆ ਗਿਆ ਪਰ ਕੁਝ ਦੇਰ ਬਾਅਦ ਦਮ ਤੋੜ ਦਿਤਾ। ਪਰਵਾਰ ਡੂੰਘੇ ਸਦਮੇ ਵਿਚ ਹੈ ਅਤੇ ਪੋਸਟਮਾਰਟਮ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਆਈਸ ਦੀ ਹਿਰਾਸਤ ਦੌਰਾਨ ਮੁਹੰਮਦ ਨਜ਼ੀਰ ਨੇ ਛਾਤੀ ਵਿਚ ਦਰਦ ਦੀ ਸ਼ਿਕਾਇਤ ਕੀਤੀ ਅਤੇ ਹਸਪਤਾਲ ਵਿਚ ਡਾਕਟਰਾਂ ਨੇ ਦੇਖਿਆ ਕਿ ਉਸ ਜੀਭ ਸੁੱਜੀ ਹੋਈ ਸੀ। ਮੁਹੰਮਦ ਨਜ਼ੀਰ ਦਾ ਸਭ ਤੋਂ ਛੋਟਾ ਬੇਟਾ 18 ਮਹੀਨੇ ਦਾ ਹੈ ਅਤੇ ਨਜ਼ੀਰ ਦੀ ਪਤਨੀ ਨੇ ਦਾਅਵਾ ਕੀਤਾ ਹੈ ਕਿ ਉਸ ਦਾ ਪਤੀ ਪੂਰੀ ਤਰ੍ਹਾਂ ਸਿਹਤਮੰਦ ਸੀ। ਆਈਸ ਦੀਆਂ ਗੋਲੀਆਂ ਨਾਲ ਅਮੈਰਿਕਨ ਨਾਗਰਿਕਾਂ ਦੀ ਮੌਤ ਮਗਰੋਂ ਹਿਰਾਸਤ ਵਿਚ ਮੌਤ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ ਅਤੇ ਮੁਹੰਮਦ ਨਜ਼ੀਰ ਦੀ ਪਤਨੀ ਇਨਸਾਫ਼ ਮੰਗ ਰਹੀ ਹੈ।

# ਸਟੱਡੀ ਵੀਜ਼ੇ 'ਤੇ ਕੈਨੇਡਾ ਗਏ ਪੰਜਾਬੀ ਨੌਜਵਾਨ ਦਾ ਕਤਲ; ਹਮਲਾਵਰਾਂ ਨੇ ਕਾਰ ਘੇਰ ਕੇ ਚਲਾਈਆਂ ਗੋਲੀਆਂ !



ਓਨਟਾਰੀਓ: ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਮੂਲ ਦੇ ਇੱਕ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕ ਦੀ ਪਛਾਣ ਬੀਰਇੰਦਰ ਸਿੰਘ ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਪੰਜਾਬ ਦਾ ਰਹਿਣ ਵਾਲਾ ਸੀ ਅਤੇ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ।

ਇਹ ਘਟਨਾ 14 ਮਾਰਚ ਦੀ ਦੁਪਹਿਰ ਦੀ ਦੱਸੀ ਜਾ ਰਹੀ ਹੈ। ਅਣਪਛਾਤੇ ਹਮਲਾਵਰਾਂ ਨੇ ਹਾਈਵੇਅ-2 'ਤੇ ਇੱਕ ਕਾਰ ਨੂੰ ਘੇਰ ਕੇ ਉਸ ਵਿੱਚ ਸਵਾਰ ਨੌਜਵਾਨ 'ਤੇ ਤਾਬੜਤੋੜ ਫਾਇਰਿੰਗ ਕਰ ਦਿੱਤੀ। ਪੁਲਿਸ ਅਨੁਸਾਰ, ਉਹ ਓਨਟਾਰੀਓ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਹਾਲ ਹੀ ਵਿੱਚ ਅਲਬਰਟਾ ਸੂਬੇ ਵਿੱਚ ਕੰਸਟ੍ਰਕਸ਼ਨ ਸੈਕਟਰ ਵਿੱਚ ਕੰਮ ਕਰ ਰਿਹਾ ਸੀ।

ਫਿਲਹਾਲ ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਹਮਲਾਵਰ ਬੀਰਇੰਦਰ ਸਿੰਘ ਨੂੰ ਪਹਿਲਾਂ ਤੋਂ ਜਾਣਦੇ ਸਨ ਜਾਂ ਇਹ ਕੋਈ ਵੱਖਰੀ ਵਾਰਦਾਤ ਸੀ। ਅਜੇ ਤੱਕ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਅਤੇ ਨਾ ਹੀ ਕੋਈ ਗ੍ਰਿਫਤਾਰੀ ਹੋਈ ਹੈ।

ਇਹ ਘਟਨਾ ਉਦੋਂ ਵਾਪਰੀ ਜਦੋਂ ਬੀਰੇਂਦਰ ਸਿੰਘ ਆਪਣੇ ਕੁਝ ਦੋਸਤਾਂ ਨਾਲ ਡਰਾਈਵ 'ਤੇ ਗਿਆ ਸੀ। ਚਸ਼ਮਦੀਦਾਂ ਅਤੇ ਸ਼ੁਰੂਆਤੀ ਜਾਂਚ ਦੇ ਅਨੁਸਾਰ, ਇੱਕ ਪਿਕਅੱਪ ਟਰੱਕ ਵਿੱਚ ਸਵਾਰ ਹਮਲਾਵਰਾਂ ਨੇ ਬੀਰੇਂਦਰ ਦੀ ਕਾਰ ਨੂੰ ਰੋਕਿਆ ਅਤੇ ਉਸ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਗੋਲੀਬਾਰੀ ਐਡਮਿੰਟਨ ਸ਼ਹਿਰ ਦੇ ਨੇੜੇ ਲੇਡਿਊਕ ਖੇਤਰ ਵਿੱਚ ਹੋਈ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਲੇਡਿਊਕ RCMP (ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ) ਦੀ ਮੇਜਰ ਕ੍ਰਾਈਮ ਯੂਨਿਟ ਨੇ ਜਾਂਚ ਆਪਣੇ ਹੱਥ ਵਿੱਚ ਲੈ ਲਈ ਹੈ। ਪੁਲਿਸ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਮਾਮਲੇ ਨਾਲ ਜੁੜੀ ਕੋਈ ਜਾਣਕਾਰੀ ਜਾਂ ਸੀਸੀਟੀਵੀ ਫੁਟੇਜ ਹੋਵੇ ਤਾਂ ਉਹ ਤੁਰੰਤ ਪੁਲਿਸ ਨੂੰ ਸੂਚਿਤ ਕਰੇ। ਬੀਰਇੰਦਰ ਸਿੰਘ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਪੰਜਾਬ ਵਿੱਚ ਉਸ ਦੇ ਪਰਿਵਾਰ ਵਿੱਚ ਸੋਗ ਦੀ ਲਹਿਰ ਹੈ। ਪਰਿਵਾਰ ਨੇ ਮੰਗ ਕੀਤੀ ਹੈ ਕਿ ਮ੍ਰਿਤਕ ਦੇਹ ਨੂੰ ਭਾਰਤ ਭੇਜਿਆ ਜਾਵੇ ਅਤੇ ਪੁਲਿਸ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਜਾਵੇ। ਪਰਿਵਾਰਕ ਮੈਂਬਰਾਂ ਨੇ ਪ੍ਰਸ਼ਾਸਨ ਤੋਂ ਮਾਮਲੇ ਦੀ ਨਿਰਪੱਖ ਜਾਂਚ ਅਤੇ ਕੈਨੇਡਾ ਸਰਕਾਰ ਤੋਂ ਦੋਸ਼ੀਆਂ ਦੀ ਜਲਦ ਗਿਰਫਤਾਰੀ ਦੀ ਮੰਗ ਕੀਤੀ ਹੈ। ਵਿਦੇਸ਼ ਮੰਤਰਾਲੇ ਤੋਂ ਵੀ ਇਸ ਮਾਮਲੇ ਵਿੱਚ ਦਖਲ ਦੇਣ ਦੀ ਉਮੀਦ ਜਤਾਈ ਜਾ ਰਹੀ ਹੈ।

# ਈਰਾਨ ਨੇ ਸੁਰੱਖਿਆ ਮੁਖੀ ਅਲੀ ਲਾਰੀਜਾਨੀ 'ਤੇ ਹਮਲੇ ਦਾ ਦਾਅਵਾ ਕੀਤਾ

ਇਜ਼ਰਾਈਲੀ ਅਧਿਕਾਰੀਆਂ ਦੇ ਅਨੁਸਾਰ ਈਰਾਨ ਵਿੱਚ ਫੌਜ ਦੁਆਰਾ ਕੀਤੇ ਗਏ ਇੱਕ ਹਵਾਈ ਹਮਲੇ ਵਿੱਚ ਈਰਾਨ ਦੇ ਸੁਰੱਖਿਆ ਮੁਖੀ ਅਲੀ ਲਾਰੀਜਾਨੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਇਹ ਸਪੱਸ਼ਟ ਨਹੀਂ ਹੈ ਕਿ ਈਰਾਨ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਸਕੱਤਰ ਲਾਰੀਜਾਨੀ ਹਮਲੇ ਵਿੱਚ ਮਾਰੇ ਗਏ ਹਨ ਜਾਂ ਜ਼ਖਮੀ ਹੋਏ ਹਨ। ਇਜ਼ਰਾਈਲੀ ਰੱਖਿਆ ਸੂਤਰਾਂ ਦੇ ਅਨੁਸਾਰ ਈਰਾਨ ਵਿੱਚ ਇੱਕ ਹੋਰ ਹਾਲੀਆ ਇਜ਼ਰਾਈਲੀ ਹਵਾਈ ਹਮਲੇ ਵਿੱਚ ਫਲਸਤੀਨੀ ਇਸਲਾਮਿਕ ਜੇਹਾਦ ਨੇਤਾ ਅਕਰਮ ਅਲ-ਅਜੌਰੀ ਅਤੇ ਅੱਤਵਾਦੀ ਸਮੂਹ ਦੇ ਹੋਰ ਉੱਚ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਜ਼ਰਾਈਲੀ ਰੱਖਿਆ ਬਲਾਂ ਦੇ ਮੁਖੀ ਲੈਫਟੀਨੈਂਟ ਜਨਰਲ ਇਯਾਲ ਜ਼ਮੀਰ ਨੇ ਪੁਸ਼ਟੀ ਕੀਤੀ ਕਿ "ਰਾਤੋ-ਰਾਤ ਦੁਸ਼ਮਣ ਨੂੰ ਖਤਮ ਕਰਨ ਵਿੱਚ ਮਹੱਤਵਪੂਰਨ ਸਫਲਤਾਵਾਂ ਪ੍ਰਾਪਤ ਹੋਈਆਂ, ਜਿਸਦਾ ਪ੍ਰਭਾਵ ਮੁਹਿੰਮ ਦੀਆਂ ਪ੍ਰਾਪਤੀਆਂ ਅਤੇ ਆਈਡੀਐਫ ਮਿਸ਼ਨਾਂ 'ਤੇ ਪੈ ਸਕਦਾ ਹੈ।" ਇਹ ਸਪੱਸ਼ਟ ਤੌਰ 'ਤੇ ਲਾਰੀਜਾਨੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਦਾ ਹਵਾਲਾ ਦੇ ਰਿਹਾ ਸੀ। ਆਯਤੁੱਲਾ ਅਲੀ ਖਮੇਨੀ ਦੀ ਮੌਤ ਤੋਂ ਬਾਅਦ, ਮੰਨਿਆ ਜਾਂਦਾ ਹੈ ਕਿ ਲਾਰੀਜਾਨੀ ਸਾਰੇ ਵੱਡੇ ਫੈਸਲੇ ਲੈਂਦੇ ਸਨ। ਲਾਰੀਜਾਨੀ ਨੂੰ ਆਯਤੁੱਲਾ ਅਲੀ ਖਮੇਨੀ ਦੇ ਨੇੜੇ ਮੰਨਿਆ ਜਾਂਦਾ ਸੀ। ਜੂਨ 2025 ਵਿੱਚ, ਖਾਮੇਨੀ ਨੇ ਲਾਰੀਜਾਨੀ ਨੂੰ ਸੁਪਰੀਮ ਸੁਰੱਖਿਆ ਪ੍ਰੀਸ਼ਦ ਦਾ ਸਕੱਤਰ ਨਿਯੁਕਤ ਕੀਤਾ ਸੀ। ਈਰਾਨ ਦੀ ਸੁਪਰੀਮ ਨੈਸ਼ਨਲ ਸਿਕਿਓਰਿਟੀ ਕੌਂਸਲ ਦੇ ਸਕੱਤਰ ਅਲੀ ਲਾਰੀਜਾਨੀ ਨੇ ਸੋਮਵਾਰ, 16 ਮਾਰਚ, 2026 ਨੂੰ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) 'ਤੇ ਆਪਣੀ ਆਖਰੀ ਪੋਸਟ ਕੀਤੀ।

# ਆਪਣੀ ਇੱਛਾ ਨਾਲ ਅਮਰੀਕਾ ਛੱਡਣ ਵਾਲੇ ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਹੁਣ 2600 ਡਾਲਰ ਦੇਵੇਗੀ ਟਰੰਪ ਸਰਕਾਰ




ਵਾਸ਼ਿੰਗਟਨ : ਅਮਰੀਕੀ ਗ੍ਰਿਹਿ ਸੁਰੱਖਿਆ ਵਿਭਾਗ ਨੇ ਗੈਰ-ਕਾਨੂੰਨੀ ਪ੍ਰਵਾਸੀ ਜਿਨ੍ਹਾਂ ਵਿੱਚ ਭਾਰਤ ਅਤੇ ਹੋਰ ਦੇਸ਼ਾਂ ਦੇ ਲੋਕ ਸ਼ਾਮਲ ਹਨ ਨੂੰ ਆਪਣੀ ਇੱਛਾ ਨਾਲ ਅਮਰੀਕਾ ਛੱਡਣ 'ਤੇ 2,600 ਡਾਲਰ ਐਗਜ਼ਿਟ ਬੋਨਸ ਦੇਣ ਅਤੇ ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਮੁਫ਼ਤ ਹਵਾਈ ਯਾਤਰਾ ਦੀ ਪੇਸ਼ਕਸ਼ ਕਰਦੇ ਹੋਏ ਪੋਸਟਰ ਜਾਰੀ ਕੀਤੇ ਹਨ। ਅਮਰੀਕਾ ਵਿੱਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਆਪਣੀ "ਸਵੈ-ਦੇਸ਼ ਨਿਕਾਲੇ" ਪਹਿਲਕਦਮੀ ਨੂੰ ਉਤਸ਼ਾਹਿਤ ਕਰਨ ਲਈ ਗ੍ਰਿਹਿ ਸੁਰੱਖਿਆ ਵਿਭਾਗ ਨੇ ਤਾਜ ਮਹਿਲ ਸਮੇਤ ਮਸ਼ਹੂਰ ਸਥਾਨਾਂ ਦੇ ਨਾਲ-ਨਾਲ ਕੋਲੰਬੀਆ ਅਤੇ ਚੀਨ ਵਿੱਚ ਸਥਾਨਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਹੈ। "ਪ੍ਰੋਜੈਕਟ ਹੋਮਕਮਿੰਗ" ਨਾਮਕ ਇਹ ਪਹਿਲਕਦਮੀ ਜਿਸ ਨੂੰ "ਪ੍ਰੋਜੈਕਟ ਹੋਮਕਮਿੰਗ" ਕਿਹਾ ਜਾਂਦਾ ਹੈ, ਪਿਛਲੇ ਸਾਲ ਮਈ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਨੇ ਪ੍ਰਵਾਸੀਆਂ ਨੂੰ ਇਸ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ "ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ" ਐਪ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਇਸ ਐਪ ਰਾਹੀਂ ਪ੍ਰਵਾਸੀ ਸਵੈ-ਇੱਛਾ ਨਾਲ ਦੇਸ਼ ਛੱਡਣ ਦੀ ਆਪਣੀ ਇੱਛਾ ਪ੍ਰਗਟ ਕਰ ਸਕਦੇ ਹਨ ਅਤੇ ਆਪਣੇ ਨਿੱਜੀ ਵੇਰਵੇ ਜਮ੍ਹਾਂ ਕਰ ਸਕਦੇ ਹਨ । ਇਸ ਪ੍ਰੋਗਰਾਮ ਅਧੀਨ ਪੇਸ਼ ਕੀਤੀ ਜਾਣ ਵਾਲੀ ਯਾਤਰਾ ਸਹਾਇਤਾ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਅਨੁਸਾਰ ਜਨਵਰੀ 2025 ਵਿੱਚ ਇਸ ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ, 2 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਨੇ ਇਸਦੇ ਲਾਭਾਂ ਦਾ ਲਾਭ ਉਠਾਇਆ ਹੈ।










# ਆਸਟਰੇਲੀਆਈ ਡਾਟਾ ਵਿਗਿਆਨੀ ਨੇ ਕੁੱਤੇ ਲਈ ਸੰਭਾਵੀ ਇਲਾਜ ਖੋਜਿਆ



ਸਿਡਨੀ : ਇੱਕ ਆਸਟ੍ਰੇਲੀਆਈ ਡਾਟਾ ਵਿਗਿਆਨੀ ਨੇ ਆਪਣੇ ਕੁੱਤੇ ਲਈ ਸੰਭਾਵੀ ਇਲਾਜ ਲਈ ਚੈਟਜੀਪੀਟੀ ਦੀ ਵਰਤੋਂ ਕੀਤੀ ਜਦੋਂ ਉਸ ਨੂੰ ਕੈਂਸਰ ਦੇ ਇੱਕ ਜਾਨਲੇਵਾ ਰੂਪ ਦਾ ਪਤਾ ਲੱਗਿਆ । 2 ਸਾਲ ਪਹਿਲਾਂ ਪਾਲ ਕੋਨਿੰਘਮ ਦੀ ਸਟਾਫੀ-ਸ਼ਾਰ ਪੇਈ ਕਰਾਸਬ੍ਰੀਡ ਰੋਜ਼ੀ ਨੂੰ ਮਾਸਟ ਸੈੱਲ ਕੈਂਸਰ ਦਾ ਪਤਾ ਲੱਗਿਆ, ਜੋ ਕਿ ਕੁੱਤਿਆਂ ਵਿਚ ਪਾਈ ਜਾਂਦੀ ਹੈ । ਵੈਟਰਨਰੀ ਸਰਜਰੀ ਤੇ ਕੀਮੋਥੈਰੇਪੀ ਨੇ ਟਿਊਮਰ ਦੇ ਵਾਧੇ ਨੂੰ ਤਾਂ ਰੋਕਿਆ ਪਰ ਖ਼ਤਮ ਨਹੀ ਕਰ ਸਕੇ । ਕੁੱਤੇ ਦੇ ਮਾਲਕ ਕੋਨਿੰਘਮ ਨੇ ਇਲਾਜ ਦੇ ਤਰੀਕਿਆਂ 'ਤੇ ਵਿਚਾਰ ਕਰਨ ਲਈ ਚੈਟਜੀਪੀਟੀ ਦੀ ਵਰਤੋਂ ਕੀਤੀ। UNSW ਦੇ ਰਾਮਾਸੀਓਟੀ ਸੈਂਟਰ ਫਾਰ ਜੀਨੋਮਿਕਸ ਦੇ ਖੋਜਕਰਤਾਵਾਂ ਨੇ ਰੋਜ਼ੀ ਦੇ ਡੀਐਨਏ ਜ਼ਰੀਏ mRNA ਡਿਜ਼ਾਈਨ ਦੀ ਵਰਤੋਂ ਕਰਕੇ ਦਵਾਈ ਬਣਾਈ। ਰੋਜ਼ੀ ਨੂੰ ਦਸੰਬਰ ਵਿੱਚ ਆਪਣਾ ਪਹਿਲਾ ਟੀਕਾ ਲਗਾਇਆ ਗਿਆ ਸੀ, ਜਿਸ ਤੋਂ ਬਾਅਦ ਅਗਲੇ ਮਹੀਨੇ ਇੱਕ ਬੂਸਟਰ ਸ਼ਾਟ ਲਗਾਇਆ ਗਿਆ ਸੀ। ਕੈਂਸਰ ਦੇ ਵਧਣ ਦੇ ਬਾਵਜੂਦ ਇਲਾਜ ਦੇ ਹਫ਼ਤਿਆਂ ਦੇ ਅੰਦਰ ਕੁੱਤੇ ਦੀ ਹਾਲਤ ਵਿੱਚ ਸੁਧਾਰ ਹੋਇਆ, ਇੱਕ ਟਿਊਮਰ ਲਗਭਗ ਅੱਧਾ ਸੁੰਗੜ ਗਿਆ। ਵਿਗਿਆਨੀ ਹੁਣ ਕੈਂਸਰ ਸੈੱਲਾਂ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਦੂਜਾ ਟੀਕਾ ਡਿਜ਼ਾਈਨ ਕਰਨ ਲਈ ਟਿਊਮਰ ਨੂੰ ਦੁਬਾਰਾ ਸੀਕੁਐਂਸ ਕਰ ਰਹੇ ਹਨ ਜਿਨ੍ਹਾਂ ਨੇ ਪਹਿਲੇ ਇਲਾਜ ਦਾ ਜਵਾਬ ਨਹੀਂ ਦਿੱਤਾ।

# ਯੁੱਧ ਦੇ ਬਾਵਜੂਦ ਈਰਾਨ ਲੱਖਾਂ ਬੈਰਲ ਤੇਲ ਦਾ ਕਰਦਾ ਹੈ ਨਿਰਯਾਤ



ਹਾਂਗਕਾਂਗ : ਸੰਯੁਕਤ ਰਾਜ, ਇਜ਼ਰਾਈਲ ਅਤੇ ਈਰਾਨ ਵਿਚਕਾਰ ਯੁੱਧ ਦੀ ਸ਼ੁਰੂਆਤ ਤੋਂ ਬਾਅਦ ਹੋਰਮੁਜ਼ ਜਲਡਮਰੂ ਦੇ ਪ੍ਰਭਾਵਸ਼ਾਲੀ ਬੰਦ ਹੋਣ ਦੇ ਬਾਵਜੂਦ, ਈਰਾਨੀ ਤੇਲ ਟੈਂਕਰਾਂ ਸਮੇਤ ਲਗਭਗ 90 ਜਹਾਜ਼ ਤੰਗ ਜਲਮਾਰਗ ਵਿੱਚੋਂ ਲੰਘੇ ਹਨ, ਅਤੇ ਤਹਿਰਾਨ ਸਮੁੰਦਰੀ ਵਪਾਰ ਨਿਗਰਾਨੀ ਪਲੇਟਫਾਰਮਾਂ ਦੇ ਅੰਕੜਿਆਂ ਅਨੁਸਾਰ, ਲੱਖਾਂ ਬੈਰਲ ਤੇਲ ਦਾ ਨਿਰਯਾਤ ਕਰਨਾ ਜਾਰੀ ਰੱਖਦਾ ਹੈ।

ਸਮੁੰਦਰੀ ਡੇਟਾ ਫਰਮ ਲੋਇਡਜ਼ ਲਿਸਟ ਇੰਟੈਲੀਜੈਂਸ ਦੇ ਅਨੁਸਾਰ, ਜਲਡਮਰੂ ਵਿੱਚੋਂ ਲੰਘਣ ਵਾਲੇ ਬਹੁਤ ਸਾਰੇ ਜਹਾਜ਼ ਕਥਿਤ ਤੌਰ 'ਤੇ ਪੱਛਮੀ ਸਰਕਾਰ ਦੀਆਂ ਪਾਬੰਦੀਆਂ ਅਤੇ ਨਿਗਰਾਨੀ ਤੋਂ ਬਚ ਕੇ "ਗੈਰ-ਕਾਨੂੰਨੀ" ਆਵਾਜਾਈ ਕਰ ਰਹੇ ਸਨ, ਅਤੇ ਸੰਭਾਵਤ ਤੌਰ 'ਤੇ ਈਰਾਨ ਨਾਲ ਜੁੜੇ ਹੋਏ ਹਨ। ਹਾਲ ਹੀ ਵਿੱਚ, ਸਰਕਾਰਾਂ ਦੁਆਰਾ ਗੱਲਬਾਤ ਤੇਜ਼ ਕਰਨ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨਾਲ ਸਬੰਧਤ ਜਹਾਜ਼ਾਂ ਨੇ ਵੀ ਸਫਲਤਾਪੂਰਵਕ ਜਲਡਮਰੂ ਵਿੱਚੋਂ ਲੰਘਿਆ ਹੈ। ਕੱਚੇ ਤੇਲ ਦੀਆਂ ਕੀਮਤਾਂ $100 ਪ੍ਰਤੀ ਬੈਰਲ ਤੋਂ ਉੱਪਰ ਵਧਣ ਦੇ ਨਾਲ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਹਿਯੋਗੀਆਂ ਅਤੇ ਵਪਾਰਕ ਭਾਈਵਾਲਾਂ 'ਤੇ ਜੰਗੀ ਜਹਾਜ਼ ਭੇਜਣ ਅਤੇ ਤੇਲ ਦੀਆਂ ਕੀਮਤਾਂ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਦਬਾਅ ਪਾਇਆ।

ਹਾਲਾਂਕਿ, ਵਪਾਰ ਡੇਟਾ ਅਤੇ ਵਿਸ਼ਲੇਸ਼ਣ ਪਲੇਟਫਾਰਮ ਕੇਪਲਰ ਦੇ ਅਨੁਮਾਨਾਂ ਦੇ ਅਨੁਸਾਰ, ਈਰਾਨ ਮਾਰਚ ਦੀ ਸ਼ੁਰੂਆਤ ਤੋਂ 16 ਮਿਲੀਅਨ ਬੈਰਲ ਤੋਂ ਵੱਧ ਤੇਲ ਨਿਰਯਾਤ ਕਰਨ ਵਿੱਚ ਕਾਮਯਾਬ ਰਿਹਾ ਹੈ। ਰਿਪੋਰਟ ਦੇ ਅਨੁਸਾਰ, ਪੱਛਮੀ ਪਾਬੰਦੀਆਂ ਅਤੇ ਉਨ੍ਹਾਂ ਨਾਲ ਜੁੜੇ ਜੋਖਮਾਂ ਕਾਰਨ ਚੀਨ ਈਰਾਨੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਰਿਹਾ ਹੈ। ਸਲਾਹਕਾਰ ਫਰਮ ਰੈਂਡਲ ਦੇ ਇੱਕ ਸੀਨੀਅਰ ਅਧਿਕਾਰੀ ਕੁਨ ਕਾਓ ਨੇ ਕਿਹਾ ਕਿ ਈਰਾਨ ਨੇ ਤੇਲ ਦੀ ਵਿਕਰੀ ਤੋਂ ਲਾਭ ਪ੍ਰਾਪਤ ਕਰਨ ਲਈ ਤੰਗ ਜਲ ਮਾਰਗ 'ਤੇ ਆਪਣੇ ਨਿਯੰਤਰਣ ਦੀ ਵਰਤੋਂ ਕੀਤੀ ਹੈ ਅਤੇ ਨਾਲ ਹੀ "ਆਪਣੇ ਨਿਰਯਾਤ ਰਸਤੇ ਨੂੰ ਸੁਰੱਖਿਅਤ ਕੀਤਾ ਹੈ।" 1 ਤੋਂ 15 ਮਾਰਚ ਦੇ ਵਿਚਕਾਰ, ਘੱਟੋ-ਘੱਟ 89 ਜਹਾਜ਼, ਜਿਨ੍ਹਾਂ ਵਿੱਚ 16 ਤੇਲ ਟੈਂਕਰ ਵੀ ਸ਼ਾਮਲ ਹਨ, ਹੋਰਮੁਜ਼ ਜਲਡਮਰੂ ਵਿੱਚੋਂ ਲੰਘੇ। ਇਹ ਸੰਖਿਆ ਯੁੱਧ ਤੋਂ ਪਹਿਲਾਂ ਰੋਜ਼ਾਨਾ ਆਉਣ ਵਾਲੇ ਲਗਭਗ 100 ਤੋਂ 135 ਜਹਾਜ਼ਾਂ ਨਾਲੋਂ ਕਾਫ਼ੀ ਘੱਟ ਹੈ।

# CM ਮਾਨ ਨੇ 4 ਸਾਲ ਪੂਰੇ ਹੋਣ 'ਤੇ Booklet ਕੀਤੀ ਜਾਰੀ

## ਬੋਲੇ-'ਸਰਕਾਰ ਨੇ ਸਾਰੀਆਂ ਗਾਰੰਟੀਆਂ ਕੀਤੀਆਂ ਪੂਰੀਆਂ'



ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਦੇ ਅੱਜ 4 ਸਾਲ ਪੂਰੇ ਹੋ ਗਏ ਹਨ। CM ਮਾਨ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨੇ 4 ਸਾਲ ਦੇ ਰਿਪੋਰਟ ਕਾਰਡ ਦੀ Booklet ਜਾਰੀ ਕੀਤੀ। ਉਨ੍ਹਾਂ ਕਿਹਾ ਕਿ "ਮੈਨੀਫੈਸਟੋ 5 ਸਾਲ ਲਈ ਸੀ ਪਰ ਅਸੀਂ 4 ਸਾਲ 'ਚ ਹੀ ਪੂਰਾ ਕੀਤਾ। ਸਾਡੇ ਵੱਲੋਂ ਜੋ ਵੀ ਵਾਅਦਾ ਕੀਤਾ ਗਿਆ ਸੀ ਉਹ ਪੂਰਾ ਕੀਤਾ ਗਿਆ ਹੈ। ਅਸੀਂ ਇੱਕ ਨਵੀਂ ਸ਼ੁਰੂਆਤ ਕੀਤੀ ਹੈ।

ਆਪਣੀਆਂ ਉਪਲਬਧੀਆਂ ਗਿਣਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਦੱਸਿਆ ਕਿ ਸਰਕਾਰ ਬਣਨ ਦੇ 5 ਮਹੀਨੇ ਦੇ ਅੰਦਰ ਮੁਫ਼ਤ ਬਿਜਲੀ ਕੀਤੀ ਗਈ । ਲੋਕ 600 ਯੂਨਿਟ ਫ੍ਰੀ ਬਿਜਲੀ ਦਾ ਲਾਭ ਲੈ ਰਹੇ ਹਨ। ਬਿਨਾਂ ਕੱਟ ਤੋਂ 8 ਘੰਟੇ ਖੇਤਾਂ ਵਾਲੀ ਬਿਜਲੀ ਦਿੱਤੀ। ਪੰਜਾਬ ਲਈ ਪ੍ਰਾਈਵੇਟ ਥਰਮਲ ਪਲਾਂਟ ਖਰੀਦਿਆ ਗਿਆ ਤੇ ਹੁਣ ਸਾਡੇ ਕੋਲ 3 ਸਰਕਾਰੀ ਥਰਮਲ ਪਲਾਂਟ ਹਨ। ਝਾਰਖੰਡ ਦੀ ਪਛਵਾੜਾ ਕੋਲੇ ਦੀ ਖਾਣ ਸ਼ੁਰੂ ਕਰਵਾਈ ਗਈ ।

ਸਿਹਤ ਦੇ ਖੇਤਰ ਵਿਚ ਆਮ ਆਦਮੀ ਕਲੀਨਿਕ ਵਿਚ ਜਾਂਚ ਦਵਾਈਆਂ ਮੁਫਤ ਦਿੱਤੀਆਂ ਗਈਆਂ। 2661 ਡਾਕਟਰਾਂ ਤੇ ਸਟਾਫ ਦੀ ਭਰਤੀ ਕੀਤੀ ਗਈ। ਸਿੱਖਿਆ ਦੇ ਖੇਤਰ ਵਿਚ ਨੈਸ਼ਨਲ ਅਚੀਵਮੈਂਟ ਸਰਵੇ ਵਿਚ ਪੰਜਾਬ ਨੰਬਰ ਵਨ ਰਿਹਾ। 15 ਹਜ਼ਾਰ ਤੋਂ ਵੱਧ ਟੀਚਰ ਭਰਤੀ ਹੋਏ ਤੇ 12 ਹਜ਼ਾਰ ਤੋਂ ਵਧ ਅਧਿਆਪਕ ਰੈਗੂਲਰ ਕੀਤੇ ਗਏ। 65,264 ਤੋਂ ਵਧ ਨੌਜਵਾਨਾਂ ਨੂੰ ਸਰਕਾਰੀ ਨੌਕਰੀ, ਪ੍ਰਾਈਵੇਟ ਸੈਕਟਰ ਵਿਚ 5 ਲੱਖ ਤੋਂ ਵੱਧ ਨੌਕਰੀਆਂ ਦਿੱਤੀਆਂ। ਇਕ ਹਜ਼ਾਰ ਤੋਂ ਵਧ ਭ੍ਰਿਸ਼ਟਾਚਾਰੀਆਂ ਦੀ ਗ੍ਰਿਫਤਾਰੀ ਕੀਤੀ। ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 95012-00200 ਸ਼ੁਰੂ ਕੀਤੀ। ਇੰਡਸਟਰੀ ਵਿਚ 4 ਸਾਲ ਵਿਚ 1.55 ਕਰੋੜ ਦਾ ਨਿਵਸ਼ ਕੀਤਾ ਗਿਆ ਤੇ ਉਦਯੋਗਿਕ ਤੇ ਵਪਾਰਕ ਵਿਕਾਸ ਨੀਤੀ 2026 ਲਾਗੂ ਕੀਤੀ ਗਈ।

# ਰਾਜਸਥਾਨ ਦੇ ਹਨੂੰਮਾਨਗੜ੍ਹ 'ਚ ਬੱਸ ਅਤੇ ਟ੍ਰੇਲਰ ਟੱਕਰ ਵਿਚ 5 ਲੋਕਾਂ ਦੀ ਮੌਤ



ਰਾਜਸਥਾਨ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਵਿਚ ਅੱਜ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਯਾਤਰੀ ਬੱਸ ਅਤੇ ਇੱਕ ਟ੍ਰੇਲਰ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਦਰਜਨ ਤੋਂ ਵੱਧ ਹੋਰ ਜ਼ਖ਼ਮੀ ਹੋ ਗਏ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਦਾ ਇੱਕ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਹਾਦਸੇ ਕਾਰਨ ਹਾਈਵੇਅ 'ਤੇ ਲੰਬਾ ਟ੍ਰੈਫਿਕ ਜਾਮ ਲੱਗ ਗਿਆ, ਜਿਸ ਨੂੰ ਪੁਲਿਸ ਨੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਸਾਫ਼ ਕਰਵਾਇਆ। ਰਿਪੋਰਟਾਂ ਅਨੁਸਾਰ, ਇਹ ਹਾਦਸਾ ਸਵੇਰੇ 7 ਵਜੇ ਦੇ ਕਰੀਬ ਬਾੜਮੇਰਸਰ ਨੇੜੇ ਸਰਦਾਰਸ਼ਹਿਰ ਰੋਡ 'ਤੇ ਵਾਪਰਿਆ। ਬੱਸ ਸ਼੍ਰੀ ਗੰਗਾਨਗਰ ਦੇ ਰਾਵਤਸਰ ਤੋਂ ਜੈਪੁਰ ਜਾ ਰਹੀ ਸੀ। ਚਸ਼ਮਦੀਦਾਂ ਨੇ ਦੱਸਿਆ ਕਿ ਸਰ੍ਹੋਂ ਨਾਲ ਭਰੇ ਦੋ ਟ੍ਰੇਲਰ ਸੜਕ ਦੇ ਕਿਨਾਰੇ ਖੜ੍ਹੇ ਸਨ। ਬੱਸ ਡਰਾਈਵਰ ਨੇ ਉਨ੍ਹਾਂ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ, ਉਦੋਂ ਹੀ ਬੱਸ ਉਲਟ ਦਿਸ਼ਾ ਤੋਂ ਆ ਰਹੇ ਇੱਕ ਟ੍ਰੇਲਰ ਟਰੱਕ ਨਾਲ ਟਕਰਾ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਐਂਬੂਲੈਂਸ ਮੌਕੇ 'ਤੇ ਪਹੁੰਚੀਆਂ। ਪੁਲਿਸ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕੀਤੇ ਅਤੇ ਸਥਾਨਕ ਨਿਵਾਸੀਆਂ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਬੱਸ ਵਿੱਚੋਂ ਬਾਹਰ ਕੱਢਿਆ। ਫਿਰ ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਹਾਦਸੇ ਵਿੱਚ ਗੰਭੀਰ ਜ਼ਖ਼ਮੀਆਂ ਨੂੰ ਇਲਾਜ ਲਈ ਹਨੂੰਮਾਨਗੜ੍ਹ ਜ਼ਿਲ੍ਹਾ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ।

# ਐਰੋਸਿਟੀ 'ਚ ਗੁਟਕਾ ਸਾਹਿਬ ਦੀ ਬੇਅਦਬੀ, ਖਿਲਰੇ ਮਿਲੇ ਅੰਗ

ਜ਼ੀਰਕਪੁਰ: ਐਰੋਸਿਟੀ ਦੇ ਐੱਚ-ਬਲਾਕ ਵਿੱਚ ਗੁਟਕਾ ਸਾਹਿਬ ਦੇ ਫਟੇ ਹੋਏ ਅੰਗ ਮਿਲੇ ਹਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਸਿੱਖ ਸੰਗਤ ਅਤੇ ਨਿਵਾਸੀ ਵੱਡੀ ਗਿਣਤੀ ਵਿਚ ਮੌਕੇ 'ਤੇ ਇਕੱਠੇ ਹੋ ਗਏ ਅਤੇ ਇਸ ਕਾਰੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਇਸ ਮਾਮਲੇ 'ਚ ਪੁਲਿਸ ਨੇ ਅਣਪਛਾਤੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿਤੀ ਹੈ। ਜਾਂਚ ਅਧਿਕਾਰੀ ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਕਰੀਬ 11 ਵਜੇ ਸੂਚਨਾ ਮਿਲੀ ਸੀ ਕਿ ਐੱਚ-ਬਲਾਕ ਦੀ ਸਰਵਿਸ ਰੋਡ 'ਤੇ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਹਨ।

ਸੂਚਨਾ ਪਾ ਕੇ ਪੁਲਿਸ ਟੀਮ ਤੁਰਤ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਜਾਂਚ ਦੌਰਾਨ ਪੁਲਿਸ ਨੇ ਮੌਕੇ ਤੋਂ ਕਰੀਬ 58 ਅੰਗ ਬਰਾਮਦ ਕੀਤੇ। ਮਰਯਾਦਾ ਦਾ ਧਿਆਨ ਰੱਖਦੇ ਹੋਏ ਪੁਲਿਸ ਨੇ ਇਨ੍ਹਾਂ ਅੰਗਾਂ ਨੂੰ ਸੁਰੱਖਿਅਤ ਤਰੀਕੇ ਨਾਲ ਇਕੱਠਾ ਕਰ ਕੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ, ਪਟਿਆਲਾ ਵਿਖੇ ਜਮ੍ਹਾਂ ਕਰਵਾ ਦਿੱਤੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਇਲਾਕੇ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਹਰਕਤ ਕਿਸ ਨੇ ਅਤੇ ਕਿਸ ਸਮੇਂ ਕੀਤੀ।

# ਨਿੱਕੇ ਸਿੱਧੂ ਦੇ ਜਨਮ ਦਿਨ 'ਤੇ ਹਵੇਲੀ 'ਚ ਜਸ਼ਨ, ਮਾਤਾ ਚਰਨ ਕੌਰ ਨੇ ਪਾਈ ਭਾਵੁਕ ਪੋਸਟ



ਅੱਜ ਸਵਰਗੀ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਨਿੱਕੇ ਭਰਾ ਸੁਭਦੀਪ ਸਿੰਘ ਦਾ ਜਨਮਦਿਨ ਹੈ। ਇਸ ਮੌਕੇ 'ਤੇ ਪ੍ਰਸ਼ੰਸਕ ਸਿੱਧੂ ਮੂਸੇਵਾਲਾ ਦੀ ਹਵੇਲੀ 'ਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦੇਣ ਲਈ ਪਹੁੰਚ ਰਹੇ ਹਨ। ਪ੍ਰਸ਼ੰਸਕ ਨਿੱਕੇ ਸਿੱਧੂ ਨਾਲ ਕੇਕ ਕੱਟ ਕੇ ਉਸ ਦਾ ਜਨਮਦਿਨ ਮਨਾ ਰਹੇ ਹਨ। ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ, ਚਰਨ ਕੌਰ ਅਤੇ ਬਲਕੌਰ ਸਿੰਘ, ਉਨ੍ਹਾਂ ਦੇ ਘਰ ਆਉਣ ਵਾਲੇ ਹਰ ਵਿਅਕਤੀ ਦਾ ਸਵਾਗਤ ਕਰ ਰਹੇ ਹਨ। ਨਿੱਕਾ ਸਿੱਧੂ ਅੱਜ ਦੋ ਸਾਲ ਦਾ ਹੋ ਗਿਆ। ਸਿੱਧੂ ਮੂਸੇਵਾਲਾ ਦੇ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਉਨ੍ਹਾਂ ਦੇ ਘਰ ਆ ਰਹੇ ਹਨ ਅਤੇ ਨਿੱਕੇ ਸਿੱਧੂ ਨਾਲ ਕੇਕ ਕੱਟ ਕੇ ਜਸ਼ਨ ਮਨਾ ਰਹੇ ਹਨ। ਮਾਤਾ-ਪਿਤਾ ਚਰਨ ਕੌਰ ਅਤੇ ਬਲਕੌਰ ਸਿੰਘ ਉਨ੍ਹਾਂ ਦੇ ਘਰ ਆਉਣ ਵਾਲੇ ਹਰ ਵਿਅਕਤੀ ਦਾ ਧੰਨਵਾਦ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਵੇਂ ਲੋਕ ਉਨ੍ਹਾਂ ਦੇ ਵੱਡੇ ਪੁੱਤਰ ਨੂੰ ਪਿਆਰ ਕਰਦੇ ਸਨ, ਉਸੇ ਤਰ੍ਹਾਂ ਉਨ੍ਹਾਂ ਦੇ ਛੋਟੇ ਪੁੱਤਰ ਨੂੰ ਵੀ ਉਹੀ ਪਿਆਰ ਮਿਲ ਰਿਹਾ ਹੈ। ਸਿੱਧੂ ਮੂਸੇਵਾਲਾ ਦੇ ਪਿਤਾ, ਬਲਕੌਰ ਸਿੰਘ ਨੇ ਕਿਹਾ ਕਿ ਭਾਵੇਂ ਉਨ੍ਹਾਂ ਦਾ ਵੱਡਾ ਪੁੱਤਰ ਹੁਣ ਇਸ ਦੁਨੀਆ ਵਿੱਚ ਨਹੀਂ ਹੈ, ਪਰ ਉਸ ਦੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਕਦੇ ਵੀ ਉਸ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਇਸ ਦੌਰਾਨ, ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਕਿਹਾ ਕਿ ਵਾਹਿਗੁਰੂ ਨੇ ਉਨ੍ਹਾਂ ਦੇ ਘਰ ਖੁਸ਼ੀਆਂ ਵਾਪਸ ਲਿਆਂਦੀਆਂ ਹਨ ਅਤੇ ਲੋਕ ਉਨ੍ਹਾਂ ਦੇ ਛੋਟੇ ਪੁੱਤਰ ਨੂੰ ਪਿਆਰ ਕਰ ਰਹੇ ਹਨ ਅਤੇ ਤਸਵੀਰਾਂ ਖਿੱਚਵਾ ਕੇ ਉਸ ਦਾ ਜਨਮ ਦਿਨ ਮਨਾ ਰਹੇ ਹਨ। ਇਸ ਸ਼ੁਭ ਮੌਕੇ 'ਤੇ ਮਾਤਾ ਚਰਨ ਕੌਰ ਨੇ ਭਾਵੁਕ ਪੋਸਟ ਵੀ ਪਾਈ, ਜਿਸ ਵਿਚ ਕਿਹਾ-

ਬਰਕਤਾਂ ਦੀ ਛਾਂ ਹੇਠਾਂ ਰਹੇ ਤੇਰਾ ਹਰ ਇਕ ਸਾਲ,
ਰੱਬ ਕਰੇ ਹੱਸਦਾ ਰਹੇਂ ਤੂੰ ਹਰ ਵੇਲੇ ਨਾਲ ਨਾਲ
ਅੱਜ ਦੋ ਸਾਲਾਂ ਦਾ ਹੋ ਗਿਆ ਸਾਡਾ ਨਿੱਕਾ ਚਾਨਣ,
ਤੇਰੇ ਨਾਲ ਰੌਸ਼ਨ ਹੋਇਆ ਸਾਡਾ ਸੁੰਨਾ ਆਂਗਣ
ਜਿੱਥੇ ਕਦੇ ਖਾਮੋਸ਼ੀ ਸੀ ਤੇ ਹੰਝੂਆਂ ਦਾ ਰਾਗ ਸੀ,
ਜਿਹੜੇ ਮਹਿਲਾ ਦੇ ਸੁੰਨੇ ਹੋ ਗਏ ਬਾਗ ਸੀ
ਤੂੰ ਆਕੇ ਜੋੜਿਆ ਜੋ ਹੋ ਗਿਆ ਵਿਰਾਨ ਸੀ,
ਤੇਰੇ ਨਿੱਕੇ ਨਿੱਕੇ ਕਦਮ ਸਾਡੀ ਰਾਹ ਬਣਾਉਂਦੇ ਨੇ,
ਤੇਰੀਆਂ ਗੱਲਾਂ ਸਾਡੇ ਦਿਲਾਂ ਨੂੰ ਜੀਣਾ ਸਿਖਾਉਂਦੇ ਨੇ
ਤੂੰ ਸਾਡੇ ਸੁੱਖ ਦਾ ਕਾਰਨ, ਸਾਡੀ ਦੁਆਵਾਂ ਦਾ ਨੂਰ ਏ,
ਸਾਡੇ ਹਰ ਸੁਪਨੇ ਦੇ ਹੋਣ ਦੀ ਹੋਂਦ ਏ
ਰੱਬ ਕਰੇ ਤੂੰ ਸਦਾ ਚੜ੍ਹਦੀ ਕਲਾ ਵਿੱਚ ਰਹੇਂ,
ਤੇਰੇ ਬਾਈ ਵੱਲੋਂ ਤੇ ਸਾਡੇ ਵੱਲੋਂ ਜਨਮਦਿਨ ਮੁਬਾਰਕ ਪੁੱਤ

# ਰਿਸ਼ਵਤਖੋਰੀ ਮਾਮਲਾ: ਮੁਅੱਤਲ DIG ਹਰਚਰਨ ਸਿੰਘ ਭੁੱਲਰ ਨੇ CBI ਅਦਾਲਤ ਦੇ ਹੁਕਮ ਨੂੰ ਦਿੱਤੀ ਚੁਣੌਤੀ



ਚੰਡੀਗੜ੍ਹ: ਪੰਜਾਬ ਪੁਲਿਸ ਦੇ ਮੁਅੱਤਲ ਡਿਪਟੀ ਇੰਸਪੈਕਟਰ ਜਨਰਲ (DIG) ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਸਹਿਯੋਗੀ ਕਿਰਸ਼ਾਨੂ ਸ਼ਾਰਦਾ ਨੇ ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. (CBI) ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਹੈ। ਇਸ ਅਰਜ਼ੀ ਰਾਹੀਂ ਉਨ੍ਹਾਂ ਨੇ ਅਦਾਲਤ ਵੱਲੋਂ ਪਿਛਲੇ ਸਾਲ ਦਰਜ ਹੋਏ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਲਏ ਗਏ ਨੋਟਿਸ (Cognisance) ਦੇ ਹੁਕਮ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ।

ਅਧੂਰਾ ਚਲਾਨ: ਮੁਅੱਤਲ DIG ਨੇ ਦਲੀਲ ਦਿੱਤੀ ਹੈ ਕਿ ਅਦਾਲਤ ਨੇ ਅਜਿਹੇ ਸਮੇਂ ਨੋਟਿਸ ਲਿਆ ਹੈ ਜਦੋਂ ਪ੍ਰੌਸੀਕਿਊਸ਼ਨ ਵੱਲੋਂ ਪੇਸ਼ ਕੀਤਾ ਗਿਆ ਚਲਾਨ ਅਜੇ ਅਧੂਰਾ ਹੈ। ਅਰਜ਼ੀ ਅਨੁਸਾਰ, ਸੀ.ਐਫ.ਐਸ.ਐਲ. (CFSL) ਰਿਪੋਰਟ ਨਾਲ ਸਬੰਧਤ ਦਸਤਾਵੇਜ਼ ਅਜੇ ਤੱਕ ਮੁਹੱਈਆ ਨਹੀਂ ਕਰਵਾਏ ਗਏ ਹਨ।

ਪ੍ਰਵਾਨਗੀ ਦੀ ਵੈਧਤਾ: ਬਚਾਅ ਪੱਖ ਦੇ ਵਕੀਲ ਅਨੁਸਾਰ, ਮੁਕੱਦਮਾ ਚਲਾਉਣ ਲਈ ਲਈ ਗਈ ਪ੍ਰਵਾਨਗੀ (Prosecution Sanction) ਅਵੈਧ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਮੁਲਜ਼ਮ ਪੰਜਾਬ ਸਰਕਾਰ ਦਾ ਕਰਮਚਾਰੀ ਹੈ, ਇਸ ਲਈ ਰਾਜ ਸਰਕਾਰ ਦੀ ਸਹਿਮਤੀ ਲੈਣੀ ਲਾਜ਼ਮੀ ਸੀ, ਜੋ ਕਿ ਨਹੀਂ ਲਈ ਗਈ।

ਅਧਿਕਾਰ ਖੇਤਰ: ਅਰਜ਼ੀ ਵਿੱਚ ਇਸ ਮਾਮਲੇ ਦੀ ਸੁਣਵਾਈ ਦੇ ਅਧਿਕਾਰ ਖੇਤਰ (Jurisdiction) ਨੂੰ ਵੀ ਚੁਣੌਤੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 13 ਮਾਰਚ, 2026 ਨੂੰ ਸੀ.ਬੀ.ਆਈ. ਅਦਾਲਤ ਨੇ ਇਸ ਮਾਮਲੇ ਵਿੱਚ ਸੰਗਿਆਨ ਲੈਂਦਿਆਂ ਕਿਹਾ ਸੀ ਕਿ ਰਿਸ਼ਵਤ ਦੀ ਮੰਗ, ਪੈਸਿਆਂ ਦੀ ਬਰਾਮਦਗੀ, ਇਲੈਕਟ੍ਰਾਨਿਕ ਸਬੂਤ ਅਤੇ ਗਵਾਹਾਂ ਦੇ ਬਿਆਨ ਪਹਿਲੀ ਨਜ਼ਰੇ ਮੁਲਜ਼ਮਾਂ ਵਿਚਕਾਰ ਅਪਰਾਧਿਕ ਸਾਜ਼ਿਸ਼ ਨੂੰ ਸਾਬਤ ਕਰਦੇ ਹਨ। ਅਦਾਲਤ ਨੇ ਦੋਵਾਂ ਵਿਰੁੱਧ BNS, 2023 ਦੀ ਧਾਰਾ 61 (2) ਅਤੇ ਭ੍ਰਿਸ਼ਟਾਚਾਰ ਰੋਕੂ ਐਕਟ (PC Act), 1988 ਦੀਆਂ ਧਾਰਾਵਾਂ 7 ਅਤੇ 12 ਤਹਿਤ ਅਪਰਾਧਿਕ ਮਾਮਲਾ ਬਣਦਾ ਦੱਸਿਆ ਸੀ। ਮਾਮਲੇ ਦੀ ਅਗਲੀ ਸੁਣਵਾਈ ਹੁਣ 27 ਮਾਰਚ ਨੂੰ ਹੋਵੇਗੀ।



# ਹਵਾਈ ਯਾਤਰੀਆਂ ਨੂੰ ਮਨਪਸੰਦ ਸੀਟਾਂ ਲਈ ਨਹੀਂ ਦੇਣੇ ਪੈਣਗੇ ਵਾਧੂ ਪੈਸੇ



ਹਵਾਈ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਇੱਕ ਰਾਹਤ ਭਰੀ ਖਬਰ ਹੈ। ਦਰਅਸਲ ਹੁਣ ਯਾਤਰੀਆਂ ਨੂੰ ਮਨਪਸੰਦ ਸੀਟਾਂ ਚੁਣਨ ਲਈ ਵਾਧੂ ਪੈਸੇ ਨਹੀਂ ਦੇਣੇ ਪੈਣਗੇ। ਕੇਂਦਰ ਸਰਕਾਰ ਨੇ ਏਅਰਲਾਈਨਾਂ ਨੂੰ ਘਰੇਲੂ ਉਡਾਣਾਂ ਵਿੱਚ 60 ਫੀਸਦੀ ਸੀਟਾਂ ’ਤੇ ਯਾਤਰੀਆਂ ਤੋਂ ਵਾਧੂ ਚਾਰਜ ਨਾ ਵਸੂਲਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਬੁੱਧਵਾਰ ਨੂੰ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (DGCA) ਨੇ ਏਅਰਲਾਈਨਾਂ ਨੂੰ ਕਿਸੇ ਵੀ ਉਡਾਣ ਦੀਆਂ ਘੱਟੋ-ਘੱਟ 60 ਫੀਸਦੀ ਸੀਟਾਂ ਬਿਨਾ ਕਿਸੇ ਵਾਧੂ ਚਾਰਜ ਦੇ ਅਲਾਟ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਯਾਤਰੀਆਂ ਦੀ ਸਹੂਲਤ ਵਿੱਚ ਵਾਧਾ ਕਰਦੇ ਹੋਏ ਏਅਰਲਾਈਨਾਂ ਨੂੰ ਕਿਹਾ ਗਿਆ ਹੈ ਕਿ ਇੱਕੋ ਪੀ ਐੱਨ ਆਰ (Passenger Name Record) ’ਤੇ ਯਾਤਰਾ ਕਰਨ ਵਾਲਿਆਂ ਨੂੰ ਫਲਾਈਟ ਵਿੱਚ ਇਕੱਠੇ ਬਿਠਾਇਆ ਜਾਵੇ ਅਤੇ ਜੇਕਰ ਸੰਭਵ ਹੋਵੇ ਤਾਂ ਨੇੜਲੀਆਂ ਹੀ ਸੀਟਾਂ ਦਿੱਤੀਆਂ ਜਾਣ।

ਇੱਕ ਏਅਰਲਾਈਨ ਅਧਿਕਾਰੀ ਮੁਤਾਬਕ ਹੁਣ ਤਕ 20 ਫੀਸਦੀ ਸੀਟਾਂ ਹੀ ਬਿਨਾ ਕਿਸੇ ਵਾਧੂ ਚਾਰਜ ਦੇ ਬੁੱਕ ਕੀਤੀਆਂ ਜਾ ਸਕਦੀਆਂ ਸਨ ਜਦਕਿ ਬਾਕੀ ਸੀਟਾਂ ਲਈ ਭੁਗਤਾਨ ਕਰਨਾ ਪੈਂਦਾ ਸੀ। ਬੁੱਧਵਾਰ ਨੂੰ X ’ਤੇ ਇੱਕ ਪੋਸਟ ਵਿੱਚ, ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮਮੋਹਨ ਨਾਇਡੂ ਨੇ ਕਿਹਾ ਕਿ ਯਾਤਰੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਮਹੱਤਵਪੂਰਨ ਨਿਰਦੇਸ਼ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ, "60 ਫੀਸਦੀ ਸੀਟਾਂ ਵਾਧੂ ਚਾਰਜ ਦੇ ਬਿਨਾ, ਪਰਿਵਾਰਾਂ ਲਈ ਇਕੱਠੇ ਬੈਠਣ ਨੂੰ ਯਕੀਨੀ ਬਣਾਉਣਾ ਅਤੇ ਖੇਡਾਂ ਦੇ ਸਾਮਾਨ, ਸੰਗੀਤਕ ਸਾਜ਼ਾਂ ਤੇ ਪਾਲਤੂ ਜਾਨਵਰਾਂ ਨੂੰ ਲਿਜਾਣ ਲਈ ਸਪੱਸ਼ਟ, ਪਾਰਦਰਸ਼ੀ ਨਿਯਮ ਅਤੇ ਨੀਤੀਆਂ ਵੀ (ਏਅਰਲਾਈਨਾਂ ਨੂੰ) ਤਿਆਰ ਕਰਨਗੀਆਂ ਹੋਣਗੀਆਂ।" ਉਨ੍ਹਾਂ ਕਿਹਾ ਕਿ ਫਲਾਈਟ ਉੱਡਣ ਵਿੱਚ ਦੇਰੀ ਅਤੇ ਰੱਦ ਹੋਣ ਦੇ ਸਮੇਂ ਯਾਤਰੀਆਂ ਦੇ ਅਧਿਕਾਰਾਂ ਨੂੰ ਸਖਤੀ ਨਾਲ ਲਾਗੂ ਕਰਨਾ ਹੋਵੇਗਾ ਅਤੇ ਉਨ੍ਹਾਂ ਦੀ ਸਪੱਸ਼ਟ ਜਾਣਕਾਰੀ ਦੇਣੀ ਹੋਵੇਗੀ।

# ਕੈਨੇਡਾ: ਲੁਟੇਰਿਆਂ ਨਾਲ ਭਿੜਿਆ ਮਕਾਨ ਮਾਲਕ

## * ਗੋਲੀਆਂ ਚੱਲਣ ਮਗਰੋਂ ਫ਼ਰਾਰ ਹੋਏ ਤਿੰਨ ਸ਼ੱਕੀ

## * ਗੋਲੀ ਲੱਗਣ ਕਾਰਨ ਜ਼ਖਮੀ ਇਕ ਸ਼ੱਕੀ ਪੁਲਿਸ ਨੇ ਹਿਰਾਸਤ ਵਿਚ ਲਿਆ



ਵੌਅਨ : ਕੈਨੇਡਾ ਵਿਚ ਹਥਿਆਰਬੰਦ ਲੁਟੇਰੇ ਅੱਡੀਆਂ ਨੂੰ ਥੁੱਕ ਲਾ ਕੇ ਦੌੜੇ ਜਦੋਂ ਘਰ ਦੇ ਮਾਲਕ ਨੇ ਗੋਲੀਆਂ ਚਲਾ ਦਿਤੀਆਂ ਅਤੇ ਲੁਟੇਰਿਆਂ ਵਿਚੋਂ ਇਕ ਜ਼ਖ਼ਮੀ ਹੋ ਗਿਆ। ਜੀ ਹਾਂ, ਉਨਟਾਰੀਓ ਦੇ ਵੌਅਨ ਸ਼ਹਿਰ ਦੀ ਵੀਡੀਓ ਪੁਲਿਸ ਵੱਲੋਂ ਜਾਰੀ ਕੀਤੀ ਗਈ ਹੈ ਜਿਸ ਵਿਚ ਤਿੰਨ ਸ਼ੱਕੀਆਂ ਨੂੰ ਦਰਵਾਜ਼ਾ ਤੋੜ ਕੇ ਘਰ ਅੰਦਰ ਦਾਖਲ ਹੁੰਦਿਆਂ ਦੇਖਿਆ ਜਾ ਸਕਦਾ ਹੈ ਪਰ ਕੁਝ ਹੀ ਪਲਾਂ ਵਿਚ ਉਹ ਬਾਹਰ ਵੱਲ ਦੌੜਦੇ ਨਜ਼ਰ ਆਉਂਦੇ ਹਨ। ਵਾਰਦਾਤ ਸੋਮਵਾਰ ਅਤੇ ਮੰਗਲਵਾਰ ਦੀ ਦਰਮਿਆਨ ਰਾਤ ਵਾਪਰੀ ਅਤੇ ਯਾਰਕ ਰੀਜਨਲ ਪੁਲਿਸ ਨੇ ਇਕ ਸ਼ੱਕੀ ਨੂੰ ਕਾਬੂ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਕਾਰਵਿਲ ਵੁਡਜ਼ ਸਰਕਲ ਅਤੇ ਕ੍ਰਿਮਸਨ ਫੌਰੈਸਟ ਡਰਾਈਵ ਇਲਾਕੇ ਵਿਚ ਤਿੰਨ ਸ਼ੱਕੀਆਂ ਨੇ ਇਕ ਘਰ ਲੁੱਟਣ ਦਾ ਯਤਨ ਕੀਤਾ। ਘਰ ਦਾ ਦਰਵਾਜ਼ਾ ਟੁੱਟਣ ਦੀ ਆਵਾਜ਼ ਸੁਣ ਦੇ ਮਾਲਕ ਸੁਚੇਤ ਹੋ ਗਿਆ ਜਿਸ ਕੋਲ ਲਾਇਸੰਸਸ਼ੁਦਾ ਪਸਤੌਲ ਮੌਜੂਦ ਸੀ।

ਲੁਟੇਰਿਆਂ ਤੋਂ ਮੋੜਵਾਂ ਵਾਰ ਬਰਦਾਸ਼ਤ ਨਾ ਹੋਇਆ ਅਤੇ ਕਾਲੇ ਰੰਗ ਦੇ ਪਿਕਅੱਪ ਟਰੱਕ ਵਿਚ ਫ਼ਰਾਰ ਹੋ ਗਏ। ਵਾਰਦਾਤ ਤੋਂ ਤਿੰਨ ਘੰਟੇ ਬਾਅਦ ਤਕਰੀਬਨ ਸਵਾ ਤਿੰਨ ਵਜੇ ਯਾਰਕ ਰੀਜਨਲ ਪੁਲਿਸ ਨੂੰ ਟੋਰਾਂਟੋ ਦੇ ਇਕ ਹਸਪਤਾਲ ਵਿਚ ਗੋਲੀ ਨਾਲ ਜ਼ਖਮੀ ਸ਼ਖਸ ਦੇ ਪੁੱਜਣ ਦੀ ਰਿਪੋਰਟ ਮਿਲੀ। ਜਾਂਚਕਰਤਾਵਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸ਼ਖਸ ਵੌਅਨ ਦੇ ਘਰ ਵਿਚ ਡਾਕੇ ਦੌਰਾਨ ਜ਼ਖਮੀ ਹੋਇਆ ਹੋਵੇਗਾ। ਸ਼ੱਕੀ ਸਥਿਰ ਹਾਲਤ ਵਿਚ ਹਸਪਤਾਲ ਦਾਖਲ ਹੈ ਅਤੇ ਛੁੱਟੀ ਮਿਲਦਿਆਂ ਹੀ ਪੁਲਿਸ ਵਾਲੇ ਲੈ ਜਾਣਗੇ। ਯਾਰਕ ਰੀਜਨਲ ਪੁਲਿਸ ਨੇ ਮੰਗਲਵਾਰ ਨੂੰ ਦੱਸਿਆ ਕਿ ਕਾਲੇ ਪਿਕਅੱਪ ਟਰੱਕ ਵਿਚ ਹੀ ਲੁਟੇਰੇ ਆਪਣੇ ਸਾਥੀ ਨੂੰ ਹਸਪਤਾਲ ਛੱਡ ਕੇ ਗਏ। ਦੂਜੇ ਪਾਸੇ ਗੋਲੀ ਚਲਾਉਣ ਵਾਲੇ ਵੌਅਨ ਦੇ ਮਕਾਨ ਮਾਲਕ ਵਿਰੁੱਧ ਫ਼ਿਲਹਾਲ ਕੋਈ ਦੋਸ਼ ਆਇਦ ਨਹੀਂ ਕੀਤਾ ਗਿਆ।

ਯਾਰਕ ਰੀਜਨਲ ਪੁਲਿਸ ਦੇ ਕਾਰਜਕਾਰੀ ਮੁਖੀ ਸਸੀਲ ਹੈਮੰਡ ਨੇ ਕਿਹਾ ਕਿ ਹਥਿਆਰਬੰਦ ਲੁਟੇਰਿਆਂ ਦੇ ਘਰ ਵਿਚ ਦਾਖਲ ਹੋਣ ਮਗਰੋਂ ਪਰਵਾਰ ਵਾਸਤੇ ਵੱਡਾ ਖ਼ਤਰਾ ਪੈਦਾ ਹੋ ਗਿਆ। ਕੈਨੇਡਾ ਦਾ ਕ੍ਰਿਮੀਨਲ ਕੋਡ ਹਰ ਸ਼ਖਸ ਨੂੰ ਆਪਣੀ ਅਤੇ ਆਪਣੇ ਪਰਵਾਰ ਦੀ ਰਾਖੀ ਵਾਸਤੇ ਤਾਕਤ ਵਰਤਣ ਦੀ ਖੁੱਲ੍ਹ ਦਿੰਦਾ ਹੈ ਜਦੋਂ ਬੇਹੱਦ ਲਾਜ਼ਮੀ ਹੋ ਜਾਵੇ। ਹਰ ਮਾਮਲੇ ਵਿਚ ਹਾਲਾਤ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ ਮਕਾਨ ਮਾਲਕਾਂ ਨੂੰ ਅਜਿਹੀਆਂ ਵਾਰਦਾਤਾਂ ਲਈ ਚਾਰਜ ਕੀਤਾ ਜਾ ਸਕਦਾ ਹੈ। ਪੁਲਿਸ ਵੱਲੋਂ ਪੀੜਤ ਪਰਵਾਰ ਦੀ ਸ਼ਨਾਖਤ ਜਨਤਕ ਨਹੀਂ ਕੀਤੀ ਗਈ ਅਤੇ ਸਿਰਫ਼ ਐਨਾ ਦੱਸਿਆ ਕਿ ਵਾਰਦਾਤ ਵੇਲੇ ਅਧਖੜ ਸ਼ਖਸ ਅਤੇ ਬਜ਼ੁਰਗ ਉਮਰ ਦੀ ਇਕ ਔਰਤ ਘਰ ਵਿਚ ਮੌਜੂਦ ਸਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਡੈਸ਼ਕੈਮ ਫੁਟੇਜ ਜਾਂ ਕੋਈ ਹੋਰ ਜਾਣਕਾਰੀ ਹੋਵੇ ਤਾਂ ਜਾਂਚਕਰਤਾਵਾਂ ਨਾਲ ਸੰਪਰਕ ਕਰੇ।

# ਚੰਡੀਗੜ੍ਹ ਦੇ ਸੈਕਟਰ 9 ਦੇ ਜਿਮ ਬਾਹਰ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ




ਚੰਡੀਗੜ੍ਹ ਦੇ ਸੈਕਟਰ 9 ਵਿੱਚ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਉਹ ਬਾਡੀਜ਼ੋਨ ਜਿਮ ਤੋਂ ਨਿਕਲ ਕੇ ਆਪਣੀ ਕਾਰ ਵਿੱਚ ਜਾ ਰਿਹਾ ਸੀ ਉਦੋਂ ਹੀ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਸ ’ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਤੋਂ ਬਾਅਦ ਉਹ ਡਰਾਈਵਰ ਸੀਟ ’ਤੇ ਡਿੱਗ ਪਿਆ।

ਇਸ ਤੋਂ ਬਾਅਦ ਉਸ ਦੇ ਸਾਥੀਆਂ ਨੇ ਉਸ ਨੂੰ ਤੁਰੰਤ ਪੀਜੀਆਈ ਲਿਆਂਦਾ ਪਰ ਰਸਤੇ ਵਿਚ ਹੀ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਪਛਾਣ ਚਰਨਜੀਤ ਉਰਫ਼ ਚੰਨੀ ਵਜੋਂ ਹੋਈ ਹੈ, ਜੋ ਕਿ ਕੁੱਬਾਹੇੜੀ ਦਾ ਰਹਿਣ ਵਾਲਾ ਹੈ।

ਜਿਸ ਇਲਾਕੇ ਵਿੱਚ ਇਹ ਘਟਨਾ ਵਾਪਰੀ ਹੈ, ਉਸ ਨੂੰ ਚੰਡੀਗੜ੍ਹ ਦਾ ਇੱਕ ਪ੍ਰਮੁੱਖ ਇਲਾਕਾ ਮੰਨਿਆ ਜਾਂਦਾ ਹੈ, ਜਿੱਥੇ ਕਈ ਪ੍ਰਸਿੱਧ ਵਿਦਿਅਕ ਸੰਸਥਾਵਾਂ, ਹਸਪਤਾਲ ਅਤੇ ਦਫ਼ਤਰ ਹਨ। ਪੁਲਿਸ ਵਲੋਂ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਆਸ-ਪਾਸ ਲੱਗੇ ਛਛਠੜ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ।

# ਸਿੱਖ ਲੜਕੀਆਂ ਨੂੰ ਮੁਸਲਮਾਨ ਬਣਾਉਣ ਲਈ ਦਿੱਤੇ ਜਾ ਰਹੇ 10,000 ਪੌਂਡ



ਲੁਧਿਆਣਾ : ਬ੍ਰਿਟੇਨ ਵਿੱਚ ਕੌਰ-ਟੂ-ਖਾਨ ਮੂਵਮੈਂਟ ਚੱਲ ਰਿਹਾ ਹੈ । ਸਿੱਖ ਲੜਕੀਆਂ ਨੂੰ ਫਸਾ ਕੇ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਹੈ । ਇਸ ਲਈ ਯੂਕੇ ਵਿੱਚ ਪਾਕਿਸਤਾਨੀ ਗਰੂਮਿੰਗ ਗੈਂਗ ਸਰਗਰਮ ਹਨ । ਇੰਗਲੈਂਡ ਵਿੱਚ ਰਹਿਣ ਵਾਲੇ ਪੰਜਾਬੀ ਨਵਦੀਪ ਸਿੰਘ ਨੇ ਇੱਕ ਯੁਵਤੀ ਦਾ ਵੀਡੀਓ ਪੋਸਟ ਕੀਤਾ ਹੈ, ਜਿਸ ਵਿੱਚ ਉਹ ਯੁਵਤੀ ਇਹ ਸਾਰੇ ਦਾਅਵੇ ਕਰ ਰਹੀ ਹੈ। ਜਦਕਿ ਰੋਜ਼ਾਨਾ ਸਪੋਕਸਮੈਨ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਕਰਦਾ।

ਸਿੱਖ ਲੜਕੀ ਨੇ ਵੀਡੀਓ ਵਿੱਚ ਦਾਅਵਾ ਕੀਤਾ ਕਿ ਯੂਕੇ ਵਿੱਚ ਗਰੂਮਿੰਗ ਗੈਂਗ ਨੂੰ ਕੌਰ (ਸਿੱਖ ਲੜਕੀ) ਨੂੰ ਖਾਨ (ਮੁਸਲਿਮ) ਬਣਾਉਣ ਤੇ 10 ਹਜ਼ਾਰ ਪਾਊਂਡ ਦਿੱਤੇ ਜਾਂਦੇ ਹਨ । ਸਿੱਖ ਲੜਕੀ ਦਾ ਕਹਿਣਾ ਹੈ ਕਿ ਪਾਕਿਸਤਾਨੀ ਮੂਲ ਦੇ ਗਰੂਮਿੰਗ ਗੈਂਗ ਸੋਚ-ਸਮਝ ਕੇ ਸਾਜ਼ਿਸ਼ ਅਧੀਨ ਗੈਰ-ਮੁਸਲਿਮ ਲੜਕੀਆਂ ਨੂੰ, ਖਾਸ ਕਰਕੇ ਸਿੱਖ ਲੜਕੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਸਿੱਖ ਲੜਕੀ ਨੇ ਗਰੂਮਿੰਗ ਗੈਂਗ ਦੀ ਨੀਤੀ ਦਾ ਵੀ ਖੁਲਾਸਾ ਕੀਤਾ। ਉਸ ਦਾ ਕਹਿਣਾ ਹੈ ਕਿ ਗਰੂਮਿੰਗ ਗੈਂਗ ਪਹਿਲਾਂ ਲੜਕੀਆਂ ਨੂੰ ਟਾਰਗੇਟ ਕਰਦੇ ਹਨ ਅਤੇ ਉਨ੍ਹਾਂ ਨਾਲ ਇਮੋਸ਼ਨਲੀ ਅਟੈਚ ਹੁੰਦੇ ਹਨ, ਫਿਰ ਉਨ੍ਹਾਂ ਨੂੰ ਮਹਿੰਗੀਆਂ ਗੱਡੀਆਂ ਅਤੇ ਰੈਸਟੋਰੈਂਟਾਂ ਵਿੱਚ ਘੁੰਮਾਉਂਦੇ ਹਨ ਅਤੇ ਜਦੋਂ ਲੜਕੀ ਉਨ੍ਹਾਂ ਦੇ ਜਾਲ ਵਿੱਚ ਫਸ ਜਾਂਦੀ ਹੈ ਤਾਂ ਉਸ ਦਾ ਧਰਮ ਪਰਿਵਰਤਨ ਕਰਵਾ ਦਿੰਦੇ ਹਨ। ਲੜਕੀ ਲੜਕੀ ਦਾ ਦਾਅਵਾ ਹੈ ਕਿ ਵੱਖ-ਵੱਖ ਧਰਮਾਂ ਦੀਆਂ ਲੜਕੀਆਂ ਨੂੰ ਫਸਾਉਣ ਦੇ ਰੇਟ ਵੀ ਵੱਖਰੇ ਹਨ। ਸਿੱਖ ਲੜਕੀ ਨੂੰ ਫਸਾ ਕੇ ਮੁਸਲਿਮ ਬਣਾਉਣ ਤੇ ਨੌਜਵਾਨ ਨੂੰ 10,000 ਪਾਊਂਡ (ਲਗਭਗ 11 ਲੱਖ ਰੁਪਏ) ਮਿਲਦੇ ਹਨ। ਜਦਕਿ ਹਿੰਦੂ ਜਾਂ ਈਸਾਈ ਲੜਕੀ ਦੇ ਧਰਮ ਪਰਿਵਰਤਨ ਕਰਾਉਣ ਤੇ 5,000 ਪਾਊਂਡ (ਲਗਭਗ ਸਾਢੇ 5 ਲੱਖ ਰੁਪਏ) ਦਾ ਇਨਾਮ ਦਿੱਤਾ ਜਾਂਦਾ ਹੈ।

# ਇਤਰਾਜ਼ਯੋਗ ਸਮੱਗਰੀ ਨੂੰ ਅੱਗੇ ਸਾਂਝਾ ਨਾ ਕਰੋ, ਤੁਰੰਤ ਰਿਪੋਰਟ ਕਰੋ- ਗੜਗੱਜ



ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਅਜਿਹੇ ਮਾਮਲਿਆਂ ਉੱਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਜਥੇਦਾਰ ਗੜਗੱਜ ਨੇ ਸਿੱਖ ਕੌਮ ਅਤੇ ਨੌਜਵਾਨਾਂ ਦੇ ਨਾਮ ਵਿਸ਼ੇਸ਼ ਸੰਦੇਸ਼ ਜਾਰੀ ਕਰਕੇ ਕੌਮ ਨੂੰ ਆਗਾਹ ਕਰਦਿਆਂ ਕਿਹਾ ਕਿ ਜਦੋਂ ਵੀ ਏਆਈ ਨਾਲ ਬਣੀ ਕੋਈ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਵੇ ਤਾਂ ਉਸ ਨੂੰ ਅਗਾਂਹ ਸਾਂਝੀ ਕਰਨ ਦੀ ਬਜਾਏ ਸਬੰਧਤ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਤੁਰੰਤ ਹੀ ਇਤਰਾਜ਼ਯੋਗ ਸਮੱਗਰੀ ਵਜੋਂ ਰਿਪੋਰਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਅਕਸਰ ਹੀ ਜਦੋਂ ਕੋਈ ਏਆਈ ਨਾਲ ਬਣੀ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਉਂਦੀ ਹੈ ਤਾਂ ਸਾਡੇ ਲੋਕ ਉਸ ਸਮੱਗਰੀ ਨੂੰ ਆਪਣੇ ਸੋਸ਼ਲ ਮੀਡੀਆ ਮੰਚਾਂ ਉੱਤੇ ਅਪਲੋਡ ਜਾਂ ਸਾਂਝਾ ਕਰਕੇ ਹੋਰ ਵੀ ਅਗਾਂਹ ਫੈਲਾ ਦਿੰਦੇ ਹਨ, ਜਿਸ ਨਾਲ ਸ਼ਰਾਰਤੀ ਅਨਸਰਾਂ ਦਾ ਉਦੇਸ਼ ਪੂਰਾ ਹੁੰਦਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਵਧੇਰੇ ਸੱਟ ਵੱਜਦੀ ਹੈ। ਇਸ ਦੀ ਬਜਾਏ ਵੀਡੀਓ, ਫੋਟੋ ਨੂੰ ਤੁਰੰਤ ਰਿਪੋਰਟ ਕੀਤਾ ਜਾਵੇ ਅਤੇ ਉਸ ਨੂੰ ਕਿਤੇ ਵੀ ਸਾਂਝਾ ਨਾ ਕੀਤਾ ਜਾਵੇ ਤਾਂ ਜੋ ਉਹ ਸਮੱਗਰੀ ਖਤਮ ਹੋ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਮੀਡੀਆ, ਸੋਸ਼ਲ ਮੀਡੀਆ ਅਤੇ ਵੈੱਬ ਚੈਨਲਾਂ ਨੂੰ ਵੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਏਆਈ ਸਮੱਗਰੀ ਨੂੰ ਡਾਊਨਲੋਡ ਕਰਕੇ ਆਪਣੇ ਮੰਚਾਂ ਉੱਤੇ ਅਪਲੋਡ ਨਾ ਕਰਨ, ਇਸ ਨਾਲ ਭਾਵਨਾਵਾਂ ਨੂੰ ਸੱਟ ਵੱਜਦੀ ਹੈ।

ਜਥੇਦਾਰ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਅਜਿਹੇ ਮਾਮਲਿਆਂ ਵਿੱਚ ਸਖਤੀ ਵਰਤੀ ਜਾਵੇ ਅਤੇ ਆਪਣੇ ਆਪ ਨੋਟਿਸ ਲੈ ਕਿ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਏਆਈ ਤਕਨੀਕ ਦੀ ਦੁਰਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਵਰਤਾਰੇ ’ਤੇ ਨੱਥ ਪਾਉਣ। ਇਸ ਨੂੰ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਠੋਸ ਏਆਈ ਨੀਤੀ ਬਣਾਈ ਜਾਵੇ ਜਿਸ ਅਨੁਸਾਰ ਕਿਸੇ ਵੀ ਏਆਈ ਟੂਲ/ਸਾਫ਼ਟਵੇਅਰ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਅਜਿਹੀ ਸਮੱਗਰੀ ਨਾ ਬਣਾਈ ਜਾ ਸਕੇ ਅਤੇ ਨਾ ਹੀ ਅਪਲੋਡ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਜੇਕਰ ਅਜਿਹੀ ਇਤਰਾਜ਼ਯੋਗ ਸਮੱਗਰੀ ਦੀ ਪਛਾਣ ਜਨਤਕ ਹੋਣ ਤੋਂ ਪਹਿਲਾਂ ਹੀ ਹੋ ਜਾਵੇ ਤਾਂ ਇਸ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਏਆਈ ਤਕਨਾਲੋਜੀ ਮਾੜੀ ਨਹੀਂ ਅਤੇ ਜੇਕਰ ਤਕਨੀਕ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਇਸ ਨਾਲ ਚੰਗਾ ਸਮਾਜ ਸਿਰਜਿਆ ਜਾ ਸਕਦਾ ਹੈ ਪਰ ਜਦੋਂ ਧਰਮਾਂ ਦੇ ਸਿਧਾਂਤਾਂ, ਪਰੰਪਰਾਵਾਂ ਅਤੇ ਇਤਿਹਾਸ ਆਦਿ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਆਧੁਨਿਕ ਤਕਨੀਕ ਵੀ ਸਵਾਲਾਂ ਦੇ ਘੇਰੇ ਵਿੱਚ ਆਉਂਦੀ ਹੈ। ਇਸ ਵਰਤਾਰੇ ਨੂੰ ਰੋਕਣ ਲਈ ਸੰਗਤ ਇੱਕ ਲਹਿਰ ਵਜੋਂ ਵੱਧ ਤੋਂ ਵੱਧ ਸ਼ਮੂਲੀਅਤ ਕਰੇ ਅਤੇ ਸੰਜੀਦਗੀ ਨਾਲ ਇਸ ਦੇ ਵਿਰੁੱਧ ਠੋਸ ਕਾਰਜ ਕੀਤੇ ਜਾਣ।

# ਪੰਜਾਬੀ ਨੌਜਵਾਨ ਦੀ ਸਪੇਨ 'ਚ ਫੈਕਟਰੀ 'ਚ ਕੰਮ ਕਰਦੇ ਸਮੇਂ ਹੋਈ ਸ਼ੱਕੀ ਹਾਲਤ 'ਚ ਮੌਤ



ਰਾਏਕੋਟ : ਰਾਏਕੋਟ ਦੇ ਇੱਕ 32 ਸਾਲ ਦੇ ਨੌਜਵਾਨ ਦੀ ਸਪੇਨ ਵਿਖੇ ਫੈਕਟਰੀ ਵਿਚ ਕੰਮ ਕਰਦੇ ਸਮੇਂ ਸ਼ੱਕੀ ਹਾਲਾਤਾਂ ਵਿਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮ੍ਰਿਤਕ ਅਰਸ਼ਦੀਪ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਪਿੰਡ ਭੈਣੀ ਬੜਿੰਗਾ ਹਾਲਵਾਸੀ ਰਾਏਕੋਟ ਨੇ ਭਰੇ ਮਨ ਨਾਲ ਦੱਸਿਆ ਕਿ ਉਸ ਦਾ ਇਕਲੌਤਾ ਅਤੇ ਹੋਣਹਾਰ ਪੁੱਤਰ ਅਰਸ਼ਦੀਪ ਸਿੰਘ (32 ਸਾਲ) ਉਜਵਲ ਭਵਿੱਖ ਤੇ ਰੋਜ਼ਗਾਰ ਦੀ ਭਾਲ ਲਈ 8-9 ਸਾਲ ਪਹਿਲਾਂ ਸਪੇਨ ਗਿਆ ਸੀ ਅਤੇ ਪਿਛਲੇ 5 ਸਾਲਾਂ ਤੋਂ ਹੀ ਇੱਕ ਫੈਕਟਰੀ ਵਿੱਚ ਕੰਮ ਕਰ ਰਿਹਾ ਸੀ ਪ੍ਰੰਤੂ ਕੱਲ੍ਹ ਦੁਪਿਹਰ ਸਮੇਂ ਸਾਨੂੰ ਇੱਕ ਰਿਸ਼ਤੇਦਾਰ ਨੇ ਫੋਨ ਕਰਕੇ ਅਰਸ਼ਦੀਪ ਦੀ ਮੌਤ ਸਬੰਧੀ ਦੱਸਿਆ ਗਿਆ।

ਉਨ੍ਹਾਂ ਅਰਸ਼ਦੀਪ ਦੀ ਮੌਤ ’ਤੇ ਸ਼ੱਕ ਪ੍ਰਗਟ ਕਰਦਿਆਂ ਆਖਿਆ ਕਿ ਪੰਜ ਸਾਲਾਂ ਤੋਂ ਇੱਕ ਫੈਕਟਰੀ ਵਿੱਚ ਹੀ ਕੰਮ ਕਰਦੇ ਹੋਣ ਕਾਰਨ ਅਰਸ਼ਦੀਪ ਆਪਣੇ ਕੰਮ ਬਾਰੇ ਪੂਰੀ ਜਾਣਕਾਰੀ ਰੱਖਦਾ ਸੀ ਅਤੇ ਉਸ ਨਾਲ ਅਜਿਹਾ ਕੀ ਵਾਪਰਿਆ ਕਿ ਉਸ ਦੀ ਮੌਤ ਹੋ ਗਈ, ਹਾਲਾਂਕਿ ਇਹ ਘਟਨਾ ਵਾਪਰਨ ਤੋਂ ਬਾਅਦ ਮਾਲਕਾਂ ਨੇ ਫੈਕਟਰੀ ਨੂੰ ਬੰਦ ਨਹੀਂ ਕੀਤਾ ਅਤੇ ਫੈਕਟਰੀ ਬਾਹਰ ਬੈਠੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਘਟਨਾ ਸਬੰਧੀ ਕੋਈ ਵੀ ਵਿਸਥਾਰ ਪੂਰਵਕ ਜਾਣਕਾਰੀ ਨਹੀਂ ਦਿੱਤੀ। ਇਸ ਲਈ ਉਨ੍ਹਾਂ ਨੂੰ ਅਰਸ਼ਦੀਪ ਦੀ ਮੌਤ ਸ਼ੱਕੀ ਜਾਪ ਰਹੀ ਹੈ । ਉਨ੍ਹਾਂ ਸਪੇਨ ਸਰਕਾਰ ਤੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਇਨਸਾਫ ਦਿੱਤੇ ਜਾਣ ਦੀ ਮੰਗ ਕੀਤੀ ਹੈ, ਉਥੇ ਹੀ ਪੰਜਾਬ ਅਤੇ ਭਾਰਤ ਸਰਕਾਰ ਨੂੰ ਇਸ ਮਾਮਲੇ ਸੰਬੰਧੀ ਸਪੇਨ ਸਰਕਾਰ ਨਾਲ ਗੱਲ ਕਰਨ ਦੀ ਗੁਹਾਰ ਲਗਾਈ ਹੈ ਤਾਂ ਜੋ ਉਨ੍ਹਾਂ ਦੇ ਇਕਲੌਤੇ ਪੁੱਤ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ । ਇਸ ਮੌਕੇ ਗੁਆਂਢੀ ਜਤਿੰਦਰ ਸਿੰਘ, ਮਾਮਾ ਮਹਿੰਦਰ ਸਿੰਘ, ਲਖਵੀਰ ਸਿੰਘ ਰਿਸ਼ਤੇਦਾਰ ਨੇ ਦੱਸਿਆ ਕਿ ਫੈਕਟਰੀ ਵਿੱਚ ਕੰਮ ਦੌਰਾਨ ਮਸ਼ੀਨਾਂ ਵਿਚਕਾਰ ਆ ਜਾਣ ਕਾਰਨ ਅਰਸ਼ਦੀਪ ਨਾਲ ਇਹ ਮੰਦਭਾਗਾ ਹਾਦਸਾ ਵਾਪਰ ਗਿਆ ਅਤੇ ਇਸ ਘਟਨਾ ਤੋਂ ਉਸਦੇ ਬਾਅਦ ਪਰਿਵਾਰ ਉੱਪਰ ਕਹਿਰ ਟੁੱਟ ਗਿਆ । ਦੋ ਸਾਲ ਪਹਿਲਾਂ ਹੀ ਅਰਸ਼ਦੀਪ ਸਿੰਘ ਦਾ ਵਿਆਹ ਪਰਨੀਤ ਕੌਰ ਨਾਲ ਹੋਇਆ ਸੀ ਅਤੇ ਉਹ ਇੱਕ ਸਾਲ ਪਹਿਲਾ ਹੀ ਸਪੇਨ ਵਿਖੇ ਅਰਸ਼ਦੀਪ ਕੋਲ ਗਈ ਸੀ,ਜਦਕਿ ਉਸਦੀ ਭੈਣ ਗੁਰਜੀਤ ਕੌਰ ਭਣੋਈਆ ਚਰਨਜੀਤ ਸਿੰਘ ਇੰਗਲੈਂਡ ਵਿਖੇ ਰਹਿੰਦੇ ਹਨ ਅਤੇ ਉਹ ਇਸ ਘਟਨਾ ਦਾ ਪਤਾ ਲੱਗਣ ’ਤੇ ਸਪੇਨ ਪਹੁੰਚ ਗਏ। ਇਕਲੌਤੇ ਪੁੱਤ ਦੀ ਮੌਤ ਬਾਰੇ ਪਤਾ ਲੱਗਣ ’ਤੇ ਉਸ ਦੀ ਮਾਤਾ ਕੁਲਵਿੰਦਰ ਕੌਰ ਤੇ ਪਿਤਾ ਬਲਵਿੰਦਰ ਸਿੰਘ ਦਾ ਰੋ ਰੋ ਕੇ ਬੁਰਾ ਹਾਲ ਹੋਇਆ ਪਿਆ ਹੈ। ਉਧਰ ਦੂਜੇ ਪਾਸੇ ਇਸ ਘਟਨਾ ਨੂੰ ਲੈ ਕੇ ਸਪੇਨ ਵਿਖੇ ਪੰਜਾਬੀ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸਗੋਂ ਕੁਝ ਪੰਜਾਬੀ ਭਰਾਵਾਂ ਵੱਲੋਂ ਸੋਸ਼ਲ ਮੀਡੀਆ ਉੱਪਰ ਵੀਡੀਓ ਪਾ ਕੇ ਇਸ ਘਟਨਾ ਪ੍ਰਤੀ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਥੋਂ ਦੀ ਸਰਕਾਰ ਨੂੰ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ।















ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjor
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਗੰਜਿਆਂ ਨੂੰ ਕੰਘੀਆਂ ਤੇ ਅੰਨ੍ਹਿਆਂ ਨੂੰ ਚਸ਼ਮੇ !



ਬੁੱਧ ਸਿੰਘ ਨੀਲੋਂ
94643 70823

ਪਿਆਰ, ਜੰਗ ਤੇ ਸਿਆਸਤ ਵਿੱਚ ਕੋਈ ਕਿਸੇ ਦਾ ਪੱਕਾ ਦੁਸ਼ਮਣ ਨਹੀਂ ਹੁੰਦਾ, ਹੁਣ ਧਰਮ ਵੀ ਇਸ ਵਿੱਚ ਸ਼ਾਮਲ ਹੋ ਗਿਆ ਹੈ। ਕਿਉਂਕਿ ਸੰਪਰਦਾਇਕਤਾ ਨੇ ਧਰਮ ਨੂੰ ਜੰਗ ਦਾ ਮੈਦਾਨ ਬਣਾ ਲਿਆ ਹੈ। ਧਾਰਮਿਕ ਸੰਸਥਾਵਾਂ ਉਤੇ ਕਬਜ਼ਾ ਸਿਆਸੀ ਪਾਰਟੀਆਂ ਦੇ ਆਗੂਆਂ ਹੋ ਗਿਆ ਹੈ। ਲੋਕਾਂ ਦੀ ਅੰਨ੍ਹੀ ਸ਼ਰਧਾ ਉਹਨਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਧਰਮ ਦੇ ਨਾਂ ਤੇ ਤੁਸੀਂ ਕੋਈ ਵੀ ਪਖੰਡ ਕਰ ਸਕਦੇ ਹੋ, ਤੁਸੀਂ ਮੁਨਾਫ਼ੇ ਵਿੱਚ ਰਹੋਗੇ। ਜਦੋਂ ਧਰਮ ਮੁਨਾਫ਼ੇ ਦਾ ਧੰਦਾ ਬਣ ਜਾਵੇ ਤਾਂ ਲੋਕਾਂ ਨੂੰ ਸਮਝ ਆਉਂਣੀ ਚਾਹੀਦੀ ਹੈ ਕਿ ਉਹ ਇਹਨਾਂ ਧਾਰਮਿਕ ਸਥਾਨਾਂ ਤੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਕਿਉਂ ਲੁਟਾ ਰਹੇ ਹਨ। ਇਹ ਸੱਚ ਹੈ ਮਨੁੱਖ ਨੇ ਬੀਜਿਆ ਹੀ ਵੱਢਣਾ ਹੁੰਦਾ ਹੈ। ਜੰਮਣਾ, ਜਿਉਣਾ ਤੇ ਮਰਨਾ ਇਹ ਜੀਵਨ ਦੀ ਤਿਕੋਣ ਹੈ। ਜਿਉਣਾ ਤੁਹਾਡੇ ਹੱਥ ਵਸ ਹੈ। ਸਮਾਜ ਵਿੱਚ ਆਰਥਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਕਾਣੀ ਵੰਡ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਦਿੱਤਾ ਹੈ। ਜੁਗਾਂ ਜੁਗਾਂ ਤੋਂ ਬੜੇ ਦਾਨਿਸ਼ਵਰ ਲੋਕ ਆਏ, ਉਹਨਾਂ ਨੇ ਲੋਕਾਈ ਨੂੰ ਜਾਗ੍ਰਿਤ ਕਰਨ ਲਈ ਹਰ ਯਤਨ ਕੀਤਾ ਪਰ ਲੋਕ ਨਹੀਂ ਸਮਝੇ। ਉਹ ਧਰਮ, ਨਸਲ, ਜਾਤਾਂ ਤੇ ਫ਼ਿਰਕਿਆਂ ਵਿੱਚ ਵੰਡੇ ਗਏ। 1947 ਦਾ ਉਜਾੜਾ ਰਾਜਨੀਤਿਕ ਹੋਇਆ ਸੀ, ਕਿਸੇ ਆਮ ਆਦਮੀ ਨੇ ਦੇਸ਼ ਵੰਡ ਦੀ ਮੰਗ ਨਹੀਂ ਕੀਤੀ ਸੀ। ਇਹ ਤਾਂ ਜਿਨਾਹ ਤੇ ਨਹਿਰੂ ਦੀ ਮੰਗ ਸੀ। ਉਹਨਾਂ ਨੇ ਪ੍ਰਧਾਨ ਮੰਤਰੀ ਬਣਨਾ ਸੀ। ਲੋਕ ਉਜੜਦੇ ਹਨ, ਉਜੜ ਜਾਣ। ਦਿੱਲੀ ਤੋਂ ਪਰੇ ਕਿਸੇ ਨੂੰ ਹੁਣ ਤੱਕ ਪਤਾ ਨਹੀਂ ਕਿ ਦੇਸ਼ ਦੀ ਵੰਡ ਹੋਈ ਹੈ ਕਿ ਆਜ਼ਾਦੀ ਆਈ ਹੈ। ਇਹ ਵੰਡ ਨੂੰ ਆਜ਼ਾਦੀ ਆਖੀ ਜਾਂਦੇ ਹਨ। ਹੁਣ ਫੇਰ ਦੋਹਾਂ ਪਾਸਿਆਂ ਦੇ ਹਾਕਮਾਂ ਨੇ ਨੂਰਾ ਕੁਸ਼ਤੀ ਕੀਤੀ। ਦੋਵੇਂ ਪਾਸੇ ਦੇ ਪੰਜਾਬ ਦੇ ਲੋਕਾਂ ਦੇ ਸਾਹ ਸੂਤੇ ਰਹੇ। ਹੁਣ ਇਸ ਨੂਰਾ ਕੁਸ਼ਤੀ ਦਾ ਸੱਚ ਸਾਹਮਣੇ ਆ ਰਿਹਾ ਹੈ। ਹੁਣ ਕੋਈ ਨਵਾਂ ਸ਼ੋਸ਼ਾ ਛੱਡਿਆ ਜਾਵੇਗਾ ਅਤੇ ਪਿਛਲੇ ਨੂੰ ਭੁਲਾਇਆ ਜਾਵੇਗਾ। ਕਿਉਂਕਿ ਅਸੀਂ ਬੜੇ ਭੁਲੱਕੜ ਤੇ ਭੁਮੱਕੜ ਹਾਂ। ਪੰਜਾਬ ਦੇ ਭੁਮੱਕੜਾਂ ਨੂੰ ਨਜ਼ਰਅੰਦਾਜ਼ ਕਰਕੇ ਦਿੱਲੀ ਤੇ ਯੂਪੀ ਦੇ ਹਾਕਮ ਬਣਾ ਦਿੱਤੇ ਹਨ। ਉਧਰ ਪੰਜਾਬ ਵਿਰੋਧੀ ਤਾਕਤਾਂ ਨੇ ਧਰਮ ਦੀ ਮਿਜ਼ਾਇਲ ਚਲਾ ਦਿੱਤੀ ਹੈ। ਤਖਤਾਂ ਨੂੰ ਆਪਸ ਵਿੱਚ ਲੜਾ ਦਿੱਤਾ ਹੈ। ਹੁਣ ਦੋਵੇਂ ਪਾਸਿਓਂ ਸ਼ਬਦਾਂ ਦੀਆਂ ਮਿਜ਼ਾਇਲਾਂ ਦਾਗੀਆਂ ਜਾ ਰਹੀਆਂ ਹਨ। ਆਮ ਲੋਕਾਂ ਦੇ ਮਸਲਿਆਂ ਨੂੰ ਪੈਰਾਂ ਹੇਠ ਰੋਂਦਿਆਂ ਜਾ ਰਿਹਾ ਹੈ। ਆਮ ਲੋਕਾਂ ਨੂੰ ਰੋਟੀ ਦਾ ਫ਼ਿਕਰ ਲੱਗਿਆ ਹੋਇਆ। ਇਹਨਾਂ ਵਿਹਲੜਾਂ ਨੂੰ ਇੱਕ ਦੂਜੇ ਨਾਲ ਲੜਨ ਦਾ ਮੌਕਾ ਮਿਲਿਆ ਹੈ। ਦੁਨੀਆਂ ਵਿੱਚ ਪਹਿਲੀ ਤੇ ਦੂਜੀ ਜੰਗ ਵਿੱਚ ਓਨੇ ਲੋਕ ਨਹੀਂ ਮਰੇ, ਜਿੰਨੇ ਧਰਮ ਦੇ ਨਾਂ ਹੇਠਾਂ ਮਾਰੇ ਗਏ ਹਨ। ਧਰਮ ਲੋਕਾਂ ਦਾ ਨਿੱਜੀ ਮਾਮਲਾ ਹੈ ਪਰ ਇਸ ਧਾਰਮਿਕ ਸੰਪਰਦਾਇਕਾ ਨੇ ਜੰਗ ਦਾ ਮੈਦਾਨ ਬਣਾ ਲਿਆ ਹੈ। ਹੁਣ ਫੇਰ ਉਹੀ ਮਸੰਦ ਧਰਮ ਉਪਰ ਕਬਜ਼ਾ ਕਰ ਕੇ ਬਹਿ ਗਏ ਹਨ, ਜਿਹਨਾਂ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜੰਡਾਂ ਨਾਲ ਬੰਨ੍ਹ ਕੇ ਫੂਕਿਆ ਸੀ। ਹੁਣ ਪੰਜਾਬ ਨੂੰ ਉਜਾੜਨ ਲਈ ਹਰ ਪਾਸੇ ਤੋਂ ਹਮਲੇ ਹੋ ਰਹੇ ਹਨ। ਇਹਨਾਂ ਹਮਲਿਆਂ ਨੂੰ ਰੋਕਣ ਕ੍ਰਾਂਤੀਕਾਰੀ ਜਥੇਬੰਦੀਆਂ ਲੜਾਈ ਲੜ੍ਹ ਰਹੀਆਂ ਹਨ ਪਰ ਉਹ ਆਪੋ ਆਪਣੀ ਹਾਉਮੈ ਨੂੰ ਵੱਡਾ ਕਰਨ ਲਈ ਆਪਣੇ ਵਰਕਰਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਜਦੋਂ ਦੁਸ਼ਮਣ ਇੱਕ ਹੈ, ਮੰਗਾਂ ਸਾਂਝੀਆਂ ਹਨ ਫੇਰ ਮੋਰਚੇ ਵੱਖੋ ਵੱਖ ਕਿਉਂ ਲਗਾਏ ਹਨ। ਜਿਵੇਂ ਬਾਬੇ ਬਕਾਲੇ ਬਾਈ ਮੰਜੀਆਂ ਲਗਾ ਕੇ ਮਹੰਤ ਤੇ ਮਸੰਦ ਗੁਰੂ ਬਣ ਕੇ ਬਹਿ ਗਏ ਸਨ। ਪੰਜਾਬ ਦੇ ਲੋਕਾਂ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਦੀ ਹਾਲਤ ਇਉਂ ਹੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਇਸ ਸਮੇਂ ਪੰਜਾਬ ਨੂੰ ਉਜਾੜਨ ਅਤੇ ਇਸ ਦੀ ਹੋਂਦ ਖ਼ਤਮ ਕਰਨ ਲਈ ਪੰਜਾਬ ਵਿਰੋਧੀ ਸ਼ਕਤੀਆਂ ਨੇ ਨਾਗਵਲ ਪਾ ਲਿਆ ਹੈ। ਸਿਆਸੀ ਪਾਰਟੀਆਂ ਨੂੰ ਉਜਾੜੇ ਨਾਲ ਕੋਈ ਸਰੋਕਾਰ ਨਹੀਂ। ਹਾਕਮਾਂ ਨੇ ਇਸ ਸਮੇਂ ਪੰਜਾਬ ਵਿੱਚ ਭਰਾ ਮਾਰੂ ਜੰਗ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚੋਂ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਆਪ ਵਿੱਚ ਉਲਝ ਗਈ ਹੈ। ਉਸਨੇ ਸ੍ਰੀ ਆਕਾਲ ਤਖ਼ਤ ਸਾਹਿਬ ਜੀ ਨਾਲ ਮੱਥਾ ਲਗਾ ਲਿਆ ਹੈ। ਸਿੱਖ ਧਰਮ, ਸ੍ਰੀ ਆਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੇ ਜੱਥੇਦਾਰਾਂ ਦਾ ਧਰਮ ਪ੍ਰਤੀ ਸੁਹਿਰਦਤਾ ਦਾਅ ਉੱਤੇ ਲੱਗ ਗਈ ਹੈ। ਸਿੱਖ ਵਿਰੋਧੀ ਤਾਕਤਾਂ ਸਰਗਰਮ ਹੋ ਗਈਆਂ ਹਨ। ਇੱਕ ਦੂਜੇ ਉਪਰ ਇਲਜ਼ਾਮ ਤਰਾਸ਼ੀ ਕੀਤੀ ਜਾ ਰਹੀ ਹੈ। ਇੱਕ ਦੂਜੇ ਉਪਰ ਚਿੱਕੜ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀਆਂ ਹੱਕੀ ਮੰਗਾਂ ਉਪਰ ਕਿਸੇ ਵੀ ਸਿਆਸੀ ਪਾਰਟੀ ਦਾ ਧਿਆਨ ਨਹੀਂ। ਪੰਜਾਬ ਨੂੰ ਆਰਥਿਕ ਤੌਰ ਕੰਮਜ਼ੋਰ ਕਰਨ ਲਈ ਮੰਡੀਆਂ ਵਿੱਚ ਕਿਸਾਨ ਰੋਲਿਆ ਜਾ ਰਿਹਾ। ਬੇਰੁਜ਼ਗਾਰ ਨੌਜਵਾਨਾਂ ਨੂੰ ਸੜਕਾਂ ਉੱਤੇ ਭਜਾ ਭਜਾ ਕੇ ਕੁੱਟਿਆ ਜਾ ਰਿਹਾ ਹੈ। ਪੰਜਾਬ ਵਿੱਚ ਪਹਿਲਾਂ ਦਲਿਤ ਭਾਈਚਾਰੇ ਨੂੰ ਜੱਟਾਂ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਸਫ਼ਲ ਨਾ ਹੋਈ ਤਾਂ ਹੁਣ ਭਈਏ ਤੇ ਪੰਜਾਬੀ ਮੁੱਦਾ ਉਭਾਰ ਦਿੱਤਾ ਹੈ। ਪੰਜਾਬ ਵਿਰੋਧੀ ਤਾਕਤਾਂ ਲਈ ਕੋਈ ਮਰੇ ਤੇ ਜੀਵੇ, ਉਹਨਾਂ ਲਈ ਕੋਈ ਫਰਕ ਨਹੀਂ। ਪਹਿਲਾਂ ਵੀ ਪੰਜਾਬ ਵਿਰੋਧੀ ਤਾਕਤਾਂ ਨੇ ਨੌਜਵਾਨਾਂ ਦਾ ਸ਼ਿਕਾਰ ਪੰਜਾਬ ਦੇ ਸਿਆਸੀ ਆਗੂਆਂ ਨਾਲ ਰਲ਼ ਕੇ ਖੇਡਿਆ ਸੀ। ਪੰਜਾਬ ਦੀ ਸਿਹਤ, ਸਿੱਖਿਆ, ਰੁਜ਼ਗਾਰ, ਵਿਦੇਸ਼ਾਂ ਨੂੰ ਜਾਣ ਵਾਲੀ ਬੌਧਿਕ ਸ਼ਕਤੀ ਤੇ ਸਰਮਾਇਆ ਤੇ ਦਿਨੋਂ ਦਿਨ ਖਰਾਬ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ ਵੱਲ ਕਿਸੇ ਦਾ ਧਿਆਨ ਨਹੀਂ। ਕਿਸਾਨ, ਮਜ਼ਦੂਰ, ਮੁਲਾਜ਼ਮ, ਸਮਾਜ ਸੇਵੀ ਸੰਸਥਾਵਾਂ ਤੇ ਹੋਰ ਜੱਥੇਬੰਦੀਆਂ ਆਪੋ ਆਪਣਾ ਡੋਰੂ ਵਜਾ ਰਹੀਆਂ ਹਨ। ਲੇਖਕ ਤੇ ਬੁਧੀਜੀਵੀ ਲਾਣਾ ਪੁਰਸਕਾਰਾਂ ਦੀ ਭਾਲ ਵਿੱਚ ਨਿਕਲਿਆ ਹੋਇਆ ਹੈ। ਪੰਜਾਬ ਦੀਆਂ ਅਗਾਂਹਵਧੂ ਸੋਚ ਵਾਲੀਆਂ ਜਥੇਬੰਦੀਆਂ ਨੂੰ ਜ਼ਰੂਰ ਸੋਚਣਾ ਪਵੇਗਾ ਕਿ ਉਹਨਾਂ ਨੇ ਲੜਾਈ ਕਿਵੇਂ ਲੜ੍ਹਨੀ ਹੈ। ਇਸ ਸਮੇਂ ਪੰਜਾਬ ਉਜੜ ਗਿਆ ਹੈ।

ਪਿੰਡ ਪੰਜਾਬੀਆਂ ਬਿਨਾਂ ਖਾਲੀ ਹੋ ਰਹੇ ਹਨ, ਪੰਜਾਬੀ ਕੌਮ ਕਿਧਰ ਨੂੰ ਜਾ ਰਹੀ ਹੈ ਪਰ ਸੋਚਣਾ ਪਵੇਗਾ। ਪੰਜਾਬ ਕਿਸ ਦਿਸ਼ਾ ਵੱਲ ਵੱਧ ਰਿਹਾ ਹੈ। ਦੋਸਤੋ ਇਸ ਸਮੇਂ ਕਿਸੇ ਗੁਰੂ, ਪੀਰ ਪੈਗੰਬਰ ਤੇ ਗਦਰੀ ਬਾਬਿਆਂ ਨੇ ਨਹੀਂ ਆਉਣਾ ਸਗੋਂ ਸਾਨੂੰ ਖ਼ੁਦ ਗੁਰ ਨਾਨਕ ਤੇ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਪਵੇਗਾ। ਖ਼ੁੱਦ ਸ਼ਹੀਦ ਭਗਤ ਸਿੰਘ ਬਣਨਾ ਪਵੇਗਾ। ਹੁਣ ਸਾਨੂੰ ਆਪਣੀ ਅੰਦਰਲੀ ਤਾਕਤ ਨੂੰ ਪਛਾਨਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਤਾਕਤਾਂ ਨੂੰ ਨੱਥ ਪਾਈ ਜਾ ਸਕੇ। ਪੰਜਾਬ ਵਿਰੋਧੀ ਤਾਕਤਾਂ ਦੇ ਪਾਏ ਨਾਗਵਲ ਨੂੰ ਕਿਵੇਂ ਤੋੜਨਾ ਤੇ ਲੋਕਾਂ ਨੂੰ ਕਿਵੇਂ ਜੋੜਨਾ ਹੈ, ਇਸ ਸਬੰਧੀ ਸੁਚੇਤ ਤੇ ਜਾਗਰੂਕ ਧਿਰਾਂ ਨੂੰ ਅੱਗੇ ਲੱਗਣਾ ਪਵੇਗਾ। ਪੰਜਾਬੀਆਂ ਦੀ ਹੋਂਦ ਤੇ ਧਰਤੀ ਖਤਮ ਕਰਨ ਲਈ ਉਹਨਾਂ ਨੇ ਹਰ ਤਰੀਕਾ ਵਰਤਿਆ ਹੈ। ਅਸੀਂ ਅਤੀਤ ਦੇ ਇਤਿਹਾਸ ਉਪਰ ਮਾਣ ਕਰਦੇ ਹਾਂ ਪਰ ਖੁਦ ਕੀ ਕਰਦੇ ਹਾਂ, ਇਸ ਬਾਰੇ ਕੋਈ ਨਹੀਂ ਸੋਚਦਾ। ਸਾਡੇ ਲਈ ਸੋਸ਼ਲ ਮੀਡੀਆ ਰਾਹੀਂ ਹਰ ਤਰ੍ਹਾਂ ਹਮਲਾ ਕੀਤਾ ਜਾ ਰਿਹਾ ਤੇ ਅਸੀਂ ਆਪਸ ਵਿੱਚ ਉਲਝ ਕੇ ਰਹਿ ਗਏ ਹਾਂ। ਪੰਜਾਬ ਵਿਰੋਧੀ ਤਾਕਤਾਂ ਨੇ ਸੋਸ਼ਲ ਮੀਡੀਏ ਉੱਤੇ ਨਜ਼ਰ ਰੱਖੀ ਹੋਈ ਹੈ, ਉਹ ਨੌਜਵਾਨਾਂ ਨੂੰ ਊਟ ਪਟਾਂਗ ਗੱਲਾਂ ਬਾਤਾਂ ਵਿੱਚ ਉਲਝਾਉਣ ਵਿੱਚ ਲੱਗੇ ਹੋਏ ਹਨ ਅਤੇ ਅਸੀਂ ਉਨ੍ਹਾਂ ਦੇ ਹਰ ਜਾਲ ਵਿੱਚ ਫਸ ਦੇ ਜਾ ਰਹੇ ਹਾਂ। ਉਹਨਾਂ ਨੇ ਸਾਡੇ ਹਰ ਪਾਸੇ ਜ਼ਹਿਰ ਛਿੜਕ ਦਿੱਤੀ ਹੈ । ਓਹਨਾਂ ਸਿਆਸੀ ਆਗੂਆਂ ਦੇ ਹੱਥ ਵਤੀਰਾ ਜਿਹਨਾਂ ਨੇ ਪੰਜਾਬ ਦੀ ਇਹ ਹਾਲਤ ਬਣਾਈ ਐ। ਜੇ ਅਸੀਂ ਹੁਣ ਵੀ ਨਾ ਸੰਭਲੇ ਤੇ ਅੰਦਰਲੀ ਸ਼ਕਤੀ ਨੂੰ ਨ ਜਗਾਇਆ ਤਾਂ ਆਉਣ ਵਾਲ਼ੀਆਂ ਨਸਲਾਂ ਤੇ ਫਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ ਆਪਣੀ ਅਣਖ਼ ਨੂੰ ਜਗਾਈਏ ਤੇ ਪੰਜਾਬ ਨੂੰ ਬੰਜਰ ਤੇ ਖੰਡਰ ਅਤੇ ਜ਼ਹਿਰੀਲਾ ਹੋਣ ਤੋਂ ਬਚਾਈਏ। ਉਠੋ ਤੁਰੋ ਜੁੜੋ ਤੇ ਸਾਂਝੀ ਜੰਗ ਲੜੀਏ ਤੇ ਕੱਲੇ ਕੱਲੇ ਨ ਮਰੀਏ। ਗਲਾਂ ਚੋਂ ਫਾਹੇ ਲਾ ਕੇ ਉਹਨਾਂ ਦੇ ਗਲ ਪਾਈਏ ਜਿਹਨਾਂ ਨੇ ਪੰਜਾਬ ਨੂੰ ਬੰਜਰ ਤੇ ਖੰਡਰ ਬਣਾ ਦਿੱਤਾ। ਜਿੱਤ ਤੇ ਜਿਤਾਉਣ ਦੀ ਤਾਕਤ ਲੋਕਾਂ ਦੇ ਸਾਹਮਣੇ ਆ ਰਹੇਗੀ ਹੈ । ਜਾਗੋ ਜਾਗੋ ਜਾਗਣ ਦਾ ਵੇਲਾ ਆ ਗਿਆ ਹੈ । ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹੋਏ ਸ਼ਬਦ ਗੁਰੂ ਨਾਲ ਜੋੜਨ ਲਈ ਤੇ ਲੜਣ ਲਈ ਤਿਆਰ ਹੋਣ ਦਾ ਹੋਕਾ ਦੇਈਏ ਕਿਉਕਿ ਜਿਉਣ ਲਈ ਸੰਘਰਸ਼ ਕਰਨ ਦੀ ਲੋੜ ਹੈ । ਆਓ ਆਪਣੀ ਮਰਨ ਗਈ ਸੰਵੇਦਨਾ ਨੂੰ ਜਗਾਈਏ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਕਰੀਏ। ਮਰਨਾ ਤਾਂ ਹੈ ਕਿਉਂ ਨਾ ਸੰਘਰਸ਼ ਕਰਦੇ ਹੋਏ ਜਿਉਣ ਦਾ ਰਸਤਾ ਤਲਾਸ਼ ਕਰੀਏ । ਹੁਣ ਲੜਣ ਦੇ ਬਿਨਾਂ ਸਰਨਾ ਨਹੀਂ। ਲੜਣ ਦੀ ਲੋੜ ਐ। ਜਾਗੋ, ਉਠੋ ਤੇ ਸੰਘਰਸ਼ ਕਰੋ। ਜਦੋਂ ਤੱਕ ਹਰ ਪੰਜਾਬੀ ਆਪਣੀ ਹਾਊਮੈਂ ਨੂੰ ਤਿਆਗ ਕੇ ਇੱਕ ਮੰਚ ਤੇ ਇਕੱਠਾ ਨਹੀਂ ਹੁੰਦਾ, ਉਦੋਂ ਤੱਕ ਸਾਡੇ ਕੁੱਟ ਪੈਂਦੀ ਰਹੇਗੀ ਤੇ ਅਸੀਂ ਬਿਨਾਂ ਵਜ੍ਹਾ ਮੌਤ ਮਰਦੇ ਰਹਾਂਗੇ। ਪੰਜਾਬ ਦੇ ਲੋਕਾਂ ਨੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਕਿਵੇਂ ਬਚਾਉਣਾ ਹੈ ਇਹ ਤਾਂ ਹੁਣ ਉਹਨਾਂ ਨੂੰ ਜ਼ਰੂਰ ਸੋਚਣਾ ਪਵੇਗਾ। ਪੰਜਾਬ ਇੱਕ ਵਾਰ ਫਿਰ ਅੱਸੀਵਿਆਂ ਦੇ ਦਹਾਕੇ ਵੱਲ ਦੌੜ ਪਿਆ ਹੈ। ਹੁਣ ਇਸ ਕਾਲੇ ਦੌਰ ਵਿਚੋਂ ਕਿਵੇਂ ਬਚਣਾ ਹੈ,ਇਸ ਲਈ ਇੱਕਮੁੱਠ ਜਥੇਬੰਦ ਹੋਣਾ ਪਵੇਗਾ।



ਆਪਣੀ ਹੋਂਦ ਦੀ ਲੜਾਈ ਸਾਨੂੰ ਖ਼ੁਦ ਲੜਨੀ ਪਵੇਗੀ। ਕਾਲੀਆਂ ਤਾਕਤਾਂ ਦੇ ਟਾਕਰੇ ਲਈ ਸਾਰਥਿਕ ਪਹੁੰਚ ਅਪਣਾਉਣ ਦੀ ਲੋੜ ਹੈ। ਅਗਾਂਹਵਧੂ ਜਥੇਬੰਦੀਆਂ ਨੂੰ ਆਪੋ ਆਪਣੇ ਚੁੱਲ੍ਹੇ ਸਮੇਟ ਕੇ ਗ਼ਦਰ ਪਾਰਟੀ ਦੇ ਵਾਂਗ ਇੱਕ ਚੁੱਲ੍ਹੇ ਉੱਤੇ ਲੰਗਰ ਬਣਾਉਣ ਦੀ ਲੋੜ ਹੈ। ਇਹਨਾਂ ਜਥੇਬੰਦੀਆਂ ਨੂੰ ਗ਼ਦਰ ਲਹਿਰ ਤੋਂ ਸਬਕ ਲੈਣ ਦੀ ਲੋੜ ਹੈ। ਪਰ ਹੰਕਾਰ ਤੇ ਹਾਉਮੈ ਉਹਨਾਂ ਨੂੰ ਇਕੱਠੇ ਨਹੀਂ ਹੋਣ ਦੇ ਰਿਹਾ। ਇਸੇ ਕਰਕੇ ਇਹ ਆਪਣੇ ਕੁੱਝ ਹਾਸਲ ਨਹੀਂ ਹੋ ਸਕਿਆ। ਕਹਿੰਦੇ ਹਨ ਮੱਛੀ ਪੱਥਰ ਨਾਲ ਟਕਰਾ ਕੇ ਵਾਪਸ ਪਰਤ ਦੀ ਹੈ, ਪਰ ਇਹ ਤਾਂ ਪੱਥਰਾਂ ਤੋਂ ਅੱਗੇ ਲੰਘ ਗਏ ਲੱਗਦੇ ਹਨ? ਕੀ ਵਿਚਾਰ ਹੈ ਧਾਰਮਿਕ ਤੇ ਅਗਾਂਹਵਧੂ ਜਥੇਬੰਦੀਆਂ ਦੇ ਸਹਿਯੋਗੀ ਓ? ਇੱਕ ਦਿਨ ਕਿਸੇ ਨੇ ਆਖਿਆ, "ਬੁੱਧ ਸਿਆਂ ਗੰਜਿਆਂ ਨੂੰ ਕੰਘੀਆਂ ਤੇ ਅੰਨ੍ਹਿਆਂ ਨੂੰ ਚਸ਼ਮੇ ਵੇਚਣ ਦਾ ਧੰਦਾ ਹੁਣ ਫਲਾਪ ਹੋ ਗਿਆ ਹੈ। ਤੂੰ ਹਰੇ ਪੀਲੇ ਸੂਟ ਵੇਚਿਆ ਕਰ। ਕਿਉਂਕਿ ਹੁਣ ਪੰਜਾਬ ਦੇ ਸਿਆਸੀ ਪਾਰਟੀਆਂ ਦੇ ਆਗੂਆਂ ਵਾਂਗ ਲੋਕ ਵੀ ਮੌਕਾਪ੍ਰਸਤ ਬਣ ਗਏ ਹਨ। ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ। ਇਸ ਲਈ ਹੁਣ ਇਹਨਾਂ ਨੂੰ ਸਮਾਉਣ ਦੀ ਕੋਈ ਲੋੜ ਨਹੀਂ। ਜਿਹਨਾਂ ਨੂੰ ਆਪਣੇ ਪਿਉ ਦੀ ਉਤਰੀ ਪੱਗ ਦਾ ਫ਼ਿਕਰ ਨਹੀਂ, ਉਹਨਾਂ ਨੂੰ ਧੀ ਭੈਣ ਦਾ ਕੀ ਫ਼ਿਕਰ ਹੋਣਾ ਹੈ?" ਪੰਜਾਬ ਦੇ ਲੋਕਾਂ ਨੂੰ ਕਿਹੜਾ ਸੱਪ ਡੰਗ ਮਾਰ ਗਿਆ ਹੈ? ਸੱਪ ਇੱਕ ਹੋਵੇ ਤਾਂ ਫੜਿਆ ਜਾ ਸਕਦਾ ਹੈ ਹੁਣ ਤਾਂ ਨਾਗ ਉਪਰ ਨਾਗ ਚੜ੍ਹਿਆ ਹੋਇਆ ਹੈ। ਹਰ ਕਿਸੇ ਦੇ ਥੱਲੇ ਖਾਕੀ ਲੰਗੋਟ ਪਾਇਆ ਹੋਇਆ ਹੈ। ਉਹ ਕਠਪੁਤਲੀਆਂ ਵਾਂਗ ਨਾਚ ਕਰਦੇ ਹਨ ਤੇ ਮੰਡੇ ਛਕਦੇ ਹਨ। ਇਹਨਾਂ ਅਕਲ ਦੇ ਅੰਨ੍ਹਿਆਂ ਨੂੰ ਤੂੰ ਚਸ਼ਮੇ ਨਾ ਵੇਚ। ਕੋਈ ਹੋਰ ਧੰਦਾ ਕਰ। ਤੁਹਾਡਾ ਕੀ ਵਿਚਾਰ ਹੈ?

# ਇਰਾਨੀ ਲੋਕ ਝੁਕਣ ਨਾਲੋਂ ਮੌਤ ਕਿਉਂ ਪਸੰਦ ਕਰਦੇ ਹਨ ਪੜ੍ਹੋ ਇਹਨਾਂ ਦਾ ਇਤਿਹਾਸ





ਰੇਤ ਦੇ ਟਿੱਬਿਆਂ ਵਿੱਚ ਸੂਰਜ ਲਾਲ ਸੀ, ਜਿਵੇਂ ਖੁਦ ਧਰਤੀ ਦਾ ਖੂਨ ਉਬਲ ਰਿਹਾ ਹੋਵੇ। ਖੈਬਰ ਦੇ ਮਜ਼ਬੂਤ ਕਿਲ੍ਹੇ, ਜਿਨ੍ਹਾਂ ਦੀਆਂ ਮੋਟੀਆਂ ਕੰਧਾਂ ਅਤੇ ਲੋਹੇ ਦੇ ਦਰਵਾਜ਼ੇ ਕਿਸੇ ਵੀ ਫ਼ੌਜ ਲਈ ਅਪਜੈ ਸਨ, ਮੁਸਲਮਾਨਾਂ ਦੇ ਸਾਹਮਣੇ ਖੜ੍ਹੇ ਸਨ। ਇਹ ਕਿਲ੍ਹੇ ਯਹੂਦੀਆਂ ਦੀ ਸ਼ਕਤੀ ਦਾ ਪ੍ਰਤੀਕ ਸਨ, ਜਿਨ੍ਹਾਂ ਨੇ ਮੁਸਲਮਾਨਾਂ ਨਾਲ ਸੰਧੀਆਂ ਤੋੜੀਆਂ ਅਤੇ ਜੰਗ ਦਾ ਬਿਗੁਲ ਵਜਾਇਆ ਸੀ।

ਨਬੀ ਮੁਹੰਮਦ ਦੀ ਅਗਵਾਈ ਵਿੱਚ ਮੁਸਲਮਾਨਾਂ ਦੀ ਫ਼ੌਜ ਖੈਬਰ ਦੀਆਂ ਵਾਦੀਆਂ ਵਿੱਚ ਪਹੁੰਚੀ। ਜੰਗ ਦਾ ਮਾਹੌਲ ਤਣਾਅ ਨਾਲ ਭਰਿਆ ਸੀ। ਤੀਰਾਂ ਦੀ ਸੱਸ-ਸੱਸ, ਤਲਵਾਰਾਂ ਦੀ ਝਨਕਾਰ ਅਤੇ ਸਿਪਾਹੀਆਂ ਦੀਆਂ ਗਰਜਦੀਆਂ ਆਵਾਜ਼ਾਂ ਨੇ ਹਵਾ ਨੂੰ ਭਾਰੀ ਕਰ ਦਿੱਤਾ ਸੀ। ਪਰ ਖੈਬਰ ਦਾ ਮੁੱਖ ਕਿਲ੍ਹਾ, ਜਿਸ ਦਾ ਦਰਵਾਜ਼ਾ ਸੱਤ ਸਿਪਾਹੀਆਂ ਦੇ ਬਲ ਨਾਲ ਖੋਲ੍ਹਿਆ ਜਾਂਦਾ ਸੀ, ਅਜੇਤੂ ਸੀ। ਮੁਸਲਮਾਨਾਂ ਨੇ ਕਈ ਦਿਨ ਲੜਾਈ ਕੀਤੀ, ਪਰ ਜਿੱਤ ਅਜੇ ਦੂਰ ਸੀ।

ਇੱਕ ਰਾਤ, ਜਦੋਂ ਸਾਰੇ ਸਿਪਾਹੀ ਥੱਕੇ-ਹਾਰੇ ਸਨ, ਨਬੀ ਨੇ ਫ਼ਰਮਾਇਆ, "ਕੱਲ੍ਹ ਮੈਂ ਝੰਡਾ ਅਜਿਹੇ ਮਰਦ ਨੂੰ ਸੌਂਪਾਂਗਾ, ਜੋ ਅੱਲ੍ਹਾ ਅਤੇ ਉਸ ਦੇ ਰਸੂਲ ਨੂੰ ਪਿਆਰ ਕਰਦਾ ਹੈ, ਅਤੇ ਜਿਸ ਨੂੰ ਅੱਲ੍ਹਾ ਅਤੇ ਰਸੂਲ ਪਿਆਰ ਕਰਦੇ ਹਨ। ਉਹ ਜਿੱਤ ਪ੍ਰਾਪਤ ਕਰੇਗਾ।"

ਸਵੇਰ ਹੋਈ। ਸਾਰੇ ਸਾਥੀਆਂ ਦੀਆਂ ਨਜ਼ਰਾਂ ਨਬੀ ਦੀਆਂ ਹੱਥਾਂ ਵੱਲ ਸਨ। ਤਦ ਨਬੀ ਨੇ ਝੰਡਾ ਚੁੱਕਿਆ ਅਤੇ ਨਾਮ ਲਿਆ—ਅਲੀ ਇਬਨ ਅਬੀ ਤਾਲਿਬ। ਅਲੀ, ਜਿਸ ਦੀਆਂ ਅੱਖਾਂ ਵਿੱਚ ਈਮਾਨ ਦੀ ਚਮਕ ਸੀ, ਪਰ ਜੋ ਉਸ ਸਮੇਂ ਅੱਖਾਂ ਦੀ ਬਿਮਾਰੀ ਨਾਲ ਪੀੜਤ ਸੀ। ਨਬੀ ਨੇ ਆਪਣੇ ਹੱਥਾਂ ਨਾਲ ਅਲੀ ਦੀਆਂ ਅੱਖਾਂ 'ਤੇ ਸਪਰਸ਼ ਕੀਤਾ, ਅਤੇ ਚਮਤਕਾਰ ਵਾਪਰਿਆ—ਅਲੀ ਦੀਆਂ ਅੱਖਾਂ ਠੀਕ ਹੋ ਗਈਆਂ...

ਅਲੀ ਨੇ ਝੰਡਾ ਚੁੱਕਿਆ ਅਤੇ ਜ਼ੁਲਫਿਕਾਰ ਨੂੰ ਹੱਥ ਵਿੱਚ ਫੜਿਆ।

ਜ਼ੁਲਫਿਕਾਰ, ਜਿਸ ਦੀਆਂ ਦੋ ਮੂੰਹੀਆਂ ਧਾਰਾਂ ਸੂਰਜ ਦੀਆਂ ਕਿਰਨਾਂ ਨਾਲ ਚਮਕ ਰਹੀਆਂ ਸਨ, ਜਿਵੇਂ ਸੱਚ ਦੀ ਸਹੁੰ ਖਾ ਰਹੀਆਂ ਹੋਣ। ਜੰਗ ਦਾ ਮੈਦਾਨ ਧੂੜ ਨਾਲ ਭਰਿਆ ਸੀ। ਖੈਬਰ ਦਾ ਮਸ਼ਹੂਰ ਯੋਧਾ, ਮਰਹਬ, ਜੋ ਆਪਣੀ ਤਾਕਤ ਅਤੇ ਵਿਸ਼ਾਲ ਸਰੀਰ ਲਈ ਜਾਣਿਆ ਜਾਂਦਾ ਸੀ, ਅਲੀ ਦੇ ਸਾਹਮਣੇ ਆਇਆ। ਮਰਹਬ ਨੇ ਆਪਣੀ ਤਲਵਾਰ ਲਹਿਰਾਈ ਅਤੇ ਲਲਕਾਰਿਆ, "ਮੈਂ ਮਰਹਬ ਹਾਂ, ਜਿਸ ਦੀ ਤਲਵਾਰ ਮੌਤ ਦੀ ਸੰਗੀ ਹੈ!

ਅਲੀ ਨੇ ਮੁਸਕਰਾਇਆ। ਉਸ ਦੀਆਂ ਅੱਖਾਂ ਵਿੱਚ ਨਾ ਡਰ ਸੀ, ਨਾ ਸੰਕੋਚ। ਉਸ ਨੇ ਜ਼ੁਲਫਿਕਾਰ ਨੂੰ ਇੱਕ ਝਟਕੇ ਨਾਲ ਹਵਾ ਵਿੱਚ ਚਮਕਾਇਆ ਅਤੇ ਕਿਹਾ, "ਮੈਂ ਅਲੀ ਹਾਂ, ਅੱਲ੍ਹਾ ਦਾ ਸ਼ੇਰ! ਇੱਕ ਪਲ ਵਿੱਚ, ਜ਼ੁਲਫਿਕਾਰ ਨੇ ਮਰਹਬ ਦੀ ਤਲਵਾਰ ਅਤੇ ਢਾਲ ਨੂੰ ਦੋ ਟੁਕੜਿਆਂ ਵਿੱਚ ਵੰਡ ਦਿੱਤਾ। ਮਰਹਬ ਧਰਤੀ 'ਤੇ ਡਿੱਗ ਪਿਆ, ਅਤੇ ਖੈਬਰ ਦੇ ਸਿਪਾਹੀਆਂ ਦੇ ਹੌਸਲੇ ਟੁੱਟ ਗਏ।

ਪਰ ਅਜੇ ਕਿਲ੍ਹੇ ਦਾ ਦਰਵਾਜ਼ਾ ਬਾਕੀ ਸੀ। ਇਹ ਦਰਵਾਜ਼ਾ ਇੰਨਾ ਭਾਰੀ ਸੀ ਕਿ ਕੋਈ ਆਮ ਇਨਸਾਨ ਇਸ ਨੂੰ ਹਿਲਾ ਵੀ ਨਹੀਂ ਸਕਦਾ ਸੀ। ਅਲੀ ਨੇ ਜ਼ੁਲਫਿਕਾਰ ਨੂੰ ਇੱਕ ਪਾਸੇ ਰੱਖਿਆ ਅਤੇ ਆਪਣੇ ਈਮਾਨ ਦੀ ਤਾਕਤ ਨਾਲ ਉਸ ਦਰਵਾਜ਼ੇ ਨੂੰ ਚੁੱਕ ਕੇ ਫ਼ੌਜ ਲਈ ਪੁਲ ਬਣਾ ਦਿੱਤਾ। ਮੁਸਲਮਾਨ ਸਿਪਾਹੀਆਂ ਨੇ ਇਸ 'ਤੇ ਚੜ੍ਹ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਜੰਗ ਜਿੱਤ ਗਈ। ਖੈਬਰ ਦੇ ਕਿਲ੍ਹੇ ਝੁਕ ਗਏ, ਅਤੇ ਜ਼ੁਲਫਿਕਾਰ ਦੀ ਚਮਕ ਨੇ ਸੱਚ ਦੀ ਜਿੱਤ ਦਾ ਐਲਾਨ ਕਰ ਦਿੱਤਾ। ਹਜ਼ਰਤ ਅਲੀ ਦੀ ਬਹਾਦਰੀ ਅਤੇ ਜ਼ੁਲਫਿਕਾਰ ਦੀ ਧਾਰ ਨੇ ਨਾ ਸਿਰਫ਼ ਖੈਬਰ ਨੂੰ ਜਿੱਤਿਆ, ਸਗੋਂ ਇਤਿਹਾਸ ਦੇ ਪੰਨਿਆਂ 'ਤੇ ਸਦਾ ਲਈ ਇੱਕ ਅਮਰ ਕਹਾਣੀ ਲਿਖ ਦਿੱਤੀ

ਇਸੇ ਅਲੀ ਤੋਂ ਸਿੱਖਿਆ ਲੈ ਇਰਾਨੀ ਲੋਕ ਮੌਤ ਪਸੰਦ ਕਰਦੇ ਹਨ ਝੁਕਣਾ ਨਹੀਂ

ਫੋਟੋ : ਅਲੀ ਦੀ ਤਲਵਾਰ ਜੁਲਫਿਕਾਰ ਜੋ ਅੱਜ ਵੀ ਤੁਰਕੀ ਵਿੱਚ ਮੌਜੂਦ ਹੈ

ਦੂਜੀ ਫੋਟੋ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਜੋ ਬਹਾਦਰ ਸ਼ਾਹ ਨੇ ਭੇਟ ਕਰੀ ਸੀ ਜੋ ਅੱਜ ਵੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਮੌਜੂਦ ਹੈ।

ਜਾਗਰ ਅਮਲੀ







## ਕਿਸਾਨਾਂ ਖ਼ਿਲਾਫ਼ ਮੁਹਿੰਮ ਸ਼ੁਰੂ

# ਕਰਜ਼ਈ ਕਿਸਾਨਾਂ ਦੀ ਜ਼ਮੀਨ ਹੋਵੇਗੀ ਨਿਲਾਮ



ਚਰਨਜੀਤ ਭੁੱਲਰ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਕਰਜ਼ਈ ਕਿਸਾਨਾਂ ਦੀਆਂ ਜ਼ਮੀਨਾਂ ਦੀ ਨਿਲਾਮੀ ਦੀ ਤਿਆਰੀ ਵਿੱਢ ਦਿੱਤੀ ਹੈ। ਖੇਤੀ ਵਿਕਾਸ ਬੈਂਕਾਂ ਨੇ ਮੁੱਢਲੇ ਪੜਾਅ 'ਤੇ ਵੱਡੇ ਕਿਸਾਨਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ।ਮਾਰਚ ਮਹੀਨੇ ਦੇ ਅਖੀਰ ਤੋਂ ਇਹ ਨਿਲਾਮੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ।ਪਤਾ ਲੱਗਿਆ ਹੈ ਕਿ ਪਹਿਲੇ ਪੜਾਅ 'ਤੇ 20 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਵਾਲੇ ਡਿਫਾਲਟਰ ਕਿਸਾਨਾਂ ਦੀਆਂ ਜ਼ਮੀਨਾਂ ਦੀ ਜਨਤਿਕ ਨਿਲਾਮੀ ਰੱਖੀ ਜਾਵੇਗੀ। ਖੇਤੀ ਵਿਕਾਸ ਬੈਂਕ ਇਸ ਵੇਲੇ ਵਿੱਤੀ ਸੰਕਟ ਵਿਚੋਂ ਦੀ ਲੰਘ ਰਹੇ ਹਨ ਅਤੇ ਨਬਾਰਡ ਨੇ ਦੋ ਵਰ੍ਹਿਆਂ ਤੋਂ ਇਨ੍ਹਾਂ ਬੈਂਕਾਂ ਨੂੰ ਰੀਫਾਈਨਾਂਸ ਕਰਨਾ ਬੰਦ ਕੀਤਾ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਖੇਤੀ ਵਿਕਾਸ ਬੈਂਕਾਂ ਨੇ ਪੰਜਾਬ ਭਰ 'ਚ ਅਜਿਹੇ ਕਰੀਬ 109 ਡਿਫਾਲਟਰ ਕਿਸਾਨਾਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ ਕੋਲ 20 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਹੈ। ਸ਼ਨਾਖ਼ਤਸ਼ੁਦਾ ਕਿਸਾਨ ਕਰੀਬ 20.50 ਕਰੋੜ ਰੁਪਏ ਦੇ ਕਰਜ਼ਈ ਹਨ।

ਸੂਤਰਾਂ ਅਨੁਸਾਰ ਸਹਾਇਕ ਰਜਿਸਟਰਾਰਾਂ ਨੇ ਜ਼ਮੀਨ ਦੀ ਨਿਲਾਮੀ ਲਈ ਤਰੀਕਾਂ ਤੈਅ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ 30 ਮਾਰਚ ਦੇ ਆਸ ਪਾਸ ਇਨ੍ਹਾਂ ਦੀ ਨਿਲਾਮੀ ਸ਼ੁਰੂ ਹੋ ਸਕਦੀ ਹੈ। ਬਠਿੰਡਾ ਜ਼ਿਲ੍ਹੇ ਦੇ ਪੰਜ ਖੇਤੀ ਵਿਕਾਸ ਬੈਂਕਾਂ ਨੇ 16 ਵੱਡੇ ਕਿਸਾਨਾਂ ਦੀ ਜ਼ਮੀਨ ਦੀ ਨਿਲਾਮੀ ਦੀ ਤਰੀਕ ਤੈਅ ਕੀਤੀ ਹੈ। ਪਤਾ ਲੱਗਾ ਹੈ ਕਿ ਸਹਿਕਾਰਤਾ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ 5 ਮਾਰਚ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ ਜਿਸ 'ਚ ਅਧਿਕਾਰੀਆਂ ਨੂੰ ਵਸੂਲੀ ਦਾ ਟੀਚਾ ਦਿੱਤਾ ਗਿਆ ਸੀ।ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ 'ਚ 89 ਖੇਤੀ ਵਿਕਾਸ ਬੈਂਕ ਹਨ ਜਿਨ੍ਹਾਂ ਦੇ ਕੁੱਲ 46,200 ਡਿਫਾਲਟਰ ਕਿਸਾਨ ਹਨ ਅਤੇ ਇਨ੍ਹਾਂ ਵੱਲ 2,650 ਕਰੋੜ ਰੁਪਏ ਦੀ ਰਕਮ ਬਕਾਇਆ ਖੜ੍ਹੀ ਹੈ। ਔਸਤਨ ਪ੍ਰਤੀ ਕਰਜ਼ਈ ਕਿਸਾਨ ਸਿਰ ਇਹ ਰਕਮ 5.72 ਲੱਖ ਰੁਪਏ ਬਣਦੀ ਹੈ। ਢਾਈ ਏਕੜ ਤੱਕ ਦੇ ਕਰਜ਼ਈ ਕਿਸਾਨਾਂ ਵੱਲ 690 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਖੜ੍ਹੀ ਹੈ; ਢਾਈ ਤੋਂ ਪੰਜ ਏਕੜ ਤੱਕ ਦੇ ਕਰਜ਼ਈ ਕਿਸਾਨਾਂ ਵੱਲ ਕਰੀਬ 790 ਕਰੋੜ ਰੁਪਏ ਦੀ ਰਾਸ਼ੀ ਖੜ੍ਹੀ ਹੈ।

ਇਵੇਂ ਪੰਜ ਤੋਂ ਦਸ ਏਕੜ ਦੇ ਡਿਫਾਲਟਰ ਕਿਸਾਨਾਂ ਵੱਲ 850 ਕਰੋੜ ਰੁਪਏ ਫਸੇ ਹੋਏ ਹਨ। ਖੇਤੀ ਵਿਕਾਸ ਬੈਂਕਾਂ ਨੇ 10 ਤੋਂ 15 ਏਕੜ ਦੇ ਡਿਫਾਲਟਰ ਕਿਸਾਨਾਂ ਤੋਂ 235 ਕਰੋੜ ਰੁਪਏ ਦਾ ਕਰਜ਼ਾ ਵਸੂਲ ਕਰਨਾ ਹੈ; 15 ਤੋਂ 20 ਏਕੜ ਵਾਲੇ ਡਿਫਾਲਟਰ ਕਿਸਾਨਾਂ ਵੱਲ 61 ਕਰੋੜ ਰੁਪਏ ਦੀ ਰਾਸ਼ੀ ਖੜ੍ਹੀ ਹੈ। ਵੀਹ ਏਕੜ ਤੋਂ ਉਪਰ ਜ਼ਮੀਨ ਮਾਲਕੀ ਵਾਲੇ ਡਿਫਾਲਟਰ ਕਿਸਾਨਾਂ ਵੱਲ 20.85 ਕਰੋੜ ਰੁਪਏ ਫਸੇ ਹੋਏ ਹਨ। ਖੇਤੀ ਵਿਕਾਸ ਬੈਂਕਾਂ ਦੀ ਸਾਲ 2025-26 'ਚ ਵਸੂਲੀ ਸਿਰਫ਼ 244 ਕਰੋੜ ਰੁਪਏ ਹੋਈ ਹੈ; 2024-25 'ਚ 285 ਕਰੋੜ ਰੁਪਏ ਅਤੇ 2023-24 'ਚ ਇਹ ਵਸੂਲੀ 305 ਕਰੋੜ ਰੁਪਏ ਰਹੀ ਸੀ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਨਬਾਰਡ ਨੂੰ 3200 ਕਰੋੜ ਰੁਪਏ ਦੀ ਗਾਰੰਟੀ ਦਿੱਤੀ ਹੋਈ ਹੈ ਅਤੇ ਨਬਾਰਡ ਵੱਲੋਂ ਰੀਫਾਈਨਾਂਸ ਨਾ ਕੀਤੇ ਜਾਣ ਕਰ ਕੇ ਕਿਸਾਨਾਂ ਨੂੰ ਨਵੇਂ ਕਰਜ਼ੇ ਨਹੀਂ ਦਿੱਤੇ ਜਾ ਰਹੇ।

ਉਨ੍ਹਾਂ ਇਹ ਵੀ ਕਿਹਾ ਕਿ ਸੁਪਰੀਮ ਕੋਰਟ ਨੇ ਪੁਰਾਣੇ ਮੁਲਾਜ਼ਮਾਂ ਦੇ ਕਰੀਬ 500 ਕਰੋੜ ਰੁਪਏ ਦੇ ਬਕਾਏ ਅਤੇ ਹਾਈ ਕੋਰਟ ਨੇ 150 ਕਰੋੜ ਰੁਪਏ ਦੇ ਬਕਾਏ ਦੇਣ ਲਈ ਕਿਹਾ ਹੈ। ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਕਰਜ਼ੇ ਦੀ ਵਸੂਲੀ ਸ਼ੁਰੂ ਹੋ ਜਾਂਦੀ ਹੈ ਤਾਂ ਨਬਾਰਡ ਤੋਂ ਕਰੀਬ 800 ਕਰੋੜ ਰੁਪਏ ਦਾ ਵਿੱਤੀ ਫੰਡ ਮਿਲ ਸਕਦਾ ਹੈ, 20 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਵਿਰੁੱਧ ਸਖ਼ਤ ਕਾਰਵਾਈ ਨਾਲ ਕਰੀਬ 17 ਕਰੋੜ ਰੁਪਏ ਵਸੂਲਣ ਵਿੱਚ ਮਦਦ ਮਿਲੇਗੀ।

ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵਿਧਾਨ ਸਭਾ 'ਚ ਮੰਗ ਕੀਤੀ ਸੀ ਕਿ ਡਿਫਾਲਟਰ ਕਿਸਾਨਾਂ ਲਈ ਯਕਮੁਸ਼ਤ ਸਕੀਮ ਲਿਆਂਦੀ ਜਾਵੇ। ਹਲਕਾ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਵੀ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰਾਂ ਲਈ ਯਕਮੁਸ਼ਤ ਸਕੀਮ ਦੀ ਮੰਗ ਕਰ ਚੁੱਕੇ ਹਨ।

**ਡਿਫਾਲਟਰ ਕਿਸਾਨਾਂ 'ਤੇ ਇੱਕ ਨਜ਼ਰ**

| ਜ਼ਮੀਨ ਦੀ ਮਾਲਕੀ | ਪ੍ਰਤੀ ਕਿਸਾਨ ਔਸਤ ਕਰਜ਼ਾ |
|---|---|
| ਢਾਈ ਏਕੜ ਤੱਕ | 4.09 ਲੱਖ ਰੁਪਏ |
| ਢਾਈ ਤੋਂ ਪੰਜ ਏਕੜ | 5.29 ਲੱਖ ਰੁਪਏ |
| ਪੰਜ ਏਕੜ ਤੋਂ 10 ਏਕੜ | 7.42 ਲੱਖ ਰੁਪਏ |
| ਦਸ ਤੋਂ 15 ਏਕੜ | 10.22 ਲੱਖ ਰੁਪਏ |
| 15 ਤੋਂ 20 ਏਕੜ | 10.57 ਲੱਖ ਰੁਪਏ |
| 20 ਏਕੜ ਤੋਂ ਉਪਰ | 13.19 ਲੱਖ ਰੁਪਏ |

# ਘਸਮੈਲੇ ਜਿਹੇ ਕੱਪੜੇ ਪਾਈ... !

ਘਸਮੈਲੇ ਜਿਹੇ ਕੱਪੜੇ ਪਾਈ ਕਾਰਾਂ ਦੇ ਸ਼ੋ-ਰੂਮ ਵਿਚ ਤੁਰਿਆ ਫਿਰਦਾ "ਸਰਵਣ ਸਿੰਘ" ਅੱਜ ਇੰਜ ਲੱਗ ਰਿਹਾ ਸੀ ਜਿਵੇਂ ਕਿਸੇ ਥਰਡ ਕਲਾਸ ਵਾਲਾ ਬੰਦਾ ਗਲਤੀ ਨਾਲ ਰੇਲ ਦੇ ਫਸਟ ਕਲਾਸ ਏ.ਸੀ ਡੱਬੇ ਵਿਚ ਆਣ ਵੜਿਆ ਹੋਵੇ।

ਟਾਈਆਂ ਲਾਈ ਕੋਲੋਂ ਲੰਘਦੇ ਸੇਲਸ ਮੈਨ ਪਹਿਲਾਂ ਉਸ ਵੱਲ ਤੱਕਦੇ ਤੇ ਫੇਰ ਉਸਦੇ ਝੋਲੇ ਵੱਲ... ਤੇ ਫੇਰ ਮਸ਼ਕਰੀਆਂ ਵਿਚ ਹਾੱਸਾ ਹੱਸਦੇ ਕੋਲੋਂ ਲੰਘ ਜਾਂਦੇ।

ਥੋੜੀ ਦੇਰ ਮਗਰੋਂ ਇੱਕ ਫਾਈਲਾਂ ਚੱਕੀ ਸੇਲਸ ਮੈਨ ਉਸਦੇ ਕੋਲ ਆ ਆਖਣ ਲੱਗਾ ਆਜੋ ਸਰਵਣ ਸਿੰਘ ਜੀ "ਕਾਂਟਰੈਕਟ" ਸਾਈਨ ਕਰ ਲਈਏ ...ਤੇ ਦੱਸ ਦਿਓ ਕਾਰ ਦੀ ਡਿਲੀਵਰੀ ਕਦੋਂ ਚਾਹੀਦੀ ਹੈ ?

ਦਸਤਖਤ ਕਰਨ ਮਗਰੋਂ ਝੋਲੇ ਵਿਚੋਂ ਹੌਲੀ ਜਿਹੀ ਸਾਢੇ ਤਿੰਨ ਲੱਖ ਦੇ ਬੰਡਲ ਟੇਬਲ ਤੇ ਢੇਰੀ ਕਰਦਾ ਹੋਇਆ ਆਖਣ ਲੱਗਾ ਕੇ 31 ਤਰੀਕ ਨੂੰ ਸ਼ਗਨ ਹੈ ਜੀ ਓਸੇ ਦਿਨ ਸੁਵੇਰੇ ਆ ਕੇ ਲੈ ਜਾਵਾਂਗਾ...ਪਹਿਲਾਂ ਲੈ ਗਿਆ ਤਾਂ ਘਰੇ ਆਟੋ ਜੋਗੀ ਥਾਂ ਨੀ ਬਚਣੀ ?

ਨਾਲ ਹੀ ਨਵੇਂ ਸਹੇੜੇ ਕੁੜਮ ਦੇ ਆਖੇ ਬੋਲ ਚੇਤੇ ਕਰ ਨੀਵੀਂ ਜਿਹੀ ਪਾ ਲਈ ਕੇ "ਸਰਵਣ ਸਿਆਂ ਸਾਨੂੰ ਹੋਰ ਕੁਝ ਨੀ ਚਾਹੀਦਾ ਸਿਰਫ ਪੰਜ-ਕੂ ਸੌ ਦੇ ਕਰੀਬ ਬਰਾਤ ਦੀ ਚੰਗੀ ਸੇਵਾ ਹੋ ਜਾਵੇ ਤੇ ਸ਼ਗਨ ਵਿਚ ਇੱਕ ਮੂੰਹ ਮੱਥੇ ਲੱਗਦੀ ਨਵੀਂ - ਨਕੋਰ ਏ ਸੀ ਕਾਰ ਤੇ ਇੱਕ ਹਾਈ-ਡੈਫੀਨੇਸ਼ਨ ਟੀਵੀ ਮਿਲ ਜਾਵੇ ...ਬਾਕੀ ਕੁੜੀ ਤਾਂ ਅਸੀਂ ਤਿੰਨ ਕਪੜਿਆਂ ਵਿਚ ਹੀ ਲੈ ਜਾਣੀ !

ਕਾਗਜ਼ੀ ਕਾਰਵਾਈ ਮੁਕਾ ਕਾਹਲੀ ਨਾਲ ਬਾਹਰ ਨਿੱਕਲ ਆਟੋ ਰਿਕਸ਼ਾ ਸਟਾਰਟ ਕਰ ਰੇਲਵੇ ਸਟੇਸ਼ਨ ਨੂੰ ਹੋ ਤੁਰਿਆ ਜਿਥੇ ਬੰਬਿਓਂ ਆਉਂਦੀ ਫਰੰਟੀਅਰ ਮੇਲ ਦੀਆਂ ਸਵਾਰੀਆਂ ਚੁੱਕਣ ਦਾ ਟਾਈਮ ਹੋ ਗਿਆ ਸੀ ! ਟੇਸ਼ਨ ਵੱਲ ਨੂੰ ਤੁਰਿਆ ਜਾਂਦਾ ਸੋਚੀ ਜਾ ਰਿਹਾ ਸੀ ਕੇ ਕਿੰਨਾ ਜਰੂਰੀ ਹੁੰਦਾ ਹੈ ਇਹਨਾਂ ਮੌਕਿਆਂ ਤੇ ਧੀਆਂ ਦੀਆਂ ਜੰਮਦਾਤੀਆਂ ਦਾ ਜਿਉਂਦੇ ਹੋਣਾ ...ਲੱਖ ਦੁੱਖ ਸੁੱਖ ਅਕਲਾਂ ਸਲਾਹਾਂ ਤੇ ਹੋਰ ਸਮਝਾਉਣ ਵਾਲੀਆਂ ਕਈ ਗੱਲਾਂ ...ਮੇਰੇ ਨਾਲ ਤੇ ਹੁਣ ਅੱਖਾਂ ਮਿਲਾਉਣ ਤੋਂ ਵੀ ਝੱਕਦੀ ਹੈ ਜਿਉਣ ਜੋਗੀ !

ਦੂਜੇ ਪਾਸੇ ਸ਼ੋ-ਰੂਮ ਵਿਚ ਸਰਵਣ ਸਿੰਘ ਨੂੰ ਕਾਰ ਵੇਚਣ ਵਾਲੇ ਮਹਿਤਾ ਸਾਬ ਨੂੰ ਵਧਾਈਆਂ ਮਿਲਣ ਦਾ ਸਿਲਸਿਲਾ ਨਿਰੰਤਰ ਜਾਰੀ ਸੀ ...ਪਰ ਮਹਿਤਾ ਜੀ ਆਪਣੀ ਨਿੱਕੀ ਧੀ ਦੀ ਐਕਟਿਵਾ ਦੀਆਂ ਕਿਸ਼ਤਾਂ ਤੇ ਟਯੂਸ਼ਨ ਦੀ ਫੀਸ ਦੇ ਹੋਏ ਬੰਦੋਬਸਤ ਕਰਕੇ ਰੱਬ ਦਾ ਲੱਖ ਲੱਖ ਸ਼ੁਕਰਾਨਾ ਕਰ ਰਹੇ ਸਨ !

ਮਜਬੂਰੀ ਵੱਸ ਪਏ ਦੋ ਇਨਸਾਨ ਜਿੰਦਗੀ ਦੇ ਸੰਘਰਸ਼ ਵਾਲੇ ਦੋ ਵੱਖੋ ਵੱਖ ਮੋਰਚਿਆਂ ਤੇ ਡਟੇ ਪਏ ਸਨ ! ਇੱਕ ਸਧਾਰਨ ਕੱਪੜੇ ਪਾਈ ਟੇਸ਼ਨ ਤੇ ਸਵਾਰੀਆਂ ਦਾ ਇੰਤਜਾਰ ਕਰ ਰਿਹਾ ਸੀ ਤੇ ਦੂਜਾ ਟਾਈ ਲਾਈ ਸ਼ੋ ਰੂਮ ਦੇ ਗੇਟ ਤੇ ਗ੍ਰਾਹਕਾਂ ਦਾ ..ਪਰ ਦੋਨਾਂ ਪਾਸੇ ਮੰਜਿਲ ਇੱਕੋ ਹੀ ਸੀ...ਬੇਗਾਨੀਆਂ ਹੋ ਜਾਣ ਵਾਲੀਆਂ ਵੇਹੜੇ ਖੇਡਦੀਆਂ ਰੌਣਕਾਂ ਦਾ ਸੁਨਹਿਰੀ ਭਵਿੱਖ !

#ਧੀਆਂ

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ 'ਅੰਤਰਰਾਸ਼ਟਰੀ ਔਰਤ ਦਿਵਸ' ਨੂੰ ਸਮਰਪਿਤ ਜ਼ੂਮ-ਸਮਾਗਮ ਕਰਵਾਇਆ

## ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 15 ਮਾਰਚ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਜ਼ੂਮ-ਮਾਧਿਅਮ ਰਾਹੀਂ ਕਰਵਾਇਆ ਗਿਆ ਸਮਾਗਮ 'ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਕੀਤਾ ਗਿਆ। ਇਸਦੇ ਪਹਿਲੇ ਸੈਸ਼ਨ ਵਿੱਚ ਔਰਤ ਬੁਲਾਰਿਆਂ ਵੱਲੋਂ 'ਔਰਤਾਂ ਦਾ ਸਮਾਜਿਕ ਰੁਤਬਾ ਅਤੇ ਵਿਸ਼ਵ-ਪੱਧਰ ਫ਼#39;ਤੇ ਅਜੋਕੇ ਹਾਲਾਤ' ਵਿਸ਼ੇ ਉੱਪਰ ਭਰਪੂਰ ਵਿਚਾਰ-ਚਰਚਾ ਕੀਤੀ ਗਈ। ਇਸ ਸਮਾਗਮ ਦੀ ਮੁੱਖ-ਬੁਲਾਰਾ ਡਾ. ਨਵਜੋਤ ਕੌਰ, ਸਾਬਕਾ ਪ੍ਰਿੰਸੀਪਲ ਲਾਇਲਪੁਰ ਖਾਲਸਾ ਕਾਲਜ ਜਲੰਧਰ ਸਨ। ਹੋਰ ਬੁਲਾਰਿਆਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਡਾ. ਆਂਚਲ ਅਰੋੜਾ, ਲਾਹੌਰ (ਪਾਕਿਸਤਾਨ) ਤੋਂ ਮੈਡਮ ਦੀਪ ਸਈਦਾ, ਬਟਾਲਾ ਤੋਂ ਡਾ. ਸਤਿੰਦਰ ਕੌਰ ਕਾਹਲੋਂ, ਕੈਲਗਰੀ ਤੋਂ ਗੁਰਚਰਨ ਕੌਰ ਥਿੰਦ ਅਤੇ ਬਰੈਂਪਟਨ ਤੋਂ ਸੁਖਚਰਨਜੀਤ ਕੌਰ ਗਿੱਲ ਸ਼ਾਮਲ ਸਨ।




ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗਮ ਵਿੱਚ ਸ਼ਾਮਲ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗਤ ਤੋਂ ਬਾਅਦ ਇਸ ਸੈਸ਼ਨ ਦੇ ਸੰਚਾਲਕ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਸਮਾਗਮ ਦੀ ਮੁੱਖ-ਬੁਲਾਰਾ ਡਾ. ਨਵਜੋਤ ਕੌਰ ਨੂੰ ਅੰਤਰਰਾਸ਼ਟਰੀ ਔਰਤ ਦਿਵਸ ਅਤੇ ਔਰਤਾਂ ਦੀ ਅਜੋਕੀ ਸਮਾਜਿਕ ਦਸ਼ਾ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਆਪਣਾ ਸੰਬੋਧਨ ਗੁਰੂ ਨਾਨਕ ਦੇਵ ਜੀ ਦੇ ਕਥਨ "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਤੋਂ ਸ਼ੁਰੂ ਕਰਦਿਆਂ ਹੋਇਆਂ ਔਰਤਾਂ ਦੇ ਅਜੋਕੇ ਹਾਲਾਤ ਨੂੰ ਦਰਸਾਉਂਦਿਆਂ ਕਿਹਾ ਕਿ ਅੱਜ ਧੀ ਦੇ ਰੂਪ ਵਿੱਚ ਔਰਤ ਮਾਂ ਦੀ ਕੁੱਖ ਵਿੱਚ ਵੀ ਸੁਰੱਖ਼ਿਅਤ ਨਹੀਂ ਹੈ। ਜਨਮ ਤੋਂ ਬਾਅਦ ਉਸ ਨੂੰ ਪਹਿਲਾਂ ਘਰ 'ਚ ਅਤੇ ਫਿਰ ਬਾਹਰ ਸਮਾਜਿਕ ਨਾ-ਬਰਾਬਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਿੰਨੀ ਸ਼ਰਮਨਾਕ ਗੱਲ ਹੈ ਕਿ ਸਾਡੇ ਸਮਾਜ ਵਿੱਚ ਅਜੇ ਵੀ ਝੂਠੀਆਂ 'ਅਣਖਾਂ' ਤੋਂ ਕਤਲ ਹੋ ਰਹੇ ਹਨ ਅਤੇ ਮਾਵਾਂ-ਭੈਣਾਂ ਦੀਆਂ ਗਾਹਲਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਹੋਰ ਕਿਹਾ ਕਿ ਪੁਰਾਤਨ ਧਾਰਨਾ "ਔਰਤਾਂ ਦੀ ਗੁੱਤ ਪਿੱਛੇ ਮੱਤ" ਤੋਂ ਉੱਪਰ ਉੱਠ ਕੇ ਅੱਜ ਔਰਤ ਨਾ ਕੇਵਲ ਮਰਦਾਂ ਦੀ ਬਰਾਬਰੀ ਹੀ ਕਰ ਰਹੀ ਹੈ, ਸਗੋਂ ਕਈ ਖ਼ੇਤਰਾਂ ਵਿੱਚ ਉਹ ਉਸ ਤੋਂ ਅੱਗੇ ਵੀ ਨਿਕਲ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਧੀਆਂ ਬਾਰੇ ਤਾਂ ਫ਼ਿਕਰਮੰਦ ਹਾਂ, ਪਰ ਪੁੱਤਾਂ ਬਾਰੇ ਬਿਲਕੁਲ ਨਹੀਂ ਹਾਂ। ਉਹ ਭਾਵੇਂ ਬਾਹਰ ਜੋ ਮਰਜ਼ੀ ਕਰਦੇ ਫਿਰਨ ਤੇ ਅੱਧੀ ਰਾਤ ਘਰਾਂ ਨੂੰ ਪਰਤਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਅਰੇ "ਧੀ ਬਚਾਓ ਧੀ ਪੜ੍ਹਾਓ" ਨੂੰ ਆਪਣੇ ਸੰਬੋਧਨ 'ਚ ਸ਼ਾਮਲ ਕਰਦਿਆਂ ਉਨ੍ਹਾਂ ਕਿਹਾ ਕਿ ਸਿਆਸੀ ਪੱਖ ਤੋਂ ਤਾਂ ਇਹ ਨਾਅਰਾ ਸਹੀ ਲੱਗਦਾ ਹੈ, ਪਰ ਵਿਹਾਰਕ ਪੱਖ ਤੋਂ ਬਿਲਕੁਲ ਨਹੀਂ, ਕਿਉਂਕਿ ਇਸ ਉੱਪਰ ਕੋਈ ਅਮਲ ਨਹੀਂ ਹੋ ਰਿਹਾ ਹੈ। ਵਿਹਾਰਕ ਪੱਖ ਦੀ ਗੱਲ ਕਰਦਿਆਂ ਸਮਾਗਮ ਦੀ ਦੂਸਰੀ ਬੁਲਾਰਾ ਡਾ. ਆਂਚਲ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਇੱਕ ਲੜਕੀ ਜਿਸ ਨੂੰ ਉਸਦੇ ਮਾਪੇ ਬਾਰ੍ਹਵੀਂ ਜਮਾਤ ਤੋਂ ਅੱਗੇ ਪੜ੍ਹਾਉਣਾ ਨਹੀਂ ਚਾਹੁੰਦੇ ਸਨ, ਨੂੰ ਉਨ੍ਹਾਂ ਵੱਲੋਂ ਦਿੱਤੀ ਗਈ ਪ੍ਰੇਰਨਾ ਤੇ ਗੱਲਾਸ਼ੇਰੀ ਅਤੇ ਉਸ ਦੇ ਮਾਪਿਆਂ ਨੂੰ ਇਸ ਦੇ ਲਈ ਰਾਜ਼ੀ ਕਰਨ ਬਾਰੇ ਖ਼ੂਬਸੂਰਤ ਉਦਾਹਰਣ ਦਿੱਤੀ ਜੋ ਆਪਣੀ ਪੜ੍ਹਾਈ ਦੌਰਾਨ ਨੌਕਰੀ ਕਰਦੀ ਹੋਈ ਬੀ.ਏ. ਵਿੱਚ ਆਪਣੇ ਕਾਲਜ ਵਿੱਚ ਪਹਿਲੇ ਨੰਬਰ 'ਤੇ ਆਈ। ਉਨ੍ਹਾਂ ਕਿਹਾ ਕਿ ਸਾਡੇ ਵਿੱਚ ਈਰਖਾ ਜਾਂ ਸਾੜੇ ਦਾ ਨਹੀਂ, ਸਗੋਂ ਇਨਸਾਨੀਅਤ ਦਾ ਜਜ਼ਬਾ ਹੋਣਾ ਚਾਹੀਦਾ ਹੈ।

ਲਾਹੌਰ ਤੋਂ ਇਸ ਸਮਾਗਮ ਵਿੱਚ ਹਿੱਸਾ ਲੈਂਦਿਆਂ ਮੈਡਮ ਦੀਪ ਸਈਦਾ ਨੇ ਕਿਹਾ ਕਿ ਉਹ ਦੁਨਿਆਵੀ ਧਰਮਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ ਅਤੇ ਇਨਸਾਨੀਅਤ ਨੂੰ ਆਪਣਾ ਧਰਮ ਸਮਝਦੇ ਹਨ। ਇਤਿਹਾਸਕ 'ਗ਼ਦਰ ਲਹਿਰ' ਦੀ ਮਹਾਨ ਨਾਇਕਾ ਗੁਲਾਬ ਕੌਰ ਉਨ੍ਹਾਂ ਦੇ ਲਈ 'ਰੋਲ ਮਾਡਲ' ਅਤੇ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਔਰਤਾਂ ਵਿੱਚ ਈਰਖਾ ਅਤੇ ਸਾੜੇ ਦੇ ਲਈ ਸਮਾਜਿਕ ਹਾਲਾਤ ਜ਼ਿੰਮੇਵਾਰ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਨੌਜੁਆਨ ਪੀੜ੍ਹੀ ਨੂੰ ਆਪਣੇ ਨਾਲ ਲੈ ਕੇ ਚੱਲਣ ਬਾਰੇ ਵੀ ਕਿਹਾ। ਅਗਲੀ ਬੁਲਾਰਾ ਡਾ. ਸਤਿੰਦਰ ਕੌਰ ਕਾਹਲੋਂ ਨੇ ਕਿਹਾ ਕਿ ਔਰਤਾਂ ਦੀ ਸਥਿਤੀ ਹੁਣ ਪਹਿਲਾਂ ਨਾਲੋਂ ਕਾਫ਼ੀ ਬੇਹਤਰ ਹੋ ਰਹੀ ਹੈ। ਪਿਛਲੇ ਸਮੇਂ ਵਿੱਚ ਔਰਤਾਂ ਸਾਰਾ ਦਿਨ ਘਰਾਂ ਦੇ ਕੰਮਾਂ ਵਿੱਚ ਹੀ ਰੁੱਝੀਆਂ ਰਹਿੰਦੀਆਂ ਸਨ ਅਤੇ ਉਨ੍ਹਾਂ ਵਿੱਚੋਂ ਕੋਈ ਵਿਰਲੀ ਹੀ ਪੜ੍ਹਦੀ ਸੀ। ਹੌਲ਼ੀ-ਹੌਲ਼ੀ ਮਾਪਿਆਂ ਨੇ ਧੀਆਂ ਨੂੰ ਪੜ੍ਹਉਣਾ ਸ਼ੁਰੂ ਕੀਤਾ ਅਤੇ ਅੱਜਕੱਲ੍ਹ ਲੜਕੀਆਂ ਕਈ ਖ਼ੇਤਰਾਂ ਵਿੱਚ ਲੜਕਿਆਂ ਨੂੰ ਪਿੱਛੇ ਛੱਡ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਧੀਆਂ ਨੂੰ ਧੀਆਂ ਵਾਂਗ ਤੇ ਪੁੱਤਰਾਂ ਨੂੰ ਪੁੱਤਰਾਂ ਵਾਗ ਪਾਲਣਾ-ਪੋਸਣਾ ਚਾਹੀਦਾ ਹੈ ਅਤੇ ਦੋਹਾਂ ਨੂੰ ਇੱਜ਼ਤ ਕਰਨਾ ਸਿਖਾਉਣਾ ਚਾਹੀਦਾ ਹੈ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ ਕਮੇਟੀ ਦੀ ਮੈਂਬਰ ਸੁਖਚਰਨਜੀਤ ਕੌਰ ਗਿੱਲ ਨੇ ਕਿਹਾ ਕਿ 'ਅੰਤਰਰਾਸ਼ਟਰੀ ਔਰਤ-ਦਿਵਸ' ਸਾਨੂੰ ਵਿਖਾਵੇ ਵਜੋਂ ਨਹੀਂ, ਸਗੋਂ ਇਸ ਦੇ ਪਿੱਛੇ ਜੁੜੀ ਸਮਾਜਿਕ ਬਰਾਬਰੀ ਦੀ ਭਾਵਨਾ ਨਾਲ ਮਨਾਉਣਾ ਚਾਹੀਦਾ ਹੈ ਅਤੇ ਇਸਦੀ ਸ਼ੁਰੂਆਤ ਘਰ ਤੋਂ ਹੋਣੀ ਚਾਹੀਦੀ ਹੈ। ਆਪਣੀ ਦਾਦੀ ਵੱਲੋਂ ਦੱਸੀ ਗਈ ਗੁਲਗੁਲੇ ਬਨਾਉਣ ਬਾਰੇ ਦੱਸੀ ਗਈ ਗੱਲ ਦੀ ਦਿਲਚਸਪ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਗੁਲਗਲੇ ਬਨਾਉਣ ਲਈ ਤੇਲ ਘਰ 'ਚ ਹੀ ਮੌਜੂਦ ਹੋਣਾ ਚਾਹੀਦਾ ਹੈ ਅਤੇ ਇਹ ਆਂਢ-ਗਵਾਂਢ ਤੋਂ ਨਹੀਂ ਮੰਗਣਾ ਚਾਹੀਦਾ।

ਘਰੇਲੂ ਹਿੰਸਾ ਅਤੇ ਸਮਾਜਿਕ ਬਰਾਬਰੀ ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਕੈਲਗਰੀ ਤੋਂ ਲੇਖਿਕਾ ਅਤੇ ਸਮਾਜਿਕ ਕਾਰਕੁਨ ਗੁਰਚਰਨ ਕੌਰ ਥਿੰਦ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਘਰੇਲੂ ਹਿੰਸਾ ਭਾਰਤ, ਪਾਕਿਸਤਾਨ ਤੇ ਹੋਰ ਦੱਖਣੀ ਏਸ਼ੀਆਈ ਦੇਸ਼ਾਂ ਨਾਲੋਂ ਇੱਥੇ ਇਨ੍ਹਾਂ ਮੁਲਕਾਂ ਵਿੱਚ ਸਗੋਂ ਵਧੇਰੇ ਹੈ। ਉਨ੍ਹਾਂ ਦੱਸਿਆ ਕਿ ਆਪਣੇ ਯਤਨਾਂ ਨਾਲ ਇਸ ਨੂੰ ਘੱਟ ਕਰਨ ਲਈ ਸਾਥੀ ਔਰਤ ਮੈਂਬਰਾਂ ਨਾਲ ਮਿਲ਼ ਕੇ ਉਨ੍ਹਾਂ ਵੱਲੋਂ 'ਕੈਲਗਰੀ ਵਿਮੈੱਨ ਐਸੋਸੀਏਸ਼ਨ' ਦਾ ਗਠਨ ਕਰਕੇ ਇਸਦੇ ਵਿਰੁੱਧ ਜ਼ੋਰਦਾਰ ਮੁਹਿੰਮ ਛੇੜੀ ਗਈ ਅਤੇ ਇਸ ਵਿੱਚ ਉਨ੍ਹਾਂ ਨੂੰ ਕਈ ਕੇਸ ਹੱਲ ਕਰਨ ਵਿੱਚ ਸਫ਼ਲਤਾ ਮਿਲੀ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਧੀਆਂ-ਭੈਣਾਂ ਨੂੰ ਮਰਦਾਂ ਦੇ ਨਾਲ ਬਰਾਬਰੀ ਦਾ ਦਰਜਾ ਮਿਲਣਾ ਚਾਹੀਦਾ ਹੈ। ਉਨ੍ਹਾਂ ਹੋਰ ਕਿਹਾ ਕਿ 'ਅੰਤਰਰਾਸ਼ਟਰੀ ਔਰਤ ਦਿਵਸ' ਵਧਾਈਆਂ ਦੇਣ ਤੇ ਲੈਣ ਵਾਲਾ ਦਿਨ ਨਹੀਂ, ਸਗੋਂ ਇਹ ਤਾਂ ਸਮਾਜਿਕ ਬਰਾਬਰੀ ਦੀ ਜ਼ਰੂਰਤ ਦਾ ਦਿਨ ਹੈ। ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਕਵੀ-ਦਰਬਾਰ ਹੋਇਆ ਜਿਸ ਵਿੱਚ ਕਵੀਜਨ ਤੇ ਕਵਿੱਤਰੀਆਂ ਵੱਲੋਂ ਅੰਤਰਰਾਸ਼ਟਰੀ ਔਰਤ ਦਿਵਸ ਅਤੇ ਹੋਰ ਵਿਸ਼ਿਆਂ ਉੱਪਰ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਕਵੀ-ਦਰਬਾਰ ਦੀ ਸ਼ੁਰੂਆਤ ਸਭਾ ਦੀ ਕਾਰਜਕਾਰਨੀ ਕਮੇਟੀ ਦੀ ਮੈਂਬਰ ਰਮਿੰਦਰ ਵਾਲੀਆ ਵੱਲੋਂ ਆਪਣੀ ਕਵਿਤਾ 'ਔਰਤ' ਨਾਲ ਕੀਤੀ ਗਈ ਅਤੇ ਫਿਰ ਵਾਰੀ-ਵਾਰੀ ਲਹਿੰਦੇ ਪੰਜਾਬ ਤੋਂ ਸਫ਼ੀਆ ਹਯਾਤ ਤੇ ਸਰਵਤ ਮੋਹੀਉਦੀਨ ਅਤੇ ਫਿਰ ਰੋਪੜ ਤੋਂ ਰੂਪ ਸਾਗਰ, ਅੰਮ੍ਰਿਤਸਰ ਤੋਂ ਆਂਚਲ ਅਰੋੜਾ, ਲੁਧਿਆਣਾ ਤੋਂ ਪ੍ਰਿਤਪਾਲ ਕੌਰ, ਬਟਾਲਾ ਤੋਂ ਸਤਿੰਦਰ ਕਾਹਲੋਂ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਤੇ ਪਿੰਡਾਂ ਤੋਂ ਸੁਰਿੰਦਰ ਭੋਗਲ, ਮਨਜੀਤ ਤੱਖੜ, ਪ੍ਰਭਜੋਤ ਕੌਰ ਅਤੇ ਸਥਾਨਕ ਕਵੀਆਂ ਤੇ ਗਾਇਕਾਂ ਇਕਬਾਲ ਬਰਾੜ, ਜੱਸੀ ਭੁੱਲਰ, ਹੀਰਾ ਸਿੰਘ ਹੰਸਪਾਲ, ਤਲਵਿੰਦਰ ਮੰਡ, ਜਗਮੋਹਨ ਸਿੰਘ ਸੰਘਾ, ਰਾਜਕੁਮਾਰ ਓਸ਼ੋਰਾਜ ਅਤੇ ਮਲੂਕ ਸਿੰਘ ਕਾਹਲੋਂ ਨੂੰ ਪੇਸ਼ ਕੀਤਾ ਗਿਆ। ਅਖ਼ੀਰ ਵਿੱਚ ਤਲਵਿੰਦਰ ਮੰਡ ਵੱਲੋਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰੋਤਿਆਂ ਵਿੱਚ ਲਾਹੌਰ ਤੋਂ ਅਹਿਮਦ ਰਜ਼ਾ ਪੰਜਾਬੀ, ਪਰਮਜੀਤ ਸਿੰਘ ਢਿੱਲੋਂ, ਸੁਖਦੇਵ ਸਿੰਘ ਝੰਡ, ਨਾਹਰ ਸਿੰਘ ਔਜਲਾ, ਸਤਵੰਤ ਕੌਰ, ਦਿਲਪ੍ਰੀਤ ਗੁਰੀ ਤੇ ਕਈ ਹੋਰ ਸ਼ਾਮਲ ਸਨ।

# ਪੰਜਾਬ ਵਿੱਚ ਨਿਵੇਸ਼ ਕਰੋ, ਸਰਕਾਰ ਤੁਹਾਨੂੰ ਪੂਰਾ ਸਹਿਯੋਗ ਅਤੇ ਰਿਆਇਤਾਂ ਦੇਵੇਗੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਐਸ.ਏ.ਐਸ. ਨਗਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਿੰਨ-ਰੋਜ਼ਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਆਖਰੀ ਦਿਨ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਉਦਯੋਗ ਲਈ ਸਰਕਾਰ ਦੀ ਤਰਫ਼ੋਂ ਪੂਰਾ ਸਹਿਯੋਗ ਅਤੇ ਰਿਆਇਤਾਂ ਦਾ ਭਰੋਸਾ ਦਿੱਤਾ। ਆਲਮੀ ਅਤੇ ਕੌਮੀ ਨਿਵੇਸ਼ਕਾਂ ਦੀ ਮਜ਼ਬੂਤ ਭਾਈਵਾਲੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸੰਮੇਲਨ ਨੇ ਉਦਯੋਗਿਕ ਵਿਕਾਸ ਲਈ ਅਜਿਹਾ ਮਾਹੌਲ ਸਿਰਜਿਆ, ਜੋ ਸੂਬੇ ਦੀ ਆਰਥਿਕ ਤਰੱਕੀ ਨੂੰ ਹੋਰ ਰਫ਼ਤਾਰ ਦੇਵੇਗਾ। ਉਨ੍ਹਾਂ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਸੰਮੇਲਨ ਦੌਰਾਨ ਦਿੱਤੇ ਗਏ ਨਿਵੇਸ਼ ਪ੍ਰਸਤਾਵਾਂ ਅਤੇ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਛੇ ਮਹੀਨਿਆਂ ਬਾਅਦ ਸਮੀਖਿਆ ਸੈਸ਼ਨ ਕਰੇਗੀ।

ਇਤਿਹਾਸਕ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਸਮਾਪਤੀ ਵਾਲੇ ਦਿਨ ਕਾਰੋਬਾਰੀ ਦਿੱਗਜ਼ਾਂ ਨਾਲ ਵਿਚਾਰ-ਚਰਚਾ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਅਤੇ ਸੂਬੇ ਦੀ ਆਰਥਿਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਨ ਲਈ ਇੱਥੇ ਆਈਆਂ ਮਾਣਯੋਗ ਸ਼ਖ਼ਸੀਅਤਾਂ ਦੇ ਸਮਰਪਣ ਨੂੰ ਬਿਆਨ ਕਰਨ ਮੇਰੇ ਕੋਲ ਸ਼ਬਦ ਵੀ ਘੱਟ ਰਹਿਣ ਜਾਣਗੇ। ਦੁਨੀਆ ਭਰ ਦੇ ਮੋਹਰੀ ਉਦਯੋਗਿਕ ਆਗੂ ਇਸ ਇਤਿਹਾਸਕ ਅਤੇ ਪ੍ਰਗਤੀਸ਼ੀਲ ਸੰਮੇਲਨ ਵਿੱਚ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਸੂਝਵਾਨ ਅਤੇ ਦੂਰਅੰਦੇਸ਼ੀ ਵਾਲਾ ਆਗੂ ਉਹੀ ਹੁੰਦਾ ਹੈ ਜੋ ਹਰ ਤਰ੍ਹਾਂ ਦੇ ਮਾਹੌਲ ਅਤੇ ਚੁਣੌਤੀਆਂ ਲਈ ਆਪਣੀ ਟੀਮ ਨੂੰ ਤਿਆਰ ਰੱਖੇ ਅਤੇ ਸੂਬਾ ਸਰਕਾਰ ਇਸੇ ਤਰਜ਼ 'ਤੇ ਕੰਮ ਕਰਦੀ ਹੈ। ਸੂਬੇ ਦੇ ਲੋਕਾਂ ਦੇ ਜਨੂੰਨ ਅਤੇ ਜਜ਼ਬੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਹਮੇਸ਼ਾ ਸੂਝਵਾਨ ਆਗੂ ਵਜੋਂ ਵਿਚਰਦੇ ਹਨ ਅਤੇ ਅਸੀਂ ਦੇਸ਼ ਅਤੇ ਇਸ ਦੇ ਲੋਕਾਂ ਲਈ ਕੁਝ ਵੀ ਕਰ ਸਕਦੇ ਹਾਂ ਕਿਉਂਕਿ ਦੇਸ਼ ਸਾਡੇ ਲਈ ਸਭ ਤੋਂ ਅੱਗੇ ਹੈ।




ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨਵਾਂ ਉੱਭਰਦਾ ਖੇਤਰ ਹੈ ਪਰ ਮਨੁੱਖੀ ਦਿਮਾਗ ਇਸ ਤੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ, ਜੋ ਕਿ ਮਨੁੱਖੀ ਸਰੋਤ ਦੇ ਵਿਕਾਸ ਲਈ ਚੰਗਾ ਹੈ। ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਨੀਤੀ ਨਿਰਮਾਣ ਦੇ ਫੈਸਲਿਆਂ ਵਿੱਚ ਕਾਰੋਬਾਰੀ ਤੇਜ਼ੀ ਨਾਲ ਧਿਰ ਬਣ ਕੇ ਉੱਭਰ ਰਹੇ ਹਨ। ਸੰਮੇਲਨ ਦੌਰਾਨ ਹੋਏ ਵਿਚਾਰ-ਵਟਾਂਦਰੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਤਿੰਨ ਦਿਨਾਂ ਦੌਰਾਨ ਲਗਭਗ 30 ਲੜੀਵਾਰ ਸੈਸ਼ਨ ਕਰਵਾਏ ਗਏ, ਜੋ ਸੂਬੇ ਦੇ ਆਰਥਿਕ ਵਿਕਾਸ ਨੂੰ ਹੋਰ ਤੇਜ਼ ਕਰਨ ਵਿੱਚ ਵਧੇਰੇ ਮਦਦਗਾਰ ਸਿੱਧ ਹੋਣਗੇ । ਉਨ੍ਹਾਂ ਕਿਹਾ ਕਿ ਸੂਬੇ ਨੂੰ ਤੇਜ਼ ਵਿਕਾਸ ਦੀ ਲੀਹ 'ਤੇ ਪਾਉਣ ਤੋਂ ਇਲਾਵਾ ਇਹ ਸੰਮੇਲਨ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਵਿੱਚ ਵੀ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਅਜਿਹੇ ਸੰਮੇਲਨ ਸੂਬੇ ਵਿੱਚੋਂ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਪਰਵਾਸ ਨੂੰ ਰੋਕਣ ਅਤੇ ਤਰੱਕੀ ਤੇ ਖੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਲਈ ਬੇਹੱਦ ਜ਼ਰੂਰੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਮਹੂਰੀਅਤ ਵਿੱਚ ਹਰੇਕ ਲਈ ਵੋਟ ਦਾ ਅਧਿਕਾਰ ਬਹੁਤ ਮਹੱਤਵਪੂਰਨ ਹੈ ਅਤੇ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਡੇ ਸਾਰਿਆਂ ਕੋਲ ਇਹ ਅਧਿਕਾਰ ਹੈ। ਹਰ ਕਿਸੇ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੀ ਆਵਾਜ਼ ਸੁਣੀ ਜਾਵੇ। ਉਨ੍ਹਾਂ ਕਿਹਾ ਕਿ ਸਾਰਿਆਂ ਦੀ ਭਲਾਈ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਹਰੇਕ ਵਿਅਕਤੀ ਦੇ ਜਮਹੂਰੀ ਅਧਿਕਾਰ ਦਾ ਸਨਮਾਨ ਕੀਤਾ ਜਾਵੇ।

ਰਾਜਨੀਤੀ ਵਿੱਚ 'ਆਪ' ਦੇ ਪ੍ਰਭਾਵ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ, ਜਿਸ ਨੇ ਆਮ ਆਦਮੀ ਨੂੰ ਸਿਆਸਤ ਦੇ ਕੇਂਦਰ ਵਿੱਚ ਲਿਆਂਦਾ ਹੈ, ਦੇ ਸੱਤਾ ਵਿੱਚ ਆਉਣ ਤੋਂ ਬਾਅਦ ਬਾਕੀ ਰਾਜਨੀਤਿਕ ਪਾਰਟੀਆਂ ਦੇ ਮੈਨੀਫੈਸਟੋ ਬਦਲ ਗਏ ਹਨ। ਪਹਿਲਾਂ ਆਮ ਆਦਮੀ ਦੀ ਭਲਾਈ ਦਾ ਏਜੰਡਾ ਕਿਤੇ ਵੀ ਨਹੀਂ ਦਿਖਾਈ ਦਿੰਦਾ ਸੀ ਅਤੇ ਨਫ਼ਰਤ ਤੇ ਵੰਡ-ਪਾਊ ਦੀ ਰਾਜਨੀਤੀ ਦਾ ਬੋਲਬਾਲਾ ਸੀ। ਜੇਕਰ ਰਾਜਨੀਤਿਕ ਪਾਰਟੀਆਂ ਨੂੰ ਜਾਤ, ਧਰਮ ਜਾਂ ਹੋਰ ਵੰਡਪਾਊ ਨੀਤੀਆਂ ਦੇ ਨਾਮ 'ਤੇ ਵੋਟਾਂ ਮਿਲੀ ਜਾਣ ਤਾਂ ਫਿਰ ਕੋਈ ਸਕੂਲ, ਸਿੱਖਿਆ, ਸਿਹਤ ਜਾਂ ਕਿਸੇ ਹੋਰ ਚੀਜ਼ ਦੇ ਨਾਮ 'ਤੇ ਵੋਟ ਕਿਉਂ ਦੇਵੇਗਾ?"ਕਿਸੇ ਵੀ ਦੇਸ਼ ਵਿੱਚ ਇਕ ਜਿਹੇ ਮੌਕਿਆਂ ਵਾਲਾ ਮੁਕਾਬਲਾ ਜ਼ਰੂਰੀ ਹੈ ਅਤੇ ਏਕਾਧਿਕਾਰ ਦੀਆਂ ਸੰਭਾਨਾਵਾਂ ਨੂੰ ਹਰ ਪੱਖੋਂ ਨਕਾਰ ਦੇਣਾ ਚਾਹੀਦਾ ਹੈ ਕਿਉਂਕਿ ਏਕਾਧਿਕਾਰ ਕਿਸੇ ਵੀ ਸਮਾਜ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਅਜਿਹੀਆਂ ਉਦਾਹਰਣਾਂ ਨਾਲ ਭਰੀ ਹੋਈ ਹੈ ਜਿੱਥੇ ਨਿਮਰ ਪਿਛੋਕੜ ਵਾਲੇ ਲੋਕਾਂ ਨੇ ਆਪਣੀ ਮਿਹਨਤ ਅਤੇ ਸਮਰਪਣ ਨਾਲ ਦੁਨੀਆ ਨੂੰ ਜਿੱਤਿਆ ਹੈ। ਵਿਦਿਆਰਥੀਆਂ ਨੂੰ ਦੁਨੀਆ ਭਰ ਵਿੱਚ ਆਪਣੀ ਯੋਗਤਾ ਸਾਬਤ ਕਰਨ ਲਈ ਅਜਿਹੀਆਂ ਉਦਾਹਰਣਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈਅਤੇ ਪੰਜਾਬ ਸਰਕਾਰ ਇਸ ਨੇਕ ਕੰਮ ਵਿੱਚ ਉਨ੍ਹਾਂ ਦੀ ਮਦਦ ਕਰੇਗੀ। ਇਕ ਗੁਲਦਸਤੇ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਕ ਗੁਲਦਸਤੇ ਵਿੱਚ ਕਈ ਤਰ੍ਹਾਂ ਦੇ ਫੁੱਲ ਹੁੰਦੇ ਹਨ ਅਤੇ ਇਹ ਇਸੇ ਵਿਭਿੰਨਤਾ ਕਾਰਨ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਇਸੇ ਤਰ੍ਹਾਂ ਦੇਸ਼ ਦਾ ਅੰਨ ਭੰਡਾਰ ਹੋਣ ਦੇ ਨਾਲ-ਨਾਲ, ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਵੀ ਮਾਣ ਹਾਸਲ ਹੈ।

# ਜਲੰਧਰ-ਮੋਗਾ ਸਕੂਲਾਂ ਨੂੰ ਧਮਕੀ:


## ਪ੍ਰੀਖਿਆ ਤੋਂ ਪਹਿਲਾਂ ਆਇਆ ਈਮੇਲ, ਵਿਦਿਆਰਥੀਆਂ ਨੂੰ ਭੇਜਿਆ ਘਰ

ਜਲੰਧਰ:ਜਲੰਧਰ ਵਿੱਚ ਤਿੰਨ ਵੱਡੇ ਸਕੂਲਾਂ, ਦਿੱਲੀ ਜਾਣ ਵਾਲੀ ਰੇਲਗੱਡੀ, ਵਿਧਾਨ ਸਭਾ ਅਤੇ ਡਾ. ਭੀਮ ਰਾਓ ਅੰਬੇਡਕਰ ਦੀਆਂ ਮੂਰਤੀਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਈਮੇਲ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮਿਲਣ 'ਤੇ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਅਲਰਟ ਕਰ ਦਿੱਤਾ ਗਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਬੰਬ ਦੀ ਧਮਕੀ ਤੋਂ ਬਾਅਦ ਸਕੂਲ ਬੰਦ ਕਰ ਦਿੱਤੇ ਗਏ ਹਨ। ਏਡੀਸੀਪੀ ਆਕਰਸ਼ੀ ਜੈਨ ਨੇ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ।" ਰਿਪੋਰਟਾਂ ਦੇ ਅਨੁਸਾਰ, ਏਪੀਜੇ ਸਕੂਲ, ਦਿੱਲੀ ਪਬਲਿਕ ਸਕੂਲ ਅਤੇ ਜਲੰਧਰ ਦੇ ਇੱਕ ਹੋਰ ਨਿੱਜੀ ਸਕੂਲ ਨੂੰ ਧਮਕੀ ਭਰੇ ਈਮੇਲ ਭੇਜੇ ਗਏ ਹਨ। ਈਮੇਲਾਂ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਨਾਲ-ਨਾਲ ਦਿੱਲੀ ਅਤੇ ਵਿਧਾਨ ਸਭਾ ਜਾਣ ਵਾਲੀ ਰੇਲਗੱਡੀ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਈਮੇਲ ਮਿਲਣ ਤੋਂ ਬਾਅਦ, ਸਕੂਲ ਪ੍ਰਸ਼ਾਸਨ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਸਾਵਧਾਨੀ ਦੇ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਹਨ।

ਧਮਕੀ ਭਰੇ ਈਮੇਲ ਵਿੱਚ ਇੱਕ ਹੋਰ ਗੰਭੀਰ ਚੇਤਾਵਨੀ ਹੈ। ਭੇਜਣ ਵਾਲੇ ਨੇ ਜਲੰਧਰ ਜ਼ਿਲ੍ਹੇ ਵਿੱਚ ਸਥਾਪਿਤ ਡਾ. ਭੀਮ ਰਾਓ ਅੰਬੇਡਕਰ ਦੀਆਂ ਸਾਰੀਆਂ ਮੂਰਤੀਆਂ ਨੂੰ ਹਟਾਉਣ ਦੀ ਮੰਗ ਕੀਤੀ ਹੈ। ਇਸ ਉਦੇਸ਼ ਲਈ 14 ਅਪ੍ਰੈਲ ਦੀ ਸਮਾਂ ਸੀਮਾ ਦਿੱਤੀ ਗਈ ਹੈ। ਈਮੇਲ ਵਿੱਚ ਕਿਹਾ ਗਿਆ ਹੈ ਕਿ ਜੇਕਰ ਨਿਰਧਾਰਿਤ ਸਮੇਂ ਤੱਕ ਮੂਰਤੀਆਂ ਨੂੰ ਨਹੀਂ ਹਟਾਇਆ ਗਿਆ ਤਾਂ ਉਨ੍ਹਾਂ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਪੁਲਿਸ ਅਧਿਕਾਰੀਆਂ ਨੇ ਸਕੂਲ ਪ੍ਰਬੰਧਨ ਨੂੰ ਚੌਕਸ ਰਹਿਣ ਅਤੇ ਕਿਸੇ ਵੀ ਸ਼ੱਕੀ ਵਸਤੂ ਜਾਂ ਵਿਅਕਤੀ ਦੀ ਤੁਰੰਤ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੁਰੱਖਿਆ ਏਜੰਸੀਆਂ ਇਸ ਸਮੇਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀਆਂ ਹਨ, ਅਤੇ ਜਨਤਾ ਨੂੰ ਅਫਵਾਹਾਂ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ।

# ਰਾਜ ਸਭਾ ਚੋਣਾਂ ਲਈ ਵੋਟਿੰਗ ਜਾਰੀ; 26 ਸੀਟਾਂ 'ਤੇ ਤਸਵੀਰ ਸਪੱਸ਼ਟ !

## ਬਿਨਾਂ ਮੁਕਾਬਲਾ ਚੁਣੇ ਗਏ ਉਮੀਦਵਾਰ



ਨਵੀ ਦਿੱਲੀ: ਮਹਾਰਾਸ਼ਟਰ, ਉੜੀਸਾ, ਤਾਮਿਲਨਾਡੂ, ਪੱਛਮੀ ਬੰਗਾਲ, ਅਸਾਮ, ਬਿਹਾਰ, ਛੱਤੀਸਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਤੇਲੰਗਾਨਾ ਸਮੇਤ 10 ਰਾਜਾਂ ਦੀਆਂ 37 ਰਾਜ ਸਭਾ ਸੀਟਾਂ ਲਈ ਅੱਜ ਚੋਣਾਂ ਹੋ ਰਹੀਆਂ ਹਨ। ਅੱਜ ਹੀ ਵੋਟਾਂ ਦੀ ਗਿਣਤੀ ਵੀ ਕਰ ਲਈ ਜਾਵੇਗੀ। ਰਾਜ ਸਭਾ ਚੋਣਾਂ ਲਈ ਵੋਟਿੰਗ ਸੋਮਵਾਰ ਸਵੇਰੇ 9 ਵਜੇ ਤੋਂ ਸ਼ੁਰੂ ਹੋ ਚੁੱਕੀ ਹੈ। ਵੋਟਿੰਗ ਸ਼ਾਮ 4 ਵਜੇ ਤੱਕ ਜਾਰੀ ਰਹੇਗੀ, ਜਿਸਦੀ ਗਿਣਤੀ ਸ਼ਾਮ 5 ਵਜੇ ਸ਼ੁਰੂ ਹੋਵੇਗੀ।

10 ਰਾਜਾਂ ਦੀਆਂ 37 ਰਾਜ ਸਭਾ ਸੀਟਾਂ ਦੇ ਨਤੀਜੇ ਅੱਜ ਸ਼ਾਮ ਤੱਕ ਘੋਸ਼ਿਤ ਕਰ ਦਿੱਤੇ ਜਾਣਗੇ। ਇਨ੍ਹਾਂ ਵਿੱਚੋਂ, ਸੱਤ ਰਾਜਾਂ ਦੀਆਂ 26 ਸੀਟਾਂ 'ਤੇ ਤਸਵੀਰ ਸਪੱਸ਼ਟ ਹੈ, ਜਿੱਥੇ ਉਮੀਦਵਾਰ ਬਿਨਾਂ ਵਿਰੋਧ ਚੁਣੇ ਗਏ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਪਹਿਲੀ ਵਾਰ ਰਾਜ ਸਭਾ ਮੈਂਬਰ ਬਣਨਗੇ, ਜਦੋਂ ਕਿ 84 ਸਾਲਾ ਸ਼ਰਦ ਪਵਾਰ ਮਹਾਰਾਸ਼ਟਰ ਤੋਂ ਬਿਨਾਂ ਮੁਕਾਬਲਾ ਚੁਣੇ ਗਏ ਹਨ।

ਰਾਜ ਸਭਾ ਦੇ ਹਰੇਕ ਮੈਂਬਰ ਦਾ ਕਾਰਜਕਾਲ ਛੇ ਸਾਲ ਦਾ ਹੁੰਦਾ ਹੈ, ਪਰ ਸਾਰੇ ਮੈਂਬਰਾਂ ਦਾ ਕਾਰਜਕਾਲ ਇੱਕੋ ਸਮੇਂ ਸ਼ੁਰੂ ਜਾਂ ਖਤਮ ਨਹੀਂ ਹੁੰਦਾ। ਇਸ ਦੀ ਬਜਾਏ, ਹਰ ਦੋ ਸਾਲਾਂ ਵਿੱਚ ਇੱਕ ਤਿਹਾਈ ਮੈਂਬਰ ਸੇਵਾਮੁਕਤ ਹੁੰਦੇ ਹਨ। ਉਨ੍ਹਾਂ ਦਾ ਕਾਰਜਕਾਲ ਖਤਮ ਹੋਣ 'ਤੇ, ਉਨ੍ਹਾਂ ਸੀਟਾਂ ਨੂੰ ਭਰਨ ਲਈ ਚੋਣਾਂ ਹੁੰਦੀਆਂ ਹਨ। ਇਹ ਪ੍ਰਣਾਲੀ ਇਹ ਯਕੀਨੀ ਬਣਾਉਂਦੀ ਹੈ ਕਿ ਸਦਨ ਵਿੱਚ ਹਮੇਸ਼ਾ ਤਜਰਬੇਕਾਰ ਮੈਂਬਰ ਰਹਿਣ ਅਤੇ ਇਸਦਾ ਕੰਮ ਸੁਚਾਰੂ ਢੰਗ ਨਾਲ ਚੱਲਦਾ ਰਹੇ।

ਜ਼ਿਕਰਯੋਗ ਹੈ ਕਿ ਸਿਆਸੀ ਨਜ਼ਰੀਏ ਤੋਂ ਇਹ ਰਾਜ ਸਭਾ ਚੋਣਾਂ ਕਾਫੀ ਅਹਿਮ ਹਨ, ਕਿਉਂਕਿ ਵੱਖ-ਵੱਖ ਰਾਜਾਂ ਵਿੱਚ ਵਿਧਾਨ ਸਭਾ ਦਾ ਗਣਿਤ ਵੱਖਰਾ-ਵੱਖਰਾ ਹੈ। ਮਹਾਰਾਸ਼ਟਰ ਵਿੱਚ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦਾ ਪ੍ਰਭਾਵ ਹੈ, ਜਦੋਂ ਕਿ ਤਾਮਿਲਨਾਡੂ ਵਿੱਚ ਡੀਐਮਕੇ ਦੀ ਅਗਵਾਈ ਵਾਲਾ ਗੱਠਜੋੜ ਮਜ਼ਬੂਤ ਹੈ। ਉੱਥੇ ਹੀ, ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਪਾਰਟੀ ਟੀਐਮਸੀ ਕੋਲ ਵਿਧਾਨ ਸਭਾ ਵਿੱਚ ਬਹੁਮਤ ਹੈ, ਇਸ ਲਈ ਉੱਥੇ ਉਨ੍ਹਾਂ ਨੂੰ ਬੜ੍ਹਤ ਮਿਲ ਸਕਦੀ ਹੈ।









# ਕ੍ਰਾਇਓਪ੍ਰਿਜ਼ਰਵੇਸ਼ਨ

## (ਬਹੁਤ ਘੱਟ ਤਾਪਮਾਨ 'ਤੇ ਜੀਵਨ ਦੀ ਸੰਭਾਲ)



ਆਧੁਨਿਕ ਵਿਗਿਆਨ ਲਗਾਤਾਰ ਐਸੀਆਂ ਨਵੀਆਂ ਤਕਨੀਕਾਂ ਵਿਕਸਿਤ ਕਰ ਰਿਹਾ ਹੈ ਜੋ ਜੀਵਨ ਅਤੇ ਜੀਵ ਵਿਗਿਆਨਕ ਪਦਾਰਥਾਂ ਨੂੰ ਭਵਿੱਖ ਲਈ ਸੰਭਾਲ ਸਕਣ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਤਕਨੀਕ ਕ੍ਰਾਇਓਪ੍ਰਿਜ਼ਰਵੇਸ਼ਨ ਹੈ। ਇਸ ਪ੍ਰਕਿਰਿਆ ਵਿੱਚ ਜੀਵਿਤ ਕੋਸ਼ਿਕਾਵਾਂ, ਟਿਸ਼ੂਆਂ ਜਾਂ ਕਈ ਵਾਰ ਪੂਰੇ ਜੀਵਾਂ ਨੂੰ ਬਹੁਤ ਹੀ ਘੱਟ ਤਾਪਮਾਨ 'ਤੇ ਠੰਢਾ ਕਰਕੇ ਸੰਭਾਲਿਆ ਜਾਂਦਾ ਹੈ।

ਇਹ ਤਕਨੀਕ ਇਲਾਜ਼ ਪ੍ਰਣਾਲੀ, ਖੇਤੀਬਾੜੀ ਅਤੇ ਵਿਗਿਆਨਕ ਖੋਜ ਵਿੱਚ ਵਿਆਪਕ ਤੌਰ 'ਤੇ ਵਰਤੀ ਜਾਂਦੀ ਹੈ ਅਤੇ ਹੌਲੀ-ਹੌਲੀ ਸਿਹਤ ਸੇਵਾਵਾਂ ਅਤੇ ਬਾਇਓਟੈਕਨੋਲੋਜੀ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੀ ਹੈ।

ਕ੍ਰਾਇਓਪ੍ਰਿਜ਼ਰਵੇਸ਼ਨ ਦੀ ਮਦਦ ਨਾਲ ਜੀਵ ਵਿਗਿਆਨਕ ਪਦਾਰਥ ਕਈ ਸਾਲਾਂ ਤੱਕ ਜੀਵੰਤ ਹਾਲਤ ਵਿੱਚ ਸੰਭਾਲੇ ਜਾ ਸਕਦੇ ਹਨ। ਇਸ ਨਾਲ ਪ੍ਰਜਨਨ ਕੋਸ਼ਿਕਾਵਾਂ, ਸਟੈਮ ਸੈੱਲਾਂ ਅਤੇ ਹੋਰ ਟਿਸ਼ੂਆਂ ਨੂੰ ਭਵਿੱਖ ਵਿੱਚ ਵਰਤਣ ਲਈ ਸੁਰੱਖਿਅਤ ਰੱਖਣਾ ਸੰਭਵ ਬਣਦਾ ਹੈ। ਹਾਲਾਂਕਿ ਇਸ ਤਕਨੀਕ ਦੇ ਕਈ ਲਾਭ ਹਨ, ਪਰ ਇਸ ਨਾਲ ਕੁਝ ਨੈਤਿਕ, ਸਮਾਜਿਕ ਅਤੇ ਆਰਥਿਕ ਸਵਾਲ ਵੀ ਉੱਠਦੇ ਹਨ।

**ਕ੍ਰਾਇਓਪ੍ਰਿਜ਼ਰਵੇਸ਼ਨ ਦੀ ਪਰਿਭਾਸ਼ਾ**

ਕ੍ਰਾਇਓਪ੍ਰਿਜ਼ਰਵੇਸ਼ਨ ਉਹ ਪ੍ਰਕਿਰਿਆ ਹੈ ਜਿਸ ਵਿੱਚ ਕੋਸ਼ਿਕਾਵਾਂ, ਟਿਸ਼ੂਆਂ, ਅੰਗਾਂ ਜਾਂ ਹੋਰ ਜੀਵ ਵਿਗਿਆਨਕ ਪਦਾਰਥਾਂ ਨੂੰ ਬਹੁਤ ਹੀ ਘੱਟ ਤਾਪਮਾਨ (ਆਮ ਤੌਰ 'ਤੇ −196°C, ਤਰਲ ਨਾਈਟਰੋਜਨ ਦੀ ਮਦਦ ਨਾਲ) 'ਤੇ ਠੰਢਾ ਕਰਕੇ ਸੰਭਾਲਿਆ ਜਾਂਦਾ ਹੈ।

ਇਸ ਤਾਪਮਾਨ 'ਤੇ ਜੀਵ ਵਿਗਿਆਨਕ ਗਤੀਵਿਧੀਆਂ ਜਿਵੇਂ ਕਿ ਰਸਾਇਣਕ ਕ੍ਰਿਆਵਾਂ ਅਤੇ ਮੈਟਾਬੋਲਿਜ਼ਮ ਲਗਭਗ ਪੂਰੀ ਤਰ੍ਹਾਂ ਰੁਕ ਜਾਂਦੇ ਹਨ। ਇਸ ਕਾਰਨ ਇਹ ਪਦਾਰਥ ਲੰਬੇ ਸਮੇਂ ਤੱਕ ਬਿਨਾਂ ਬਦਲੇ ਸੰਭਾਲੇ ਰਹਿ ਸਕਦੇ ਹਨ। ਜਦੋਂ ਲੋੜ ਪੈਂਦੀ ਹੈ ਤਾਂ ਉਨ੍ਹਾਂ ਨੂੰ ਹੌਲੀ ਹੌਲੀ ਗਰਮ ਕਰਕੇ ਮੁੜ ਵਰਤਿਆ ਜਾ ਸਕਦਾ ਹੈ।

**ਕ੍ਰਾਇਓਪ੍ਰਿਜ਼ਰਵੇਸ਼ਨ ਕਿਵੇਂ ਕੰਮ ਕਰਦੀ ਹੈ?**

ਕ੍ਰਾਇਓਪ੍ਰਿਜ਼ਰਵੇਸ਼ਨ ਦੀ ਪ੍ਰਕਿਰਿਆ ਆਮ ਤੌਰ 'ਤੇ ਹੇਠ ਲਿਖੇ ਕਦਮਾਂ ਵਿੱਚ ਕੀਤੀ ਜਾਂਦੀ ਹੈ:

**1. ਜੀਵ ਵਿਗਿਆਨਕ ਨਮੂਨੇ ਦੀ ਤਿਆਰੀ**

ਕੋਸ਼ਿਕਾਵਾਂ ਜਾਂ ਟਿਸ਼ੂ ਇਕੱਠੇ ਕਰਕੇ ਉਨ੍ਹਾਂ ਨੂੰ ਜਮਾਉਣ ਲਈ ਤਿਆਰ ਕੀਤਾ ਜਾਂਦਾ ਹੈ।

**2. ਕ੍ਰਾਇਓਪ੍ਰੋਟੈਕਟੈਂਟਸ ਦਾ ਜੋੜ**

ਖਾਸ ਰਸਾਇਣਕ ਪਦਾਰਥ ਜਿਵੇਂ ਗਲੀਸਰੋਲ ਜਾਂ ਡੀਐਮਐਸਓ (DMSO) ਜੋੜੇ ਜਾਂਦੇ ਹਨ ਤਾਂ ਜੋ ਬਰਫ਼ ਦੇ ਕਣ ਬਣਨ ਨਾਲ ਕੋਸ਼ਿਕਾਵਾਂ ਨੂੰ ਨੁਕਸਾਨ ਨਾ ਹੋਵੇ।

**3. ਨਿਯੰਤਰਿਤ ਠੰਢਾ ਕਰਨਾ**

ਨਮੂਨੇ ਨੂੰ ਹੌਲੀ-ਹੌਲੀ ਠੰਢਾ ਕੀਤਾ ਜਾਂਦਾ ਹੈ ਤਾਂ ਜੋ ਅਚਾਨਕ ਨੁਕਸਾਨ ਤੋਂ ਬਚਿਆ ਜਾ ਸਕੇ।

**4. ਤਰਲ ਨਾਈਟਰੋਜਨ ਵਿੱਚ ਸਟੋਰੇਜ**

ਨਮੂਨਿਆਂ ਨੂੰ −196°C ਤਾਪਮਾਨ ਵਾਲੇ ਤਰਲ ਨਾਈਟਰੋਜਨ ਦੇ ਟੈਂਕਾਂ ਵਿੱਚ ਸੰਭਾਲਿਆ ਜਾਂਦਾ ਹੈ।

**5. ਗਲਾਉਣਾ ਅਤੇ ਮੁੜ ਪ੍ਰਾਪਤੀ**

ਜਦੋਂ ਲੋੜ ਪੈਂਦੀ ਹੈ ਤਾਂ ਨਮੂਨੇ ਨੂੰ ਹੌਲੀ ਹੌਲੀ ਗਰਮ ਕਰਕੇ ਮੁੜ ਜੀਵੰਤ ਬਣਾਇਆ ਜਾਂਦਾ ਹੈ।

**ਕ੍ਰਾਇਓਪ੍ਰਿਜ਼ਰਵੇਸ਼ਨ ਦੇ ਉਪਯੋਗ**

ਕ੍ਰਾਇਓਪ੍ਰਿਜ਼ਰਵੇਸ਼ਨ ਦੇ ਕਈ ਮਹੱਤਵਪੂਰਨ ਉਪਯੋਗ ਹਨ।

**ਇਲਾਜ਼ ਪ੍ਰਣਾਲੀ ਦਾ ਖੇਤਰ**

ਫਰਟੀਲਿਟੀ ਇਲਾਜ ਲਈ ਸ਼ੁਕਰਾਣੂ, ਅੰਡੇ ਅਤੇ ਭ੍ਰੂਣਾਂ ਦੀ ਸੰਭਾਲ।

**ਸਟੈਮ ਸੈੱਲਾਂ ਦੀ ਸੰਭਾਲ**

ਖੂਨ ਅਤੇ ਹੱਡੀ ਦੇ ਗੁੱਦੇ ਦੀ ਸਾਂਭ ਸੰਭਾਲ।

**ਖੇਤੀਬਾੜੀ**

ਬੀਜਾਂ ਅਤੇ ਪੌਦਿਆਂ ਦੇ ਜੈਨੇਟਿਕ ਪਦਾਰਥ ਦੀ ਸੰਭਾਲ

ਦੁਰਲਭ ਪੌਦਿਆਂ ਦੀਆਂ ਪ੍ਰਜਾਤੀਆਂ ਦੀ ਰੱਖਿਆ

ਜੰਗਲੀ ਜੀਵ ਸੰਰੱਖਣ

ਕ੍ਰਾਇਓਪ੍ਰਿਜ਼ਰਵੇਸ਼ਨ ਦੀ ਮਦਦ ਨਾਲ ਖ਼ਤਰੇ ਵਿੱਚ ਪਈਆਂ ਜਾਨਵਰਾਂ ਦੀਆਂ ਪ੍ਰਜਾਤੀਆਂ ਦਾ ਜੈਨੇਟਿਕ ਪਦਾਰਥ ਸੰਭਾਲਿਆ ਜਾ ਸਕਦਾ ਹੈ।

**ਵਿਗਿਆਨਕ ਖ਼ੋਜ**

ਵਿਗਿਆਨੀ ਲੈਬੋਰਟਰੀ ਵਿੱਚ ਕੋਸ਼ਿਕਾਵਾਂ ਅਤੇ ਹੋਰ ਨਮੂਨਿਆਂ ਨੂੰ ਭਵਿੱਖੀ ਅਧਿਐਨਾਂ ਲਈ ਸੰਭਾਲ ਕੇ ਰੱਖਦੇ ਹਨ।

**ਸਮਾਜ 'ਤੇ ਕ੍ਰਾਇਓਪ੍ਰਿਜ਼ਰਵੇਸ਼ਨ ਦਾ ਪ੍ਰਭਾਵ**

ਕ੍ਰਾਇਓਪ੍ਰਿਜ਼ਰਵੇਸ਼ਨ ਨੇ ਸਮਾਜ 'ਤੇ ਕਈ ਤਰੀਕਿਆਂ ਨਾਲ ਪ੍ਰਭਾਵ ਪਾਇਆ ਹੈ।

**ਇਲਾਜ਼ ਪ੍ਰਣਾਲੀ ਵਿੱਚ ਤਰੱਕੀ**

ਇਸ ਨਾਲ ਫਰਟੀਲਿਟੀ ਇਲਾਜ ਵਿੱਚ ਕਾਫ਼ੀ ਸੁਧਾਰ ਆਇਆ ਹੈ। ਬਾਂਝਪਨ ਦਾ ਸਾਹਮਣਾ ਕਰ ਰਹੇ ਜੋੜੇ ਭਵਿੱਖ ਲਈ ਪ੍ਰਜਨਨ ਕੋਸ਼ਿਕਾਵਾਂ ਸੰਭਾਲ ਸਕਦੇ ਹਨ।

**ਦੇਰ ਨਾਲ ਮਾਤਾ-ਪਿਤਾ ਬਣਨਾ**

ਅੱਜਕੱਲ੍ਹ ਕਈ ਲੋਕ ਆਪਣੇ ਅੰਡੇ ਜਾਂ ਸ਼ੁਕਰਾਣੂ ਸੰਭਾਲ ਕੇ ਰੱਖਦੇ ਹਨ ਤਾਂ ਜੋ ਬਾਅਦ ਵਿੱਚ ਬੱਚੇ ਪੈਦਾ ਕਰ ਸਕਣ।

**ਜੈਵਿਕ ਵਿਭਿੰਨਤਾ ਦੀ ਰੱਖਿਆ**

ਇਸ ਤਕਨੀਕ ਨਾਲ ਖ਼ਤਰੇ ਵਿੱਚ ਪਈਆਂ ਪ੍ਰਜਾਤੀਆਂ ਦੇ ਜੈਨੇਟਿਕ ਪਦਾਰਥ ਨੂੰ ਸੰਭਾਲਿਆ ਜਾ ਸਕਦਾ ਹੈ।

**ਨੈਤਿਕ ਚਰਚਾ**

ਕੁਝ ਕੰਪਨੀਆਂ ਮੌਤ ਤੋਂ ਬਾਅਦ ਮਨੁੱਖ ਦੇ ਸਰੀਰ ਜਾਂ ਦਿਮਾਗ ਨੂੰ ਜਮਾਉਣ ਦੀ ਸੇਵਾ ਵੀ ਦਿੰਦੀਆਂ ਹਨ, ਇਸ ਆਸ ਨਾਲ ਕਿ ਭਵਿੱਖ ਵਿੱਚ ਵਿਗਿਆਨ ਉਨ੍ਹਾਂ ਨੂੰ ਮੁੜ ਜੀਵੰਤ ਕਰ ਸਕੇ। ਇਸ ਕਾਰਨ ਧਰਮ, ਦਰਸ਼ਨ ਅਤੇ ਨੈਤਿਕਤਾ ਨਾਲ ਜੁੜੀਆਂ ਚਰਚਾਵਾਂ ਉਭਰੀਆਂ ਹਨ।

**ਕ੍ਰਾਇਓਪ੍ਰਿਜ਼ਰਵੇਸ਼ਨ ਦੀ ਲਾਗਤ**

ਕ੍ਰਾਇਓਪ੍ਰਿਜ਼ਰਵੇਸ਼ਨ ਦੀ ਲਾਗਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਿਹੜਾ ਜੀਵ ਵਿਗਿਆਨਕ ਪਦਾਰਥ ਸੰਭਾਲਿਆ ਜਾ ਰਿਹਾ ਹੈ।

ਇਸ ਵਿੱਚ ਮੈਡੀਕਲ ਪ੍ਰਕਿਰਿਆਵਾਂ, ਸਟੋਰੇਜ ਉਪਕਰਣ ਅਤੇ ਲੰਬੇ ਸਮੇਂ ਦੀ ਦੇਖਭਾਲ ਦੇ ਖ਼ਰਚੇ ਸ਼ਾਮਲ ਹੁੰਦੇ ਹਨ। ਇਸ ਕਰਕੇ ਇਸ ਤਕਨੀਕ ਦਾ ਲਾਭ ਅਜੇ ਤੱਕ ਜ਼ਿਆਦਾਤਰ ਅਮੀਰ ਲੋਕਾਂ ਜਾਂ ਵਿਕਸਿਤ ਸਿਹਤ ਪ੍ਰਣਾਲੀਆਂ ਤੱਕ ਹੀ ਸੀਮਿਤ ਹੈ।

**ਕ੍ਰਾਇਓਪ੍ਰਿਜ਼ਰਵੇਸ਼ਨ ਦੇ ਫ਼ਾਇਦੇ**

ਲੰਬੇ ਸਮੇਂ ਲਈ ਜੀਵ ਵਿਗਿਆਨਕ ਪਦਾਰਥ ਦੀ ਸੰਭਾਲ

ਫਰਟੀਲਿਟੀ ਸੰਭਾਲ (ਜਿਵੇਂ ਕੀਮੋਥੈਰੇਪੀ ਲੈ ਰਹੇ ਮਰੀਜ਼ਾਂ ਲਈ)

**ਮੈਡੀਕਲ ਖੋਜ ਲਈ ਸਹਾਇਤਾ**

ਖਤਰੇ ਵਿੱਚ ਪਈਆਂ ਪ੍ਰਜਾਤੀਆਂ ਦੀ ਰੱਖਿਆ।

ਭਵਿੱਖ ਵਿੱਚ ਅੰਗ ਸੰਭਾਲ ਤਕਨੀਕ ਦੀ ਸੰਭਾਵਨਾ।

**ਕ੍ਰਾਇਓਪ੍ਰਿਜ਼ਰਵੇਸ਼ਨ ਦੇ ਨੁਕਸਾਨ**

ਉੱਚ ਲਾਗਤ

ਜਮਾਉਣ ਸਮੇਂ ਕੋਸ਼ਿਕਾਵਾਂ ਨੂੰ ਨੁਕਸਾਨ ਦਾ ਖਤਰਾ।

ਨੈਤਿਕ ਅਤੇ ਧਾਰਮਿਕ ਚਿੰਤਾਵਾਂ।

ਕਈ ਵਾਰ ਗਲਾਉਣ ਤੋਂ ਬਾਅਦ ਕੋਸ਼ਿਕਾਵਾਂ ਜੀਵੰਤ ਨਹੀਂ ਰਹਿੰਦੀਆਂ।

ਪੂਰੇ ਅੰਗਾਂ ਜਿਵੇਂ ਦਿਲ ਜਾਂ ਦਿਮਾਗ ਦੀ ਸੰਭਾਲ ਅਜੇ ਵੀ ਮੁਸ਼ਕਲ ਹੈ।

**ਕ੍ਰਾਇਓਪ੍ਰਿਜ਼ਰਵੇਸ਼ਨ ਦਾ ਭਵਿੱਖ**

ਭਵਿੱਖ ਵਿੱਚ ਕ੍ਰਾਇਓਪ੍ਰਿਜ਼ਰਵੇਸ਼ਨ ਦੀਆਂ ਸੰਭਾਵਨਾਵਾਂ ਕਾਫ਼ੀ ਉਜਲੀਆਂ ਦਿਖਾਈ ਦਿੰਦੀਆਂ ਹਨ। ਵਿਗਿਆਨੀ ਹੇਠ ਲਿਖੇ ਖੇਤਰਾਂ 'ਤੇ ਕੰਮ ਕਰ ਰਹੇ ਹਨ:

ਟ੍ਰਾਂਸਪਲਾਂਟ ਲਈ ਅੰਗਾਂ ਦੀ ਕ੍ਰਾਇਓਪ੍ਰਿਜ਼ਰਵੇਸ਼ਨ।

ਹੋਰ ਸੁਚੱਜੇ ਕ੍ਰਾਇਓਪ੍ਰੋਟੈਕਟੈਂਟਸ ਦੀ ਵਿਕਾਸ।

ਸੰਭਾਲੇ ਗਏ ਕੋਸ਼ਿਕਾਵਾਂ ਤੋਂ ਕ੍ਰਿਤ੍ਰਿਮ ਅੰਗ ਬਣਾਉਣਾ।

ਪੂਰੇ ਪਰਿਸਥਿਤਕੀ ਤੰਤਰ ਦੇ ਜੈਨੇਟਿਕ ਪਦਾਰਥ ਦੀ ਸੰਭਾਲ।

ਬਾਇਓਟੈਕਨੋਲੋਜੀ ਅਤੇ ਰੀਜਨਰੇਟਿਵ ਮੈਡੀਸਨ ਵਰਗੇ ਅਗੇਤਰ ਖੇਤਰ ਇਸ ਤਕਨੀਕ ਤੋਂ ਕਾਫ਼ੀ ਲਾਭ ਪ੍ਰਾਪਤ ਕਰ ਸਕਦੇ ਹਨ। ਕੁਝ ਵਿਗਿਆਨੀ ਇਹ ਵੀ ਮੰਨਦੇ ਹਨ ਕਿ ਭਵਿੱਖ ਵਿੱਚ ਨੈਨੋਟੈਕਨੋਲੋਜੀ ਦੀ ਮਦਦ ਨਾਲ ਜਮਾਉਣ ਦੌਰਾਨ ਨੁਕਸਾਨ ਹੋਏ ਕੋਸ਼ਿਕਾਵਾਂ ਦੀ ਮੁਰੰਮਤ ਵੀ ਸੰਭਵ ਹੋ ਸਕੇਗੀ।

ਕ੍ਰਾਇਓਪ੍ਰਿਜ਼ਰਵੇਸ਼ਨ ਇੱਕ ਸ਼ਕਤੀਸ਼ਾਲੀ ਵਿਗਿਆਨਕ ਤਕਨੀਕ ਹੈ ਜੋ ਜੀਵ ਵਿਗਿਆਨਕ ਪਦਾਰਥਾਂ ਨੂੰ ਬਹੁਤ ਘੱਟ ਤਾਪਮਾਨ 'ਤੇ ਲੰਬੇ ਸਮੇਂ ਲਈ ਸੰਭਾਲਣ ਦੀ ਸਹੂਲਤ ਦਿੰਦੀ ਹੈ। ਇਸ ਨੇ ਇਲਾਜ਼ ਪ੍ਰਣਾਲੀ, ਫਰਟੀਲਿਟੀ ਇਲਾਜ, ਖੇਤੀਬਾੜੀ ਅਤੇ ਜੰਗਲੀ ਜੀਵ ਸੰਰੱਖਣ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਬਦਲਾਅ ਲਿਆਂਦੇ ਹਨ।

ਹਾਲਾਂਕਿ ਇਸ ਤਕਨੀਕ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹਨ ਜਿਵੇਂ ਉੱਚ ਲਾਗਤ, ਤਕਨੀਕੀ ਸੀਮਾਵਾਂ ਅਤੇ ਨੈਤਿਕ ਚਰਚਾਵਾਂ। ਫਿਰ ਵੀ, ਜਿਵੇਂ-ਜਿਵੇਂ ਵਿਗਿਆਨ ਤਰੱਕੀ ਕਰਦਾ ਜਾ ਰਿਹਾ ਹੈ, ਕ੍ਰਾਇਓਪ੍ਰਿਜ਼ਰਵੇਸ਼ਨ ਭਵਿੱਖ ਵਿੱਚ ਜੀਵਨ ਬਚਾਉਣ, ਜੈਵਿਕ ਵਿਭਿੰਨਤਾ ਦੀ ਰੱਖਿਆ ਕਰਨ ਅਤੇ ਮੈਡੀਕਲ ਵਿਗਿਆਨ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ।

# ਪੀਰੀਅਡਸ ਦਾ ਦਰਦ ਨਾਰਮਲ ਹੈ ਜਾਂ ਕਿਸੇ ਗੰਭੀਰ ਬਿਮਾਰੀ ਦਾ ਸੰਕੇਤ?



ਪੀਰੀਅਡਸ ਦੌਰਾਨ ਪੇਟ ਵਿੱਚ ਦਰਦ ਹੋਣਾ, ਜਿਸ ਨੂੰ ਮੈਨਸਟ੍ਰੂਅਲ ਕ੍ਰੈਂਪਸ (Menstrual Cramps) ਕਿਹਾ ਜਾਂਦਾ ਹੈ, ਆਮ ਮੰਨਿਆ ਜਾਂਦਾ ਹੈ। ਜ਼ਿਆਦਾਤਰ ਔਰਤਾਂ ਪੀਰੀਅਡਸ ਦੇ ਸ਼ੁਰੂਆਤੀ ਦਿਨਾਂ ਵਿੱਚ ਇਸ ਸਮੱਸਿਆ ਵਿੱਚੋਂ ਗੁਜ਼ਰਦੀਆਂ ਹਨ ਪਰ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹ ਦਰਦ ਕਦੋਂ ਨਾਰਮਲ ਨਹੀਂ ਹੁੰਦਾ।

ਕੁਝ ਮਾਮਲਿਆਂ ਵਿੱਚ ਇਹ ਦਰਦ ਸਰੀਰ ਦੇ ਅੰਦਰ ਛੁਪੀ ਕਿਸੇ ਗੰਭੀਰ ਸਮੱਸਿਆ ਦਾ ਸੰਕੇਤ ਵੀ ਹੋ ਸਕਦਾ ਹੈ। ਡਾ. ਮਨਨ ਗੁਪਤਾ (ਚੇਅਰਮੈਨ ਅਤੇ ਐਚ.ਓ.ਡੀ.- ਗਾਇਨੀਕੋਲੋਜੀ, ਐਟਲਾਂਟਿਸ ਹੈਲਥਕੇਅਰ, ਨਵੀਂ ਦਿੱਲੀ) ਤੋਂ ਜਾਣੋ ਕਿ ਕਦੋਂ ਇਹ ਦਰਦ ਚਿੰਤਾ ਦਾ ਵਿਸ਼ਾ ਹੈ।

**ਕੀ ਪੀਰੀਅਡਸ 'ਚ ਕ੍ਰੈਂਪਸ ਹੋਣਾ ਆਮ ਹੈ?**

ਪੀਰੀਅਡਸ ਦੇ ਸ਼ੁਰੂਆਤੀ 1-2 ਦਿਨਾਂ ਦੌਰਾਨ ਪੇਟ ਦੇ ਹੇਠਲੇ ਹਿੱਸੇ, ਕਮਰ ਜਾਂ ਲੱਤਾਂ ਵਿੱਚ ਹਲਕਾ ਜਿਹਾ ਦਰਦ ਹੋਣਾ ਪੂਰੀ ਤਰ੍ਹਾਂ ਨਾਰਮਲ ਹੈ।

ਕਾਰਨ: ਜਦੋਂ ਬੱਚੇਦਾਨੀ (Uterus) ਆਪਣੀ ਅੰਦਰੂਨੀ ਪਰਤ ਨੂੰ ਬਾਹਰ ਕੱਢਣ ਲਈ ਸੁੰਗੜਦੀ ਹੈ ਤਾਂ ਮਾਸਪੇਸ਼ੀਆਂ ਵਿੱਚ ਖਿੱਚ ਕਾਰਨ ਇਹ ਦਰਦ ਮਹਿਸੂਸ ਹੁੰਦਾ ਹੈ।

ਰਾਹਤ: ਇਹ ਦਰਦ ਆਮ ਤੌਰ 'ਤੇ ਆਰਾਮ ਕਰਨ, ਗਰਮ ਪਾਣੀ ਦੀ ਬੋਤਲ (Hot water bag) ਦੀ ਵਰਤੋਂ, ਹਲਕੀ ਕਸਰਤ ਜਾਂ ਡਾਕਟਰ ਦੀ ਸਲਾਹ ਨਾਲ ਲਈ ਗਈ ਸਧਾਰਨ ਪੇਨ-ਕਿਲਰ ਨਾਲ ਠੀਕ ਹੋ ਜਾਂਦਾ ਹੈ।

**ਕਦੋਂ ਇਹ ਦਰਦ ਨਾਰਮਲ ਨਹੀਂ ਰਹਿੰਦਾ?**

ਜੇਕਰ ਪੀਰੀਅਡ ਦਾ ਦਰਦ ਇੰਨਾ ਗੰਭੀਰ ਹੋ ਜਾਵੇ ਕਿ ਤੁਹਾਨੂੰ ਆਪਣੇ ਰੋਜ਼ਾਨਾ ਦੇ ਕੰਮ ਕਰਨ ਵਿੱਚ ਮੁਸ਼ਕਲ ਆਉਣ ਲੱਗੇ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ। ਜੇਕਰ ਤੁਸੀਂ ਦਰਦ ਕਾਰਨ ਸਕੂਲ, ਕਾਲਜ ਜਾਂ ਆਫਿਸ ਨਹੀਂ ਜਾ ਪਾ ਰਹੇ ਅਤੇ ਸਧਾਰਨ ਦਵਾਈਆਂ ਨਾਲ ਵੀ ਆਰਾਮ ਨਹੀਂ ਮਿਲ ਰਿਹਾ ਤਾਂ ਇਹ ਖ਼ਤਰੇ ਦੀ ਘੰਟੀ ਹੋ ਸਕਦੀ ਹੈ।

**ਇਨ੍ਹਾਂ ਸੰਕੇਤਾਂ 'ਤੇ ਦਿਓ ਧਿਆਨ!**

ਦਰਦ 2-3 ਦਿਨਾਂ ਤੋਂ ਵੱਧ ਸਮੇਂ ਤੱਕ ਬਣਿਆ ਰਹਿੰਦਾ ਹੈ।

ਦਰਦ ਅਚਾਨਕ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਵੱਧ ਗਿਆ ਹੈ।

ਪੀਰੀਅਡ ਸ਼ੁਰੂ ਹੋਣ ਤੋਂ ਕਈ ਦਿਨ ਪਹਿਲਾਂ ਹੀ ਦਰਦ (Cramps) ਸ਼ੁਰੂ ਹੋ ਜਾਂਦਾ ਹੈ।

**ਡਾਕਟਰ ਦੀ ਸਲਾਹ ਕਦੋਂ ਲੈਣੀ ਜ਼ਰੂਰੀ ਹੈ?**

ਦਰਦ ਤੋਂ ਇਲਾਵਾ ਕੁਝ ਹੋਰ ਚਿਤਾਵਨੀ ਸੰਕੇਤ (Warning Signals) ਹਨ, ਜਿਨ੍ਹਾਂ ਦੇ ਦਿਖਣ 'ਤੇ ਤੁਰੰਤ ਜਾਂਚ ਕਰਵਾਉਣੀ ਚਾਹੀਦੀ ਹੈ।

ਬਹੁਤ ਜ਼ਿਆਦਾ ਹੈਵੀ ਬਲੀਡਿੰਗ (Heavy Bleeding)।

ਅਨਿਯਮਿਤ ਪੀਰੀਅਡਸ (Irregular Periods)।

ਸਰੀਰਕ ਸਬੰਧ ਬਣਾਉਣ ਦੌਰਾਨ ਦਰਦ ਹੋਣਾ।

ਇਹ ਲੱਛਣ ਐਂਡੋਮੈਟਰੀਓਸਿਸ (Endometriosis), ਫਾਈਬਰੋਇਡਸ (Fibroids) ਜਾਂ ਕਿਸੇ ਇਨਫੈਕਸ਼ਨ ਵੱਲ ਇਸ਼ਾਰਾ ਕਰ ਸਕਦੇ ਹਨ। ਸਮੇਂ ਸਿਰ ਜਾਂਚ ਕਰਵਾਉਣ ਨਾਲ ਬਿਮਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ ਅਤੇ ਸਹੀ ਇਲਾਜ ਹੋ ਸਕਦਾ ਹੈ।

# ਛੋਟੀ ਉਮਰ 'ਚ ਨੌਜਵਾਨ ਕਿਉਂ ਬਣ ਰਹੇ ਹਨ ਫੈਟੀ ਲਿਵਰ ਦੇ ਮਰਜ਼ੀ?



ਕੁਝ ਸਾਲ ਪਹਿਲਾਂ ਤੱਕ ਫੈਟੀ ਲਿਵਰ ਨੂੰ ਵਧਦੀ ਉਮਰ ਜਾਂ ਸ਼ਰਾਬ ਪੀਣ ਨਾਲ ਜੁੜੀ ਬਿਮਾਰੀ ਮੰਨਿਆ ਜਾਂਦਾ ਸੀ ਪਰ ਅੱਜ 20-25 ਸਾਲ ਦੇ ਨੌਜਵਾਨਾਂ ਵਿੱਚ ਵੀ ਇਸ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਅਜਿਹੇ ਵਿੱਚ ਇਹ ਸਮਝਣਾ ਜ਼ਰੂਰੀ ਹੈ ਕਿ ਆਖਿਰ ਨੌਜਵਾਨਾਂ ਵਿੱਚ ਫੈਟੀ ਲਿਵਰ ਦੇ ਮਾਮਲੇ ਕਿਉਂ ਵਧ ਰਹੇ ਹਨ ਅਤੇ ਇਸ ਦੇ ਮੁੱਖ ਲੱਛਣ ਕੀ ਹਨ।

**ਨੌਜਵਾਨਾਂ 'ਚ ਫੈਟੀ ਲਿਵਰ ਵਧਣ ਦੇ ਕਾਰਨ**

ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਸਾਡੀ ਜੀਵਨ ਸ਼ੈਲੀ (Lifestyle) ਪੂਰੀ ਤਰ੍ਹਾਂ ਬਦਲ ਚੁੱਕੀ ਹੈ, ਜੋ ਲਿਵਰ ਲਈ ਘਾਤਕ ਸਾਬਤ ਹੋ ਰਹੀ ਹੈ।

**ਜੰਕ ਫੂਡ ਅਤੇ ਪ੍ਰੋਸੈਸਡ ਸ਼ੂਗਰ:** ਪੀਜ਼ਾ, ਬਰਗਰ ਅਤੇ ਕੋਲਡ ਡਰਿੰਕਸ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਗਏ ਹਨ। ਇਨ੍ਹਾਂ ਵਿੱਚ ਮੌਜੂਦ ਫਰੂਟੋਜ਼ ਅਤੇ ਅਨਹੈਲਦੀ ਫੈਟ ਸਿੱਧਾ ਲਿਵਰ ਵਿੱਚ ਜਮ੍ਹਾਂ ਹੋਣ ਲੱਗਦੇ ਹਨ।

**ਕਸਰਤ ਦੀ ਕਮੀ:** ਘੰਟਿਆਂ ਬੱਧੀ ਕੰਪਿਊਟਰ ਦੇ ਸਾਹਮਣੇ ਬੈਠ ਕੇ ਕੰਮ ਕਰਨਾ ਸਰੀਰ ਦੇ ਮੈਟਾਬੋਲਿਜ਼ਮ ਨੂੰ ਸੁਸਤ ਕਰ ਦਿੰਦਾ ਹੈ, ਜਿਸ ਕਾਰਨ ਕੈਲੋਰੀਜ਼ ਫੈਟ ਦੇ ਰੂਪ ਵਿੱਚ ਲਿਵਰ ਦੇ ਆਲੇ-ਦੁਆਲੇ ਜਮ੍ਹਾਂ ਹੋ ਜਾਂਦੀਆਂ ਹਨ।

**ਮੋਟਾਪਾ:** ਗਲਤ ਖਾਣ-ਪੀਣ ਕਾਰਨ ਪੇਟ ਦੇ ਆਲੇ-ਦੁਆਲੇ ਵਧ ਰਹੀ ਚਰਬੀ ਸਿੱਧੇ ਤੌਰ 'ਤੇ ਫੈਟੀ ਲਿਵਰ ਨੂੰ ਸੱਦਾ ਦਿੰਦੀ ਹੈ।

**ਨੀਂਦ ਦੀ ਕਮੀ ਅਤੇ ਤਣਾਅ:** ਦੇਰ ਰਾਤ ਤੱਕ ਜਾਗਣਾ ਅਤੇ ਮਾਨਸਿਕ ਤਣਾਅ ਲਿਵਰ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਹੈ।

**ਇਨ੍ਹਾਂ 5 ਲੱਛਣਾਂ ਤੋਂ ਰਹੋ ਸਾਵਧਾਨ!**

ਫੈਟੀ ਲਿਵਰ ਦੀ ਸ਼ੁਰੂਆਤ ਵਿੱਚ ਲੱਛਣ ਬਹੁਤ ਮਾਮੂਲੀ ਹੁੰਦੇ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਹੋ ਸਕਦਾ ਹੈ।

**ਲਗਾਤਾਰ ਥਕਾਵਟ:** ਪੂਰੀ ਨੀਂਦ ਲੈਣ ਦੇ ਬਾਵਜੂਦ ਹਰ ਸਮੇਂ ਥੱਕਿਆ ਹੋਇਆ ਮਹਿਸੂਸ ਕਰਨਾ।

**ਪੇਟ ਦੇ ਸੱਜੇ ਹਿੱਸੇ ਵਿੱਚ ਦਰਦ:** ਪਸਲੀਆਂ ਦੇ ਹੇਠਾਂ ਭਾਰੀਪਨ ਜਾਂ ਹਲਕਾ ਦਰਦ ਮਹਿਸੂਸ ਹੋਣਾ।

**ਪੇਟ ਫੁੱਲਣਾ:** ਖ਼ਾਸ ਕਰਕੇ ਪੇਟ ਦੇ ਉੱਪਰਲੇ ਹਿੱਸੇ ਦਾ ਬਾਹਰ ਨਿਕਲਣਾ।

**ਪਾਚਨ ਦੀਆਂ ਸਮੱਸਿਆਵਾਂ:** ਭੁੱਖ ਨਾ ਲੱਗਣਾ, ਬਾਰ-ਬਾਰ ਐਸੀਡਿਟੀ ਹੋਣਾ ਜਾਂ ਜੀਅ ਕੱਚਾ ਹੋਣਾ।

**ਪੀਲਾਪਨ:** ਅੱਖਾਂ ਅਤੇ ਚਮੜੀ ਦਾ ਰੰਗ ਪੀਲਾ ਪੈਣਾ (ਪੀਲੀਆ ਦੇ ਸੰਕੇਤ)।

**ਬਚਾਅ ਲਈ ਕੀ ਕਰੀਏ!**

**ਖੁਰਾਕ ਵਿੱਚ ਬਦਲਾਅ:** ਖੰਡ ਅਤੇ ਮੈਦੇ ਵਾਲੀਆਂ ਚੀਜ਼ਾਂ ਦਾ ਤਿਆਗ ਕਰੋ। ਫਾਈਬਰ ਨਾਲ ਭਰਪੂਰ ਖਾਣਾ ਜਿਵੇਂ ਸਾਬਤ ਅਨਾਜ ਅਤੇ ਹਰੀਆਂ ਸਬਜ਼ੀਆਂ ਖਾਓ।

**ਰੋਜ਼ਾਨਾ ਕਸਰਤ:** ਦਿਨ ਵਿੱਚ ਘੱਟੋ-ਘੱਟ 30 ਮਿੰਟ ਤੇਜ਼ ਸੈਰ ਜਾਂ ਕੋਈ ਵੀ ਸਰੀਰਕ ਕਸਰਤ ਜ਼ਰੂਰ ਕਰੋ।

**ਵਜ਼ਨ ਕੰਟਰੋਲ:** ਆਪਣੇ ਸਰੀਰ ਦੇ ਵਜ਼ਨ ਨੂੰ ਸਹੀ ਰੱਖਣ ਨਾਲ ਲਿਵਰ ਦੀ ਚਰਬੀ ਕਾਫੀ ਹੱਦ ਤੱਕ ਘੱਟ ਹੋ ਸਕਦੀ ਹੈ।

**ਸ਼ਰਾਬ ਤੋਂ ਦੂਰੀ:** ਸ਼ਰਾਬ ਲਿਵਰ ਦੀ ਸਥਿਤੀ ਨੂੰ ਹੋਰ ਵੀ ਵਿਗਾੜ ਦਿੰਦੀ ਹੈ, ਇਸ ਤੋਂ ਪਰਹੇਜ਼ ਕਰੋ।












# ਰਾਸ਼ੀਫਲ

**ਮੇਖ :** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਪੈਸਿਆਂ ਦੀ ਘਾਟ ਅੱਜ ਘਰ ਵਿਚ ਲੜਾਈ ਦੀ ਵਜਾਹ ਬਣ ਸਕਦੀ ਹੈ ਅਜਿਹੀ ਸਥਿਤੀ ਵਿਚ ਆਪਣੇ ਘਰ ਦੇ ਲੋਕਾਂ ਨਾਲ ਸੋਚ ਸਮਝ ਕੇ ਗੱਲ ਕਰੋ ਅਤੇ ਉਸ ਤੋਂ ਸਲਾਹ ਲਵੋ। ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਲੋੜਾਂ ਦਾ ਧਿਆਨ ਰੱਖੋ ਅੱਜ ਤੁਹਾਡੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਪੂਰੇ ਸੰਸਾਰ ਦੀ ਖੁਸ਼ੀ ਦੋਵਾਂ ਦੇ ਵਿਚ ਆਯੋਜਨ ਕੀਤੀ ਜਾਵੇਗੀ ਜੋ ਪਿਆਰ ਵਿਚ ਹਨ ਹਾਂ ਤੁਸੀ ਕਿਸਮਤ ਵਾਲੇ ਹੋ। ਲੇਖਕ ਅਤੇ ਮੀਡੀਆ ਵਿਅਕਤੀ ਪ੍ਰਮੁੱਖ ਮਾਨਤਾ ਦੀ ਉਮੀਦ ਕਰ ਸਕਦੇ ਹਨ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਜਦੋਂ ਤੁਸੀ ਆਪਣੇ ਜੀਵਨਸਾਥੀ ਨਾਲ ਭਾਵਨਾਤਮਕ ਤੌਰ ਤੇ ਜੁੜਦੇ ਹੋ ਤਾਂ ਨਜ਼ਦੀਕੀ ਆਪਣੇ ਆਪ ਮਹਿਸੂਸ ਕੀਤੀ ਜਾ ਸਕਦੀ ਹੈ।

**ਬ੍ਰਿਸ਼ਭ:** ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ ਖਾਸ ਤੌਰ ਤੇ ਮੋੜ ਤੇ। ਨਹੀਂ ਤਾਂ ਕਿਸੇ ਹੋਰ ਦੀ ਗਲਤੀ ਦਾ ਹਰਜ਼ਾਨਾ ਤੁਹਾਨੂੰ ਭੁਗਤਣਾ ਪੈ ਸਕਦਾ ਹੈ। ਅੱਜ ਵਪਾਰ ਵਿਚ ਚੰਗਾ ਖਾਸਾ ਲਾਭ ਹੋਣ ਦੀ ਸੰਭਾਵਨਾ ਹੈ ਅੱਜ ਦੇ ਦਿਨ ਆਪਣੇ ਵਪਾਰ ਨੂੰ ਕੋਈਂ ਉਚਾਈਆਂ ਦੇ ਸਕਦਾ ਹੈ। ਰਿਸ਼ਤੇਦਾਰਾਂ ਦੇ ਜਾਣਾ ਉਸ ਤੋਂ ਕਾਫੀ ਵਧੀਆ ਰਹੇਗਾ ਜਿੰਨਾਂ ਤੁਸੀ ਸੋਚ ਸਕਦੇ ਹੋ। ਆਪ ਨੂੰ ਪਿਆਰ ਵਿਚ ਸਫਲ ਹੋਣ ਦੀ ਕਲਪਨਾ ਲਈ ਕਿਸੇ ਦੀ ਸਹਾਇਤਾ ਕਰੋ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਾਈ ਸੁਚਾਰੂ ਰੂਪ ਨਾਲ ਚੱਲੇਗਾ। ਤੁਹਾਡਾ ਹਸਣ ਹਸਾਉਣ ਦਾ ਅੰਦਾਜ਼ ਤੁਹਾਡੀ ਸਭ ਤੋਂ ਵੱਡੀ ਪੂੰਜੀ ਸਾਬਿਤ ਹੋਵੇਗੀ। ਦਿਨ ਸੱਚਮੁਚ ਰੋਮਾਂਟਿਕ ਹੈ ਨਾਲ ਵਧੀਆ ਖਾਣਾ, ਖੁਸ਼ਬੂ, ਖੁਸ਼ੀਆਂ ਤੁਸੀ ਆਪਣੇ ਹਮਦਮ ਦੇ ਨਾਲ ਬੇਹਤਰੀਨ ਸਮਾਂ ਬਿਤਾ ਸਕਦੇ ਹੋ।

**ਮਿਥੁਨ:** ਗਰਦਨ ਲੱਕ ਵਿਚ ਲਗਾਤਾਰ ਦਰਦ ਪਰੇਸ਼ਾਨ ਕਰ ਸਕਦਾ ਹੈ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ ਖਾਸ ਤੌਰ ਤੇ ਜਦੋਂ ਇਸ ਨਾਲ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਹੈ ਅੱਜ ਦੇ ਦਿਨ ਆਰਾਮ ਕਰਨਾ ਬਹੁਤ ਜ਼ਰੂਰੀ ਹੈ। ਬਿਨਾਂ ਵਿਚਾਰ ਕੀਤੇ ਤੁਹਾਨੂੰ ਕਿਸੇ ਨੂੰ ਵੀ ਆਪਣਾ ਪੈਸਾ ਨਹੀਂ ਦੇਣਾ ਚਾਹੀਦਾ ਨਹੀਂ ਤਾਂ ਤੁਹਾਨੂੰ ਭਵਿੱਖ ਵਿਚ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਿਨ ਦੇ ਦੂਜੇ ਹਿੱਸੇ ਵਿਚ ਤੁਸੀ ਆਰਾਮ ਕਰਨਾ ਅਤੇ ਆਪਣੇ ਪਰਿਵਾਰ ਦੇ ਨਾਲ ਸਮਾਂ ਬਿਤਾਉਣਾ ਪਸੰਦ ਕਰੋਂਗੇ। ਤੁਹਾਡੇ ਸਮਰਪਿਤ ਅਤੇ ਨਿਰਸੰਦੇਹ ਪਿਆਰ ਵਿਚ ਜਾਦੂ ਕਰਨ ਦੀ ਤਾਕਤ ਹੈ। ਜੇਕਰ ਤੁਸੀ ਕੰਮਕਾਰ ਦੇ ਲਈ ਜਿਆਦਾ ਦਬਾਅ ਬਣਾਉਂਗੇ ਤਾਂ ਲੋਕ ਭੜਕ ਸਕਦੇ ਹਨ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਦੂਜਿਆਂ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।



**ਕਰਕ :** ਬਹੁਤ ਜ਼ਿਆਦਾ ਚਿੰਤਾ ਅਤੇ ਤਨਾਵ ਦੀ ਆਦਤ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਮਾਨਸਿਕ ਸਪਸ਼ਟਤਾ ਬਣਾਈ ਰੱਖਣ ਲਈ ਸ਼ੰਕਾ ਅਤੇ ਚਿੜਚਿੜੇਪਨ ਤੋਂ ਛੁੱਟਕਾਰਾ ਪਾਉ। ਜੋ ਲੋਕ ਪੈਸੇ ਨੂੰ ਬੇਵਜਾਹ ਖਰਚ ਕਰ ਰਹੇ ਹਨ ਅੱਜ ਉਨਾਂ ਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਜੀਵਨ ਵਿਚ ਕੀ ਕੀਮਤ ਹੈ ਕਿਉਂ ਕਿ ਅੱਜ ਅਚਾਨਕ ਤੁਹਾਨੂੰ ਪੈਸੇ ਦੀ ਲੋੜ ਪਵੇਗੀ ਅਤੇ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਘਰ ਵਿਚ ਅਤੇ ਆਸ ਪਾਸ ਛੋਟੇ ਮੋਟੇ ਬਦਲਾਅ ਘਰ ਦੀ ਸਜਾਵਟ ਵਿਚ ਚਾਰ ਚੰਨ ਲਗਾ ਦੇਣਗੇ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੌਕੇ ਵੀ ਹੋਣਗੇ। ਪਾਰਟਨਰ ਤੁਹਾਡੀਆਂ ਨਵੀਆਂ ਯੋਜਨਾਵਾਂ ਅਤੇ ਉੱਦਮਾਂ ਪ੍ਰਤੀ ਉਤਸ਼ਾਹਿਤ ਹੋਣਗੇ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਸਿੰਘ:** ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਘਰ ਦੀਆਂ ਛੋਟੀ ਛੋਟੀ ਚੀਜਾਂ ਤੇ ਅੱਜ ਤੁਹਾਡਾ ਕਾਫੀ ਪੈਸਾ ਖਰਾਬ ਹੋ ਸਕਦਾ ਹੈ ਜਿਸਦੀ ਵਜਾਹ ਨਾਲ ਤੁਸੀ ਮਾਨਸਿਕ ਤਨਾਅ ਵਿਚ ਆ ਸਕਦੇ ਹੋ। ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਅਚਾਨਕ ਮਿਲਿਆ ਕੋਈ ਸੁਖਦ ਸੰਦੇਸ਼ ਨੀਂਦ ਵਿਚ ਤੁਹਾਨੂੰ ਮਿੱਠੇ ਸੁਪਨੇ ਦੇਵੇਗਾ। ਉਦੋਂ ਤੱਕ ਕੋਈ ਵਾਧਾ ਨਾ ਕਰੋ ਜਦੋਂ ਤੱਕ ਤੁਸੀ ਪੂਰੀ ਤਰਾਂ ਉਸ ਨੂੰ ਪੂਰਾ ਕਰਨ ਵਿਚ ਸਮਰਸ਼ ਨਾ ਹੋਵੋ। ਖਾਲੀ ਸਮੇਂ ਦਾ ਸਦਉਪਯੋਗ ਹੋਣਾ ਚਾਹੀਦਾ ਹੈ ਪਰੰਤੂ ਅੱਜ ਤੁਸੀ ਇਸ ਸਮੇਂ ਦਾ ਦੁਰਉਪਯੋਗ ਕਰੋਂਗੇ ਇਸ ਨਾਲ ਤੁਹਾਡਾ ਮੂਡ ਵੀ ਖਰਾਬ ਰਹੇਗਾ। ਤੁਸੀ ਅੱਜ ਵਿਆਹਕ ਜੀਵਨ ਦਾ ਭਰਪੂਰ ਅਨੰਦ ਲਉ।

**ਕੰਨਿਆ:** ਬਹੁਤ ਜ਼ਿਆਦਾ ਤਣਾਅ ਅਤੇ ਚਿੰਤਾ ਕਰਨ ਦੀ ਆਦਤ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਅੱਜ ਕਾਰੋਬਾਰ ਦੀ ਮਜ਼ਬੂਤੀ ਲਈ ਤੁਹਾਨੂੰ ਕਈਂ ਮਹੱਤਵਪੂਰਨ ਫੈਂਸਲੇ ਲੈਣੇ ਪੈ ਸਕਦੇ ਹਨ ਜਿਸਦੇ ਲਈ ਤੁਹਾਡਾ ਕੋਈ ਕਰੀਬੀ ਤੁਹਾਡੀ ਮਦਦ ਕਰ ਸਕਦਾ ਹੈ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੌਜਵਾਨ ਲੋਕ ਜੁੜੇ ਹੋਣ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਤੁਹਾਡੇ ਬੋਸ ਕਿਸੇ ਵੀ ਬਹਾਨੇ ਵਿਚ ਦਿਲਚਸਪੀ ਜ਼ਾਹਿਰ ਨਹੀਂ ਕਰਨਗੇ ਇਸ ਲਈ ਅੱਖਾਂ ਵਿਚ ਬਣੇ ਰਹਿਣ ਦੇ ਲਈ ਆਪਣਾ ਕੰਮ ਚੰਗੀ ਤਰਾਂ ਨਾਲ ਕਰੋ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਦੇ ਵਿਚਕਾਰ ਵਿਸ਼ਵਾਸ਼ ਦੀ ਘਾਟ ਰਹਿ ਸਕਦੀ ਹੈ ਇਸ ਨਾਲ ਵਿਆਹ ਵਿਚ ਤਣਾਅ ਆਵੇਗਾ।

**ਤੁਲਾ:** ਤਨਾਵ ਅਤੇ ਘਬਰਾਹਟ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਅੱਜ ਤੁਸੀ ਚੰਗਾ ਪੈਸਾ ਕਮਾਉਗੇ ਪਰੰਤੂ ਖਰਚ ਵਿਚ ਵਾਧਾ ਤੁਹਾਡੇ ਲਈ ਬਚਟ ਨੂੰ ਹੋਰ ਜ਼ਿਆਦਾ ਮੁਸ਼ਕਿਲ ਬਣ ਦੇਵੇਗਾ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਤੁਹਾਨੂੰ ਆਪਣੀ ਹਾਰ ਤੋਂ ਕੁਝ ਸਬਕ ਸਿੱਖਣ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਨੂੰ ਦਿਲ ਦੀ ਗੱਲ ਕਹਿਣ ਲੱਗਿਆਂ ਨੁਕਸਾਨ ਵੀ ਹੋ ਸਕਦਾ ਹੈ। ਕਾਰੋਬਾਰ ਦੇ ਲਈ ਵਧੀਆ ਦਿਨ ਹੈ ਕਿਉਂ ਕਿ ਉਨਾਂ ਨੂੰ ਅਚਾਨਕ ਵੱਡਾ ਲਾਭ ਹੋ ਸਕਦਾ ਹੈ। ਦਿਨ ਨੂੰ ਕਿਸ ਤਰਾਂ ਚੰਗਾ ਬਣਾਇਆ ਜਾਵੇ ਇਸ ਦੇ ਲਈ ਤੁਹਾਨੂੰ ਵੀ ਆਪਣੇ ਵਿਅਸਤ ਸਮੇ ਵਿਚੋਂ ਸਮਾਂ ਕੱਢਣਾ ਪਵੇਗਾ। ਜੀਵਨ ਸਾਥੀ ਦੀ ਤਰਫ ਤੋਂ ਜਾਣਬੁੱਝ ਕੇ ਅੰਦਰੂਨੀ ਚੋਟ ਦੇ ਸਕਦਾ ਹੈ ਜਿਸ ਦੇ ਚਲਦੇ ਤੁਸੀ ਕੁਝ ਸਮਾਂ ਉਦਾਸ ਰਹਿ ਸਕਦੇ ਹੋ।

**ਬ੍ਰਿਸ਼ਚਕ:** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਜੇਕਰ ਤੁਸੀ ਵਿਦੇਸ਼ ਵਿਚ ਕਿਸੇ ਜ਼ਮੀਨ ਤੇ ਨਿਵੇਸ਼ ਕੀਤਾ ਸੀ ਅੱਜ ਉਸ ਨੂੰ ਵੇਚਣ ਦੀ ਵਧੀਆ ਕੀਮਤ ਮਿਲ ਸਕਦੀ ਹੈ ਜੋ ਤੁਹਾਨੂੰ ਮੁਨਾਫਾ ਕਮਾਉਣ ਵਿਚ ਸਹਾਇਤਾ ਕਰੇਗਾ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੌਕਾ ਨਾ ਦਿਉ। ਅੱਜ ਦੇ ਦਿਨ ਨੂੰ ਤੁਸੀ ਜ਼ਿੰਦਗੀ ਵਿਚੋਂ ਕਦੇ ਨਹੀਂ ਭੁਲੋਂਗੇ ਜੇਕਰ ਪਿਆਰ ਕਰਨ ਦਾ ਮੌਕਾ ਤੁਸੀ ਅੱਜ ਨਹੀਂ ਗਵਾਉਂਦੇ। ਤੁਹਾਡੀ ਸਖਤ ਮਿਹਨਤ ਅਤੇ ਨਿਸ਼ਠਾ ਖੁਦ ਤੁਹਾਡੇ ਲਈ ਬੋਲੇਗੀ ਤੇ ਦੂਜਿਆਂ ਦਾ ਵਿਸ਼ਵਾਸ਼ ਅਤੇ ਸਹਿਯੋਗ ਤੁਹਾਨੂੰ ਹਾਸਿਲ ਹੋਵੇਗਾ। ਤੁਹਾਡੀ ਸੰਚਾਰ ਤਕਨੀਕ ਅਤੇ ਕੰਮੀ ਹੁੱਨਰ ਪ੍ਰਭਾਵਸ਼ਾਲੀ ਸਿੱਧ ਹੋਣਗੇ। ਕਾਫੀ ਦਿਨ ਜ਼ਿੰਦਗੀ ਸੱਚਮੁਚ ਔਖੀ ਲਗਦੀ ਹੈ ਪਰੰਤੂ ਤੁਸੀ ਆਪਣੇ ਜੀਵਨ ਸਾਥੀ ਦੇ ਫਿਰਦੋਸੀ ਵਿਚ ਆਪਣੇ ਆਪ ਨੂੰ ਪਾਉਂਗੇ।

**ਧਨੂੰ:** ਆਪਣੇ ਜੀਵਨ ਸਾਥੀ ਦੇ ਮਾਮਲੇ ਵਿਚ ਗੈਰ ਜ਼ਰੂਰੀ ਅੜਚਣ ਅੜਾਉਣ ਤੋਂ ਬਚੋ ਆਪਣੇ ਕੰਮ ਨਾਲ ਕੰਮ ਰੱਖਣਾ ਬੇਹਤਰ ਹੋਵੇਗਾ ਘੱਟ ਤੋਂ ਘੱਟ ਦਖ਼ਲ ਦੇਵੋ ਨਹੀਂ ਤਾਂ ਇਸ ਤੋਂ ਨਿਰਭਰਤਾ ਵੱਧ ਸਕਦੀ ਹੈ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਕਿਸੇ ਬਜ਼ੁਰਗ ਰਿਸ਼ਤੇਦਾਰ ਦੀ ਨਿੱਜੀ ਸਮੱਸਿਆ ਵਿਚ ਮਦਦ ਕਰਕੇ ਤੁਸੀ ਉਨਾਂ ਦਾ ਆਸ਼ੀਰਵਾਦ ਪਾ ਸਕਦੇ ਹੋ। ਹਰ ਗੱਲ ਤੇ ਪਿਆਰ ਦਾ ਦਿਖਾਉਣਾ ਠੀਕ ਨਹੀਂ ਹੈ ਇਸ ਨਾਲ ਤੁਹਾਡਾ ਰਿਸ਼ਤਾ ਸਿਧਰਨ ਦੀ ਥਾਂ ਵਿਗੜ ਸਕਦਾ ਹੈ। ਅੱਜ ਤੁਸੀ ਦੂਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਦਿਨ ਬਹੁਤ ਵਧੀਆ ਹੈ ਆਪਣੇ ਆਪ ਲਈ ਵਧੀਆ ਸਮਾਂ ਅਤੇ ਕਮੀਆਂ ਤੇ ਧਿਆਨ ਦੇਵੋ ਇਸ ਨਾਲ ਤੁਹਾਡੇ ਵਿਅਕਤਿਤਵ ਵਿਚ ਸਾਕਾਰਤਮਕ ਪਰਿਵਰਤਨ ਆਵੇਗਾ। ਤੁਸੀ ਸ਼ਾਇਦ ਆਪਣੇ ਜੀਵਨਸਾਥੀ ਦੀ ਇਮਾਨਦਾਰੀ ਤੇ ਸ਼ੱਕ ਕਰ ਸਕਦੇ ਹੋ ਜੋ ਆਉਂ ਵਾਲੇ ਦਿਨਾਂ ਵਿਚ ਤੁਹਾਡੀ ਵਿਆਹੁਤਾ ਜ਼ਿੰਦਗੀ ਦੀ ਸ਼ਾਨ ਵਿਗਾੜ ਦੇਵੇਗਾ।

**ਮਕਰ:** ਗਰਦਨ ਲੱਕ ਵਿਚ ਲਗਾਤਾਰ ਦਰਦ ਪਰੇਸ਼ਾਨ ਕਰ ਸਕਦਾ ਹੈ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ ਖਾਸ ਤੌਰ ਤੇ ਜਦੋਂ ਇਸ ਨਾਲ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਹੈ ਅੱਜ ਦੇ ਦਿਨ ਆਰਾਮ ਕਰਨਾ ਬਹੁਤ ਜ਼ਰੂਰੀ ਹੈ। ਆਪਣੇ ਲਈ ਪੈਸਾ ਬਚਾਉਣ ਦਾ ਖਿਆਲ ਤੁਹਾਡੀ ਵਿਚਾਰ ਅੱਜ ਪੂਰਾ ਹੋ ਸਕਦਾ ਹੈ ਅੱਜ ਤੁਸੀ ਕਾਫੀ ਬਚਤ ਪਾਉਣ ਵਿਚ ਸੰਭਵ ਹੋਵੋਂਗੇ। ਦੋਸਤ ਅਤੇ ਰਿਸ਼ਤੇਦਾਰਾਂ ਦੇ ਨਾਲ ਮੋਜ ਮਸਤੀ ਕਰੋ। ਤੁਹਾਡੀ ਅੱਖਾਂ ਚਮਕਣਗੀਆਂ ਧੜਕਣ ਅਤੇ ਖੁਸ਼ੀ ਤੇਜ ਹੋ ਜਾਵੇਗੀ ਜਦੋਂ ਤੁਸੀ ਆਪਣੀ ਸੁਪਨਿਆਂ ਦੀ ਰਾਜਕੁਮਾਰੀ ਨੂੰ ਮਿਲੋਂਗੇ। ਮਨ ਬਹਿਲਾਉਣ ਅਤੇ ਮਨੋਰੰਜਨ ਦੇ ਲਈ ਵਧੀਆ ਦਿਨ ਹੈ ਪਰੰਤੂ ਜੇਕਰ ਤੁਸੀ ਕੰਮ ਕਰ ਰਹੇ ਹੋ ਤਾਂ ਕਾਰੋਬਾਰ ਲੈਣ ਦੇਣ ਵਿਚ ਸਾਵਧਾਨੀ ਦੀ ਲੋੜ ਹੈ। ਇਸ ਰਾਸ਼ੀ ਦੇ ਬੱਚੇ ਅੱਜ ਖੇਡ ਵਿਚ ਦਿਨ ਗੁਜ਼ਾਰ ਸਕਦੇ ਹਨ ਅਜਿਹੇ ਵਿਚ ਮਾਤਾ ਪਿਤਾ ਨੂੰ ਉਨਾਂ ਤੇ ਧਿਆਨ ਰੱਖਣਾ ਚਾਹੀਦਾ ਹੈ, ਚੋਟ ਲੱਗਣ ਦੀ ਸੰਭਾਵਨਾ ਹੈ। ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉਂ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਕੁੰਭ:** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਅੱਜ ਤੁਹਾਨੂੰ ਆਪਣੇ ਭਰਾ ਅਤੇ ਭੈਣ ਦੀ ਮਦਦ ਨਾਲ ਧੰਨ ਲਾਭ ਹੋਣ ਦੀ ਸੰਭਾਵਨਾ ਹੈ। ਦੋਸਤ ਅਤੇ ਪਰਿਵਾਰ ਦੇ ਨਾਲ ਮਜ਼ੇਦਾਰ ਸਮਾਂ ਲੰਗੇਗਾ। ਤੁਹਾਡੇ ਜੀਵਨ ਸਾਥੀ ਦੀ ਖਰਾਬ ਸਿਹਤ ਦੇ ਚਲਦੇ ਅੱਜ ਰੋਮਾਂਸ ਤੋ ਪਾਸਾ ਹੋ ਸਕਦਾ ਹੈ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਇਸ ਰਾਸ਼ੀ ਦੇ ਚਿੰਨ੍ਹ ਅੱਜ ਦੇ ਦਿਨ ਆਪਣੇ ਭੈਣ ਭਰਾ ਦੇ ਨਾਲ ਘਰ ਵਿਚ ਕੋਈ ਫਿਲਮ ਜਾਂ ਮੈਚ ਦੇਖ ਸਕਦੇ ਹਨ ਅਜਿਹਾ ਕਰਕੇ ਤੁਸੀ ਲੋਕਾਂ ਦੇ ਪਿਆਰ ਵਿਚ ਵਾਧਾ ਵੀ ਕਰ ਸਕਦੇ ਹੋਂ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

**ਮੀਨ:** ਖੁਦ ਨੂੰ ਕਿਸੇ ਰਚਨਾਤਮਕ ਕੰਮ ਵਿਚ ਲਗਾਉ ਮਾਨਸਿਕ ਸ਼ਾਤੀ ਦੇ ਲਈ ਤੁਹਾਡੀ ਖਾਲੀ ਬੈਠਣ ਦੀ ਆਦਤ ਖਤਰਨਾਕ ਸਾਬਿਤ ਹੋ ਸਕਦੀ ਹੈ। ਅੱਜ ਤੁਸੀ ਆਪਣਾ ਧੰਨ ਧਾਰਮਿਕ ਕੰਮਾਂ ਵਿਚ ਲਗਾ ਸਕਦੇ ਹੋ ਅਤੇ ਜਿਸ ਨਾਲ ਤੁਹਾਨੂੰ ਮਾਨਸਿਕ ਸ਼ਾਤੀ ਅਤੇ ਸਮੱਰਥਾ ਮਿਲਣ ਦੀ ਸੰਭਾਵਨ ਹੈ। ਇਕ ਮਜ਼ੇਦਾਰ ਸ਼ਾਮ ਦੇ ਲਈ ਦੋਸਤ ਤੁਹਾਨੂੰ ਤੁਹਾਡੇ ਘਰ ਤੇ ਬਲਾਉਣਗੇ। ਪਿਆਰ ਰੱਬ ਦੀ ਪੂਜਾ ਵਾਂਗ ਪਵਿੱਤਰ ਹੈ ਅੱਜ ਇਹ ਤੁਹਾਨੂੰ ਸੱਚੇ ਅਰਥਾਂ ਵਿਚ ਧਰਮ ਅਧਿਆਤਮਿਕਤਾ ਵੱਲ ਲੈ ਜਾ ਸਕਦਾ ਹੈ। ਸੰਤੋਸ਼ਜਨਕ ਨਤੀਜਾ ਪਾਉਣ ਦੇ ਲਈ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕਰੋ ਦਫਤਰ ਦੀਆਂ ਪਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਤੁਹਾਨੂੰ ਮਾਨਸਿਕ ਤਨਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਹਾਡੇ ਬਾਰੇ ਲੋਕ ਕੀ ਸੋਚਦੇ ਹਨ ਅੱਜ ਤੁਹਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਬਲਕਿ ਅੱਜ ਤੁਸੀ ਖਾਲੀ ਸਮੇਂ ਵਿਚ ਕਿਸੀ ਨਾਲ ਮਿਲਣਾ ਜੁਲਣਾ ਵੀ ਪਸੰਦ ਨਹੀਂ ਕਰੋਂਗੇ ਅਤੇ ਇਕਾਂਤ ਵਿਚ ਆਨੰਦ ਮਹਿਸੂਸ ਕਰੋਂਗੇ। ਅੱਜ ਸ਼ਾਇਦ ਦੁਨੀਆਂ ਤਬਾਹੀ ਮਚਾ ਦੇਵੇ ਪਰ ਤੁਸੀ ਆਪਣੇ ਜੀਵਨਸਾਥੀ ਦੀਆਂ ਬਾਹਾਂ ਤੋਂ ਬਾਹਰ ਨਹੀਂ ਆ ਸਕੋਂਗੇ।

# ਈਰਾਨ ਬਨਾਮ ਅਰਬ ਦੇਸ਼:
# ਅਖੀਰ ਕਿਉਂ ਵੰਡਿਆ ਹੋਇਆ ਹੈ ਮੁਸਲਿਮ ਵਰਲਡ?




ਕੀ ਤੁਸੀਂ ਜਾਣਦੇ ਹੋ ਕਿ ਮੱਧ ਪੂਰਬ (ਮਿਡਲ ਈਸਟ) ਦੀ ਜੰਗ ਸਿਰਫ਼ ਸੀਮਾਵਾਂ ਦੀ ਨਹੀਂ, ਸਗੋਂ ਵਰਚਸਵ ਅਤੇ ਸਦੀਆਂ ਪੁਰਾਣੇ ਇਤਿਹਾਸ ਦੀ ਵੀ ਹੈ? ਅਖੀਰ ਅੱਜ ਈਰਾਨ ਆਪਣੇ ਆਪ ਨੂੰ ਇਕੱਲਾ ਪਾ ਰਿਹਾ ਹੈ ਅਤੇ ਵੱਡੇ ਮੁਸਲਿਮ ਦੇਸ਼ ਉਸ ਨੂੰ ਸਾਥ ਦੇਣ ਤੋਂ ਕਤਰਾ ਰਹੇ ਹਨ?

ਵਰਚਸਵ ਦੀ ਲੜਾਈ: ਈਰਾਨ ਬਨਾਮ ਸਾਊਦੀ ਅਰਬ

ਮੁਸਲਿਮ ਦੁਨੀਆਂ ਦੇ ਦੋ ਵੱਡੇ ਧਰੁਵ ਹਨ— ਈਰਾਨ (ਸ਼ੀਆ ਬਹੁਲਤਾ) ਅਤੇ ਸਾਊਦੀ ਅਰਬ (ਸੁੰਨੀ ਬਹੁਲਤਾ)। ਇਹ ਸਿਰਫ਼ ਧਰਮ ਦੀ ਨਹੀਂ, ਸਗੋਂ ਸੱਤਾ, ਤੇਲ ਸੰਸਾਧਨਾਂ ਅਤੇ ਸੁਰੱਖਿਆ ਉੱਤੇ ਨਿਯੰਤਰਣ ਦੀ ਵੀ ਜੰਗ ਹੈ। ਦੋਵੇਂ ਹੀ ਦੇਸ਼ ਆਪਣੇ ਆਪ ਨੂੰ 'ਇਸਲਾਮਿਕ ਵਰਲਡ' ਦਾ ਲੀਡਰ ਸਾਬਤ ਕਰਨਾ ਚਾਹੁੰਦੇ ਹਨ।

ਇਤਿਹਾਸ ਦੇ ਪੰਨੇ: ਕੀ ਹੈ ਸ਼ੀਆ-ਸੁੰਨੀ ਵਿਵਾਦ?

ਇਸ ਵੰਡ ਦੀਆਂ ਜੜ੍ਹਾਂ 680 ਈਸਵੀ ਵਿੱਚ ਹੋਈ ਕਰਬਲਾ ਦੀ ਜੰਗ ਨਾਲ ਜੁੜੀਆਂ ਹਨ।

- ਪੈਗੰਬਰ ਮੁਹੰਮਦ ਦੇ ਵਾਰਸ ਨੂੰ ਲੈ ਕੇ ਸ਼ੁਰੂ ਹੋਇਆ ਵਿਵਾਦ ਕਰਬਲਾ ਦੇ ਮੈਦਾਨ ਵਿੱਚ ਉਦੋਂ ਗਹਿਰਾ ਹੋ ਗਿਆ ਜਦੋਂ ਹਜ਼ਰਤ ਅਲੀ ਦੇ ਬੇਟੇ ਹੁਸੈਨ ਅਤੇ ਉਨ੍ਹਾਂ ਦੇ 72 ਸਾਥੀਆਂ ਦੀ ਸ਼ਹਾਦਤ ਹੋਈ।
- ਇੱਥੋਂ ਹੀ ਵਿਚਾਰਕ ਅਤੇ ਰਾਜਨੀਤਿਕ ਦੂਰੀਆਂ ਵਧਦੀਆਂ ਗਈਆਂ, ਜੋ ਅੱਜ ਆਧੁਨਿਕ ਦੇਸ਼ਾਂ ਵਿਚਕਾਰ 'ਪਾਵਰ ਸਟ੍ਰਗਲ' ਦਾ ਰੂਪ ਲੈ ਚੁੱਕੀਆਂ ਹਨ।

ਪ੍ਰਾਕਸੀ ਵਾਰ ਅਤੇ ਗੁੱਟਬਾਜ਼ੀ

ਅੱਜ ਇਹ ਵਿਵਾਦ ਸਿੱਧੇ ਯੁੱਧ ਤੋਂ ਵੱਧ 'ਪ੍ਰਾਕਸੀ ਵਾਰ' (ਪ੍ਰਾਕਸੀ ਵਾਰ) ਦੇ ਰੂਪ ਵਿੱਚ ਵਿਖਾਈ ਦਿੰਦਾ ਹੈ:

- ਈਰਾਨ ਦਾ ਪੱਖ: ਹੂਥੀਆਂ (ਯਮਨ), ਹਿਜ਼ਬੁੱਲਾ (ਲੇਬਨਾਨ) ਅਤੇ ਹਮਾਸ (ਫਲਸਤੀਨ) ਨੂੰ ਸਮਰਥਨ।
- ਸਾਊਦੀ-ਯੂਏਈ ਦਾ ਪੱਖ: ਈਰਾਨ ਸਮਰਥਿਤ ਗੁੱਟਾਂ ਵਿਰੁੱਧ ਫੌਜੀ ਕਾਰਵਾਈ ਅਤੇ ਸੁੰਨੀ ਵਿਦਰੋਹੀਆਂ ਨੂੰ ਸਮਰਥਨ।

ਨਿਸ਼ਕਰਸ਼: ਜਦੋਂ ਵੀ ਕੋਈ ਇੱਕ ਦੇਸ਼ ਤਾਕਤਵਰ ਹੋਣ ਲੱਗਦਾ ਹੈ, ਦੂਜਾ 'ਪਾਵਰ ਬੈਲੰਸ' ਕਰਨ ਲਈ ਮੈਦਾਨ ਵਿੱਚ ਉੱਤਰ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਮੁਸਲਿਮ ਜਗਤ ਇੱਕਜੁੱਟ ਹੋਣ ਦੀ ਬਜਾਏ ਗੁੱਟਾਂ ਵਿੱਚ ਵੰਡਿਆ ਨਜ਼ਰ ਆਉਂਦਾ ਹੈ।

ਤੁਹਾਡੀ ਇਸ ਬਾਰੇ ਕੀ ਰਾਏ ਹੈ? ਕੀ ਮੁਸਲਿਮ ਦੇਸ਼ਾਂ ਦੀ ਇਹ ਆਪਸੀ ਖਿੱਚਤਾਣ ਮਿਡਲ ਈਸਟ ਨੂੰ ਕਦੇ ਸ਼ਾਂਤ ਹੋਣ ਦੇਵੇਗੀ?

ਮੇਰੀ ਰਾਏ ਵਿੱਚ, ਇਹ ਆਪਸੀ ਵਿਵਾਦ ਅਤੇ ਗੁੱਟਬਾਜ਼ੀ ਮੱਧ ਪੂਰਬ ਨੂੰ ਲੰਬੇ ਸਮੇਂ ਤੱਕ ਅਸਥਿਰ ਰੱਖੇਗੀ, ਪਰ ਸ਼ਾਂਤੀ ਦੀ ਉਮੀਦ ਹੈ ਜੇਕਰ ਅੰਤਰਰਾਸ਼ਟਰੀ ਵਿਚੋਲਗੀ, ਆਰਥਿਕ ਸਹਿਯੋਗ ਅਤੇ ਧਾਰਮਿਕ ਸਹਿਣਸ਼ੀਲਤਾ ਵਧਾਈ ਜਾਵੇ। ਇਤਿਹਾਸ ਵਿੱਚ ਅਜਿਹੇ ਵਿਵਾਦਾਂ ਨੂੰ ਹੱਲ ਕਰਨ ਲਈ ਸੰਵਾਦ ਅਤੇ ਸਾਂਝੇ ਹਿੱਤਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਪਰ ਇਸ ਲਈ ਸਾਰੇ ਪੱਖਾਂ ਨੂੰ ਆਪਣੇ ਵਰਚਸਵ ਵਾਲੇ ਨਜ਼ਰੀਏ ਨੂੰ ਛੱਡਣਾ ਪਵੇਗਾ। ਆਖਰੀ ਤੌਰ ਤੇ, ਸ਼ਾਂਤੀ ਸੰਭਵ ਹੈ ਪਰ ਇਹ ਆਸਾਨ ਨਹੀਂ ਹੋਵੇਗੀ।

# (ਫ਼ੁਰਸਤ ਮਿਲੇ ਤੇ)

ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ
ਮੇਰੀਆਂ ਅੱਖਾਂ ਨੂੰ ਪੜ੍ਹ ਕੇ ਵੇਖੀਂ
ਤੈਨੂੰ ਹੰਝੂ ਤੈਰਦੇ ਮਿਲਣਗੇ
ਹੰਝੂਆਂ ਨੂੰ ਧਿਆਨ ਨਾਲ ਦੇਖੀਂ
ਉਸ ਵਿੱਚ ਤੇਰਾ ਹੀ ਅਕਸ ਹੋਏਗਾ
ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ
ਮੇਰੇ ਮਨ ਨੂੰ ਪੜ੍ਹ ਕੇ ਵੇਖੀਂ
ਉਦਾਸੀ ਦੀਆਂ ਅਨੇਕ ਪਰਤਾਂ
ਹੇਠ ਦਬੇ ਮੇਰੇ ਮਨ ਮੰਦਿਰ ਵਿਚ
ਤੂੰ ਹੀ ਤੂੰ ਰਮਿਆ ਹੋਇਆਂ ਹੈਂ
ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ

ਮੇਰੀ ਮੁਹੱਬਤ ਨੂੰ ਪੜ੍ਹ ਕੇ ਵੇਖੀਂ
ਤੂੰ ਕਿਹਾ ਮੈਂ ਤੈਨੂੰ ਮੁਹੱਬਤ ਕਰਦਾ ਹਾਂ
ਮੈਂ ਝੱਲੀ ਨੇ ਉਸ ਦਿਨ ਤੋਂ ਤੈਨੂੰ
ਆਪਣਾ ਰੱਬ ਸਮਝ ਲਿਆ

ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ
ਮੇਰੇ ਅੰਦਰ ਨੂੰ ਪੜ੍ਹ ਕੇ ਵੇਖੀਂ
ਮੈਂ ਆਪਣੇ ਧੁਰ ਅੰਦਰ
ਤੇਰੀ ਹੀ ਸੁਗੰਧੀ ਨੂੰ
ਹਰ ਪੱਲ ਮਹਿਸੂਸ ਕਰਦੀ ਹਾਂ
ਮੇਰੇ ਅੰਦਰ ਹੁਣ ਤੇਰਾ ਵਾਸ ਹੈ
ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ

ਮੇਰੀਆਂ ਨਜ਼ਮਾਂ ਨੂੰ ਪੜ੍ਹ ਕੇ ਵੇਖੀਂ
ਮੇਰੀ ਹਰ ਨਜ਼ਮ ਵਿਚ ਤੂੰ ਹੀ ਤੂੰ ਹੈਂ
ਮੇਰੀਆਂ ਨਜ਼ਮਾਂ ਵਿਚਲੇ ਸ਼ਬਦਾਂ ਨੂੰ
ਪੜ੍ਹ ਕੇ ਵੇਖੀਂ, ਸ਼ਬਦਾਂ ਦੇ ਅਹਿਸਾਸਾਂ
ਵਿਚ ਤੂੰ ਹੀ ਤੂੰ ਹੈਂ ਹੁਣ

ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ
ਮੇਰੇ ਮੁੰਦੇ ਹੋਏ ਨੈਣਾਂ ਨੂੰ
ਕਦੀ ਪੜ੍ਹ ਕੇ ਵੇਖੀਂ
ਮੇਰੀਆਂ ਦੁਆਵਾਂ ਵਿਚ
ਤੂੰ ਹੀ ਤੂੰ ਹੈਂ ਤੇ ਮੈਂ ਸਦਾ ਲਈ
ਤੈਨੂੰ ਆਪਣੀਆਂ ਦੁਆਵਾਂ ਵਿਚ
ਸਜਾ ਲਿਆ ਹੈ ।

ਫ਼ੁਰਸਤ ਮਿਲੇ ਤੇ
ਪੜ੍ਹ ਕੇ ਵੇਖੀਂ ਮੈਨੂੰ ਤੂੰ ।

(ਰਮਿੰਦਰ ਰੰਮੀ)

# ਚੋਣ ਨਿਸ਼ਾਨ

ਰੋਮ ਰੋਮ ਫ਼ਰੇਬ ਫ਼ਰੇਬ
ਖ਼ੁਦਗ਼ਰਜ਼ੀ ਚੋਣ ਨਿਸ਼ਾਨ ਹੈ ਕ
ਜਿਸ ਬੰਦੇ ਹੱਥ ਖ਼ਲਕਤ ਸੌਂਪੀ
ਪੁੱਛਿਆ ਜੇ, ਇਨਸਾਨ ਹੈ?
ਕੌਣ ਮਸੀਹਾ ਆਏਗਾ ਹੁਣ?
ਚੋਣਾਂ ਵਿੱਚ ਜੋ ਜਿੱਤ ਗਿਆ
ਉਸ ਦਿਲ ਦੇ ਵਿੱਚ ਕੂੜ੍ਹ, ਕੁਫ਼ਰ
ਮੁੱਠੀ ਵਿੱਚ ਜਹਾਨ ਹੈ
ਜਿਸ ਦੀ ਉਂਗਲੀ ਫੜ ਕੇ ਤੁਰਿਆ
ਸ਼ਹਿਰ ਨਿਆਣਾ ਕੀ ਜਾਣੇ !
ਬੋਲ ਉਹਦੇ ਤਸਬੀ ਦੇ ਮਣਕੇ
ਦਿਲ ਓਹਦਾ ਸ਼ੈਤਾਨ ਹੈ
ਉਂਗਲੀ ਫੜ ਕੇ ਤੁਰਿਆ ਜਾਵੇ
ਮੋੜ ਲਿਆਵੋ ਸ਼ਹਿਰ ਨਿਆਣਾ !
ਗੁੰਮਸ਼ੁਦਾ ਫਿਰ ਮਿਲਦੇ ਨਾ
ਤੇ, ਛੋਟੀ ਜਹੀ ਤੇ ਜਾਨ ਹੈ
ਏਸ ਧਰਮ ਨੂੰ ਓਸ ਧਰਮ ਨਾ
ਏਸ ਤਰ੍ਹਾਂ ਲੜਵਾਓ ਫੇਰ !
ਮੁੜਕੇ ਨਾ ਫਿਰ ਜਾਵੇ ਇਹ ਜੋ
ਭੁੱਖੇ ਢਿੱਡ ਵੱਲ ਧਿਆਨ ਹੈ !
ਬੁਰਕੀ ਬੁਰਕੀ ਖਾ ਲਈ ਸਾਰੀ
ਏਸ ਸ਼ਹਿਰ ਦੀ ਸ਼ਾਮ ਸਵੇਰ
ਜਾਣੀ-ਜਾਣ ਵੀ ਬੈਠਾ ਸੋਚੇ
ਸ਼ਹਿਰ ਬੜਾ ਅਣਜਾਣ ਹੈ।
ਸਰਦਲਾਂ / 78,

ਬਿਕਰਮ ਸੋਹੀ

# ਬਾਸੜੀਏ ਦੇ ਚੂਹੇ



ਸਾਡੇ ਘਰ ਮੇਰੀ ਸੁਰਤ ਤੋਂ ਪਹਿਲਾਂ ਈ ਕਿਸੇ ਤਰਾਂ ਦਾ ਕਰਮ-ਕਾਂਡ, ਮੜ੍ਹੀਆਂ-ਮਸਾਣੀਆਂ ਨੂੰ ਮੱਥਾ ਆਦਿ ਕੁਝ ਨ੍ਹੀਂ ਸੀ ਕੀਤਾ ਜਾਂਦਾ। ਗੁਰਦੁਆਰੇ ਤੋਂ ਇਲਾਵਾ ਹੋਰ ਕਿਤੇ ਵੀ ਮੱਥਾ ਨ੍ਹੀਂ ਸੀ ਟੇਕਿਆ ਜਾਂਦਾ।

ਆਓ ਪਹਿਲਾਂ ਬਾਸੜੀਏ ਦਾ ਪੋਸਟ ਮਾਰਟਮ ਕਰ ਲਈਏ। ਜਿੱਥੋਂ ਤੱਕ ਮੈਂ ਅੰਦਾਜਾ ਲਗਾਇਆ, ਬਾਸੜੀਏ ਦਾ ਮਤਲਬ ਬਾਸੀ ਪਕਵਾਨਾਂ ਤੋਂ ਹੈ। ਕਿਉਂਕਿ ਜੋ ਵੀ ਮੱਠੀਆਂ ਗੁਲਗੁਲੇ ਆਦਿ ਬਣਾਏ ਜਾਂਦੇ ਸੀ, ਓਹ ਇੱਕ ਦਿਨ ਪਹਿਲਾਂ ਬਣਾਏ ਜਾਂਦੇ ਸੀ। ਜਿਵੇਂ ਬਾਸੜੀਆ ਅੱਜ ਹੈ, ਪਰ ਇਸ ਲਈ ਜੋ ਕੁਝ ਬਣਾਇਆ ਗਿਆ, ਓਹ ਕੱਲ੍ਹ ਆਥਣੇ ਬਣਾਇਆ ਗਿਆ ਹੈ। ਆਹੀ ਦਿਨਾਂ ਵਿੱਚ ਬਾਸੜੀਆ ਆਉਂਦਾ ਹੈ। ਜਿੱਥੋਂ ਤੱਕ ਇਸਦਾ ਕਾਰਨ ਲਗਦਾ, ਓਹ ਇਹ ਲਗਦਾ ਕਿ ਸਰਦੀ ਤੋਂ ਬਾਅਦ ਗਰਮੀਆਂ ਪੈਣ ਲੱਗ ਜਾਂਦੀਆਂ ਨੇ। ਓਦੋਂ ਫਰਿਜ਼ ਵਗੈਰਾ ਤਾਂ ਹੁੰਦੇ ਨ੍ਹੀਂ ਸੀ, ਇਸ ਲਈ ਬਾਸੀ ਭੋਜਨ ਦਾ ਗਰਮੀ 'ਚ ਬਚਣਾ ਮੁਸ਼ਕਿਲ ਸੀ। ਹੋ ਸਕਦਾ ਬਾਸੜੀਏ ਦਾ ਮੱਥਾ ਟੇਕ ਕੇ, ਲੋਕ ਬਾਸੀ ਭੋਜਨ ਰੱਖਣੋਂ ਹਟ ਜਾਂਦੇ ਹੋਣ।

ਘਰ ਇਹੋ ਜਿਹਾ ਕੁਝ ਨਾ ਬਣਨ ਕਰਕੇ, ਮੈਂ ਇੱਕ ਦਿਨ ਪਹਿਲਾਂ ਮਾਮੀ ਜੀ ਰੋਸ਼ਨੀ ਕੋਲ਼ ਚਲਿਆ ਜਾਂਦਾ। ਦੋ ਕੁ ਸਾਲ ਤਾਂ ਰਾਤ ਦੇ ਬਣਾਏ ਬਾਸੀ ਗੁਲਗੁਲੇ, ਸਵੇਰੇ ਚਾਹ ਨਾਲ਼ ਖਾਣ ਨੂੰ ਮਿਲੇ। ਆਥਣੇ ਤਾਂ ਬਸ ਖੁਸ਼ਬੋਆਂ ਲੈ-ਲੈ ਤਰਸੀ ਜਾਂਦੇ। ਫੇਰ ਮੈਂ ਤੇ ਮਾਮਾ ਜੀ ਦੇ ਛੋਟੇ ਮੁੰਡੇ ਜਸਵੀਰ ਨੇ ਸਲਾਹ ਕੀਤੀ। ਅੱਖ ਬਚਾ ਕੇ, ਲਾ ਤਾ ਗੁਲਗੁਲਿਆਂ ਨੂੰ ਪਾੜ। ਚੋਰੀ ਕਰਕੇ, ਗਰਮਾ-ਗਰਮ ਰਾਤ ਨੂੰ ਈ ਲਪੇਟਤੇ। ਕਿੰਨੀ ਕੁ ਦੇਰ ਚਲਦੀ ਚੋਰੀ ਭਲਾਂ।

ਆਖਰ ਇੱਕ ਵਾਰ "ਚੂਹੇ" ਆ ਈ ਗਏ ਅੜਿੱਕੇ। ਫੇਰ ਮਾਮੀ ਜੀ ਨੇ ਹੱਲ ਕੱਢ ਲਿਆ। ਦੂਸਰੇ ਦਿਨ ਸਵੇਰ ਲਈ ਮੱਥਾ ਟੇਕਣ ਜੋਗੇ ਰੱਖ, ਆਥਣੇ ਸਾਨੂੰ ਗਰਮ-ਗਰਮ ਖੁਆ ਦੇਣੇ।

-ਜਸਵਿੰਦਰ ਪੰਜਾਬੀ ਸਾਧੂ ਸੁਭਾਅ ਗੱਭਰੂ

# ਅਮਰੀਕਾ ਨੇ ਹੁਣ ਚੀਨ ਅਤੇ ਜਾਪਾਨ ਵਰਗੇ ਦੇਸ਼ਾਂ ਤੋਂ ਮਦਦ ਮੰਗੀ...!




ਹਾਲੀਆ ਘਟਨਾਵਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਕੱਲ੍ਹ ਤੱਕ ਈਰਾਨ ਨੂੰ ਹਫ਼ਤਿਆਂ ਵਿੱਚ ਘੁੱਟਣਿਆਂ 'ਤੇ ਲਿਆਉਣ ਦਾ ਦਾਅਵਾ ਕਰਨ ਵਾਲੇ ਅਮਰੀਕਾ ਨੇ ਹੁਣ ਚੀਨ ਅਤੇ ਜਾਪਾਨ ਵਰਗੇ ਦੇਸ਼ਾਂ ਤੋਂ ਮਦਦ ਮੰਗ ਲਈ ਹੈ। ਆਖਿਰ ਐਸਾ ਕੀ ਹੋਇਆ ਕਿ ਮਹਾਂਸ਼ਕਤੀ ਨੂੰ ਆਪਣੇ ਵਿਰੋਧੀਆਂ ਤੋਂ ਸਹਾਇਤਾ ਮੰਗਣੀ ਪੈ ਰਹੀ ਹੈ?

ਆਓ ਸਮਝੀਏ ਇਸ ਪੂਰੇ ਸੰਕਟ ਦੇ ਪਿੱਛੇ ਦੇ *5 ਮੁੱਖ ਕਾਰਨ*:

1. *ਹੋਰਮੁਜ਼ ਸਟ੍ਰੇਟ: ਵਿਸ਼ਵ ਅਰਥਵਿਵਸਥਾ ਦੀ 'ਨਸ'*

ਈਰਾਨ ਨੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤੇ 'Strait of Hormuz' 'ਤੇ ਪਾਬੰਦੀ ਲਗਾ ਦਿੱਤੀ ਹੈ।

- *ਮਹੱਤਵ*: ਦੁਨੀਆ ਦਾ ਲਗਭਗ 20-30% ਕੱਚਾ ਤੇਲ ਇਸੇ ਰਸਤੇ ਤੋਂ ਲੰਘਦਾ ਹੈ।
- *ਖ਼ਤਰਾ*: ਈਰਾਨ ਨੇ ਇੱਥੇ 'ਸੀ-ਮਾਈਨਾਂ' (ਸਮੁੰਦਰੀ ਬਾਰੂਦ) ਬਿਛਾ ਦਿੱਤੀਆਂ ਹਨ। ਅਮਰੀਕੀ ਨੇਵੀ ਲਈ ਇਨ੍ਹਾਂ ਨੂੰ ਹਟਾਉਣਾ ਬਹੁਤ ਮਹਿੰਗਾ ਅਤੇ ਜੋਖਮ ਭਰਿਆ ਹੈ। ਇਹ ਮਾਈਨਾਂ ਹਫ਼ਤਿਆਂ ਜਾਂ ਮਹੀਨਿਆਂ ਤੱਕ ਰਸਤਾ ਬੰਦ ਰੱਖ ਸਕਦੀਆਂ ਹਨ।

2. *ਕੱਚੇ ਤੇਲ ਦੀਆਂ ਕੀਮਤਾਂ ਵਿੱਚ ਅੱਗ*

ਜੰਗ ਅਤੇ ਸਪਲਾਈ ਰੁਕਣ ਕਾਰਨ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ 40% ਤੱਕ ਵਧ ਗਈਆਂ ਹਨ (ਕੁਝ ਰਿਪੋਰਟਾਂ ਅਨੁਸਾਰ ਬ੍ਰੈਂਟ ਕਰੂਡ $100-106 ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ)। ਇਸ ਨਾਲ ਨਾ ਸਿਰਫ਼ ਏਸ਼ੀਆਈ ਦੇਸ਼ਾਂ ਵਿੱਚ ਹਾਹਾਕਾਰ ਮਚ ਗਿਆ ਹੈ, ਸਗੋਂ ਅਮਰੀਕਾ 'ਤੇ ਆਪਣੇ ਸਹਿਯੋਗੀਆਂ ਦਾ ਦਬਾਅ ਵਧ ਰਿਹਾ ਹੈ। ਅਮਰੀਕਾ ਵਿੱਚ ਵੀ ਗੈਸੋਲੀਨ ਦੀਆਂ ਕੀਮਤਾਂ ਵਿੱਚ ਵੱਡਾ ਵਾਧਾ ਹੋਇਆ ਹੈ।

3. **ਈਰਾਨ ਦਾ ਘਾਤਕ ਪਲਟਵਾਰ**

ਟਰੰਪ ਪ੍ਰਸ਼ਾਸਨ ਨੂੰ ਲੱਗ ਰਿਹਾ ਸੀ ਕਿ ਸ਼ੁਰੂਆਤੀ ਹਮਲਿਆਂ ਤੋਂ ਬਾਅਦ ਈਰਾਨ ਸਮਝੌਤਾ ਕਰ ਲਵੇਗਾ। ਪਰ ਇਸ ਦੇ ਉਲਟ:

- ਈਰਾਨ ਨੇ 13 ਦੇਸ਼ਾਂ ਵਿੱਚ ਮੌਜੂਦ ਅਮਰੀਕੀ ਠਿਕਾਣਿਆਂ, ਰਡਾਰ ਅਤੇ ਡਿਫੈਂਸ ਸਿਸਟਮਾਂ ਨੂੰ ਨਿਸ਼ਾਨਾ ਬਣਾਇਆ ਹੈ।
- ਦਾਅਵਿਆਂ ਦੇ ਉਲਟ, ਈਰਾਨ ਕੋਲ ਅਜੇ ਵੀ ਬਹੁਤ ਸਾਰਾ ਸੰਵਰਧਿਤ ਯੂਰੇਨੀਅਮ ਹੈ ਅਤੇ ਉਹ ਜੰਗ ਵਿੱਚ ਮਜ਼ਬੂਤੀ ਨਾਲ ਖੜ੍ਹਾ ਹੈ।

4. *ਸੱਤਾ ਬਦਲਣ ਦੀ ਰਣਨੀਤੀ ਫੇਲ੍ਹ*

ਅਮਰੀਕਾ ਦੀ ਯੋਜਨਾ ਸੀ ਕਿ ਹਮਲਿਆਂ ਤੋਂ ਬਾਅਦ ਈਰਾਨੀ ਜਨਤਾ ਸੜਕਾਂ 'ਤੇ ਉਤਰੇਗੀ ਅਤੇ ਸੱਤਾ ਦਾ ਤਖ਼ਤਾਪਲਟ ਹੋ ਜਾਵੇਗਾ। ਪਰ ਹੋਇਆ ਇਸ ਦਾ ਉਲਟ—ਜਨਤਾ ਸੱਤਾ ਦੇ ਸਮਰਥਨ ਵਿੱਚ ਖੜ੍ਹੀ ਹੋ ਗਈ ਹੈ ਅਤੇ ਰਾਜਨੀਤਿਕ ਤਬਦੀਲੀਆਂ ਨੇ ਈਰਾਨ ਨੂੰ ਹੋਰ ਮਜ਼ਬੂਤ ਕੀਤਾ ਹੈ।

5. *ਟਰੰਪ ਦਾ 'ਐਸਕੇਪ ਰੂਟ'*

ਵਿਸ਼ੇਸ਼ਗਿਆਂ ਅਨੁਸਾਰ ਟਰੰਪ ਹੁਣ ਚੀਨ ਅਤੇ ਜਾਪਾਨ ਨੂੰ ਇਸ ਜੰਗ ਵਿੱਚ ਇਸ ਲਈ ਖਿੱਚਣਾ ਚਾਹੁੰਦੇ ਹਨ ਤਾਂ ਜੋ:

- ਇਹ ਸਿਰਫ਼ ਅਮਰੀਕਾ ਬਨਾਮ ਈਰਾਨ ਦੀ ਜੰਗ ਨਾ ਲੱਗੇ, ਸਗੋਂ ਇੱਕ ਵਿਸ਼ਵ ਗਠਜੋੜ ਬਣ ਜਾਵੇ।
- ਚੀਨ ਅਤੇ ਜਾਪਾਨ ਦੀ ਅਰਥਵਿਵਸਥਾ ਤੇਲ 'ਤੇ ਨਿਰਭਰ ਹੈ (ਚੀਨ ਨੂੰ ਲਗਭਗ 90% ਤੇਲ ਇਸ ਰਸਤੇ ਤੋਂ ਮਿਲਦਾ ਹੈ), ਇਸ ਲਈ ਉਹ ਹੋਰਮੁਜ਼ ਖੋਲ੍ਹਣ ਲਈ ਆਪਣੀ ਸੈਨਾ ਜਾਂ ਸਰੋਤ ਭੇਜਣ। ਪਰ ਅਜੇ ਤੱਕ ਚੀਨ, ਜਾਪਾਨ ਅਤੇ ਹੋਰ ਸਹਿਯੋਗੀ ਇਸ ਵਿੱਚ ਸ਼ਾਮਲ ਹੋਣ ਤੋਂ ਬਚ ਰਹੇ ਹਨ ਅਤੇ ਜਵਾਬ ਮਿਲਾ ਰਿਹਾ ਹੈ।

*ਨਤੀਜਾ:*

ਅਮਰੀਕਾ ਭਾਵੇਂ ਮਿਲਟਰੀ ਮਾਮਲੇ ਵਿੱਚ ਈਰਾਨ ਤੋਂ ਮੀਲਾਂ ਅੱਗੇ ਹੈ, ਪਰ "ਆਰਥਿਕ ਜੰਗ" ਅਤੇ "ਹੋਰਮੁਜ਼ ਦੀ ਘੇਰਾਬੰਦੀ" ਨੇ ਉਸ ਨੂੰ ਬੈਕਫੁੱਟ 'ਤੇ ਲਾ ਦਿੱਤਾ ਹੈ। ਜੰਗ ਤੀਜੇ ਹਫ਼ਤੇ ਵਿੱਚ ਦਾਖਲ ਹੋ ਚੁੱਕੀ ਹੈ ਅਤੇ ਤੇਲ ਦੀਆਂ ਕੀਮਤਾਂ ਵੱਧਦੀਆਂ ਜਾ ਰਹੀਆਂ ਹਨ। ਅਮਰੀਕਾ ਬਿਨਾਂ ਵੱਡੇ ਨੁਕਸਾਨ ਤੋਂ ਇਸ ਜੰਗ ਤੋਂ ਬਾਹਰ ਨਿਕਲ ਸਕੇਗਾ ਜਾਂ ਨਹੀਂ, ਇਹ ਵੇਖਣ ਵਾਲੀ ਗੱਲ ਹੈ।

# ਚੇਤਰ: ਕੁਦਰਤ ਦੇ ਨਵੇਂ ਅਧਿਆਇ ਦੀ ਸ਼ੁਰੂਆਤ

ਸਮੇਂ ਦੇ ਅਟੱਲ ਚੱਕਰ ਵਿੱਚ ਕੁਝ ਮਹੀਨੇ ਐਸੇ ਹੁੰਦੇ ਹਨ ਜੋ ਸਿਰਫ਼ ਕੈਲੰਡਰ ਦੀ ਤਬਦੀਲੀ ਨਹੀਂ ਹੁੰਦੇ, ਸਗੋਂ ਜੀਵਨ ਦੇ ਨਵੇਂ ਰੰਗਾਂ ਦਾ ਸੰਦੇਸ਼ ਵੀ ਲਿਆਉਂਦੇ ਹਨ। ਚੇਤਰ ਦਾ ਮਹੀਨਾ ਵੀ ਅਜਿਹਾ ਹੀ ਇੱਕ ਸੁਹਾਵਾ ਪੜਾਅ ਹੈ, ਜਿਥੇ ਕੁਦਰਤ ਸਰਦੀਆਂ ਦੀ ਠੰਡੀ ਖ਼ਾਮੋਸ਼ੀ ਤੋਂ ਨਿਕਲ ਕੇ ਨਵੇਂ ਜੀਵਨ ਦੀ ਰੌਣਕ ਨਾਲ ਭਰ ਉਠਦੀ ਹੈ। ਇਸ ਤਰ੍ਹਾਂ ਦੇਸੀ ਵਰ੍ਹੇ ਦੀ ਪਹਿਲੀ ਪੌੜੀ ਚੇਤਰ ਦੀ ਸੰਗਰਾਂਦ ਤੋਂ ਸ਼ੁਰੂ ਹੁੰਦੀ ਹੈ। ਕਿਉਂਕਿ ਦੇਸੀ ਕਲੰਡਰ ਅਨੁਸਾਰ ਹਰ ਮਹੀਨੇ ਦੇ ਪਹਿਲੇ ਦਿਨ ਨੂੰ ਸੰਗਰਾਦ ਦੇ ਤੌਰ ਤੇ ਮਨਾਇਆ ਜਾਂਦਾ ਹੈ,ਜਿਵੇਂ ਹੀ ਇਹ ਮਹੀਨਾ ਆਉਂਦਾ ਹੈ, ਸੁੱਕੀਆਂ ਲੱਗਦੀਆਂ ਟਾਹਣੀਆਂ 'ਤੇ ਨਵੀਆਂ ਕਰੂੰਬਲਾਂ ਜੰਮਣ ਲੱਗਦੀਆਂ ਹਨ। ਬਾਗਾਂ ਵਿੱਚ ਫੁੱਲ ਆਪਣੀ ਮਹਿਕ ਦਾ ਰਾਗ ਛੇੜ ਦਿੰਦੇ ਹਨ ਅਤੇ ਹਵਾ ਵਿੱਚ ਇਕ ਨਵੀਂ ਤਰੋਤਾਜ਼ਗੀ ਘੁਲ ਜਾਂਦੀ ਹੈ। ਲੱਗਦਾ ਹੈ ਜਿਵੇਂ ਧਰਤੀ ਨੇ ਆਪਣੇ ਥਕੇ ਹੋਏ ਚਿਹਰੇ 'ਤੇ ਮੁੜ ਮੁਸਕਰਾਹਟ ਪਾ ਲਈ ਹੋਵੇ।

ਦੇਸੀ ਕੈਲੰਡਰ ਬਾਰਾਂ ਮਹੀਨਿਆਂ ਦਾ ਸੁੰਦਰ ਤਾਣਾਬਾਣਾ ਹੈ—

ਚੇਤਰ, ਵਿਸਾਖ, ਜੇਠ, ਹਾੜ੍ਹ, ਸਾਵਣ, ਭਾਦੋਂ, ਅੱਸੂ, ਕੱਤਕ,



ਮੱਘਰ, ਪੋਹ, ਮਾਘ ਅਤੇ ਫੱਗਣ।

ਇਸ ਲੜੀ ਵਿੱਚ ਚੇਤਰ ਨੂੰ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ, ਜੋ ਨਵੇਂ ਸਾਲ ਦੀ ਆਹਟ ਲਿਆਉਂਦਾ ਹੈ। ਨਾਨਕਸ਼ਾਹੀ ਕੈਲੰਡਰ ਅਨੁਸਾਰ ਵੀ ਇਹ ਸਾਲ ਦੀ ਸ਼ੁਰੂਆਤ ਦਾ ਸੰਕੇਤਕ ਹੈ ਅਤੇ ਆਮ ਤੌਰ 'ਤੇ ਅੰਗਰੇਜ਼ੀ ਕੈਲੰਡਰ ਮੁਤਾਬਕ 14 ਮਾਰਚ ਤੋਂ ਆਰੰਭ ਹੁੰਦਾ ਹੈ। ਨਾਨਕਸ਼ਾਹੀ ਸੰਮਤ 551ਵੇਂ ਨਵੇ ਸਾਲ ਦੀ ਸ਼ੁਰੂਆਤ ਹੈ ।

ਚੇਤਰ ਦਾ ਸਮਾਂ ਸਿਰਫ਼ ਕੁਦਰਤ ਦੀ ਰੌਣਕ ਹੀ ਨਹੀਂ ਵਧਾਉਂਦਾ, ਸਗੋਂ ਮਿੱਟੀ ਨਾਲ ਜੁੜੇ ਮਨੁੱਖ ਦੇ ਜੀਵਨ ਨੂੰ ਵੀ ਨਵੀਂ ਉਮੀਦਾਂ ਨਾਲ ਭਰ ਦਿੰਦਾ ਹੈ। ਇਸ ਮਹੀਨੇ ਅੰਬਾਂ ਨੂੰ ਬੂਰ ਪੈਂਦਾ ਹੈ ਅਤੇ ਖੇਤਾਂ ਵਿੱਚ ਕਣਕ ਦੀਆਂ ਬੱਲੀਆਂ ਦੂਧ ਨਾਲ ਭਰਨ ਲੱਗਦੀਆਂ ਹਨ। ਕਿਸਾਨ ਲਈ ਇਹ ਦ੍ਰਿਸ਼ ਮਿਹਨਤ ਦੇ ਸੁਹਣੇ ਫਲ ਦੀ ਪਹਿਲੀ ਝਲਕ ਹੁੰਦਾ ਹੈ। ਖੇਤਾਂ ਵਿੱਚ ਹੌਲੀ ਹਵਾ ਨਾਲ ਝੂਮਦੀਆਂ ਬੱਲੀਆਂ ਮਾਨੋ ਮਿਹਨਤ ਦੀ ਕਹਾਣੀ ਗੁੰਗੁਣਾ ਰਹੀਆਂ ਹੁੰਦੀਆਂ ਹਨ। ਗੁਰਬਾਣੀ ਵਿੱਚ ਵੀ ਚੇਤਰ ਦੇ ਮਹੀਨੇ ਨੂੰ ਵਿਸ਼ੇਸ਼ ਆਧਿਆਤਮਿਕ ਅਰਥਾਂ ਨਾਲ ਜੋੜਿਆ ਗਿਆ ਹੈ। ਬਾਰਹਮਾਹਾ ਵਿੱਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ—

"ਚੇਤੁ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥"

ਇਹ ਬਾਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਜਿਵੇਂ ਚੇਤਰ ਵਿੱਚ ਕੁਦਰਤ ਨਵੇਂ ਰੰਗਾਂ ਨਾਲ ਖਿੜਦੀ ਹੈ, ਤਿਵੇਂ ਹੀ ਪਰਮਾਤਮਾ ਦੀ ਅਰਾਧਨਾ ਮਨੁੱਖ ਦੇ ਮਨ ਨੂੰ ਵੀ ਅਨੰਦ ਅਤੇ ਪ੍ਰਕਾਸ਼ ਨਾਲ ਭਰ ਦਿੰਦੀ ਹੈ।

ਸੱਭਿਆਚਾਰਕ ਪੱਖੋਂ ਵੀ ਇਹ ਮਹੀਨਾ ਪੰਜਾਬ ਦੀ ਜੀਵੰਤ ਰੂਹ ਨੂੰ ਦਰਸਾਉਂਦਾ ਹੈ। ਚੇਤਰ ਦੇ ਆਰੰਭਿਕ ਦਿਨਾਂ ਵਿੱਚ ਹੋਲਾ ਮਹੱਲਾ ਮਨਾਇਆ ਜਾਂਦਾ ਹੈ, ਜੋ ਖਾਲਸਾ ਪੰਥ ਦੀ ਵੀਰਤਾ, ਅਨੁਸ਼ਾਸਨ ਅਤੇ ਆਤਮਕ ਜੋਸ਼ ਦਾ ਪ੍ਰਤੀਕ ਹੈ। ਇਸੇ ਨਾਲ ਪੰਜਾਬੀ ਪਰੰਪਰਾ ਵਿੱਚ ਨਵੇਂ ਸਾਲ ਦੀ ਖੁਸ਼ੀ ਵੀ ਇਸ ਮਹੀਨੇ ਨਾਲ ਹੀ ਜੁੜੀ ਹੋਈ ਹੈ।

ਅਸਲ ਵਿੱਚ ਚੇਤਰ ਸਿਰਫ਼ ਸਮੇਂ ਦੀ ਇੱਕ ਗਿਣਤੀ ਨਹੀਂ, ਸਗੋਂ ਜੀਵਨ ਦੇ ਨਵੇਂ ਅਧਿਆਇ ਦੀ ਸ਼ੁਰੂਆਤ ਹੈ। ਜਿਵੇਂ ਧਰਤੀ 'ਤੇ ਨਵੀਂ ਹਰਿਆਵਲੀ ਛਾ ਜਾਂਦੀ ਹੈ, ਤਿਵੇਂ ਹੀ ਮਨੁੱਖ ਦੇ ਮਨ ਵਿੱਚ ਵੀ ਨਵੀਆਂ ਉਮੀਦਾਂ ਅਤੇ ਸੁਪਨਿਆਂ ਦੇ ਬੀਜ ਅੰਕੁਰਿਤ ਹੋਣ ਲੱਗਦੇ ਹਨ। ਇਹ ਮਹੀਨਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਸੁੱਕੇ ਮੌਸਮ ਤੋਂ ਬਾਅਦ ਨਵੀਂ ਬਹਾਰ ਜ਼ਰੂਰ ਆਉਂਦੀ ਹੈ।

ਡਾਕਟਰ ਮੋਹਨ ਬੇਗੋਵਾਲ






ਪੰਜਾਬ ਸਟਾਰ
www.punjabstar.com

# ਇਕ ਅਜਨਬੀ ਦੀ ਕਹਾਣੀ
## ਟੈਕਸੀ ਡਰਾਇਵਰ ਦੀ ਜ਼ੁਬਾਨੀ

–ਗੁਰਮੀਤ ਸਿੰਘ

ਕੁੱਝ ਸਾਲ ਪਹਿਲਾਂ ਮੈਂ ਲੁਧਿਆਣੇ ਓਲਾ ਟੈਕਸੀ ਚਲਾਉਂਦਾ ਸੀ। ਜ਼ਿਆਦਾਤਰ ਮੈਂ ਰਾਤ ਦੀ ਡਿਊਟੀ ਕਰਦਾ ਸੀ। ਇਕ ਦਿਨ ਰਾਤ ਦੇ 9:00 ਵਜੇ ਇਕ ਬਜੁਰਗ ਸਰਦਾਰ ਜੀ ਮੇਰੀ ਗੱਡੀ ਵਿਚ ਬੈਠੇ। ਉਨ੍ਹਾਂ ਨੇ ਸਫ਼ੈਦ ਕੁੜਤਾ ਪਜਾਮਾਂ ਅਤੇ ਸਫ਼ੈਦ ਪਗੜੀ ਪਹਿਨੀ ਹੋਈ ਸੀ। ਦਾਹੜੀ ਵੀ ਦੁੱਧ ਵਰਗੀ ਸਫ਼ੈਦ ਸੀ। ਅੱਖਾਂ ਵਿਚ ਥਕਾਨ ਪਰ ਅਵਾਜ਼ ਬੁਲੰਦ ਸੀ। ਗੱਡੀ ਵਿਚ ਬੈਠਦੇ ਸਾਰ ਹੀ ਬੋਲੇ: 'ਅੱਜ ਦੀ ਰਾਤ ਮੈਨੂੰ ਪੰਜ ਥਾਵਾਂ ਤੇ ਲੈ ਚੱਲ ਅਤੇ ਮੈਂ ਤੈਨੂੰ 5000/– ਰੁਪਏ ਨਗਦ ਦੇਵਾਂਗਾ। ਪਰੰਤੂ ਅੰਤ ਤੱਕ ਕੋਈ ਸਵਾਲ ਜਾਂ ਕਾਰਨ ਨਾ ਪੁੱਛੀਂ।' ਇਹ ਕਹਿਕੇ ਉਨ੍ਹਾਂ ਨੇ ਮੈਨੂੰ ਇਕ ਕਾਗਜ਼ ਫੜਾ ਦਿਤਾ। ਉਸ ਕਾਗਜ਼ ਤੇ ਪੰਜ ਐਡਰੈਸ ਲਿਖੇ ਹੋਏ ਸਨ।




ਪਹਿਲਾ ਪਤਾ:– ਲੁਧਿਆਣੇ ਦੀ ਪੱਖੋਵਾਲ ਸੜਕ ਤੇ ਇਕ ਪੁਰਾਣਾ ਘਰ। ਮੈਂ ਘੱਰ ਅਗੇ ਗੱਡੀ ਰੋਕ ਦਿਤੀ। ਉਹ ਗੱਡੀ ਵਿਚੋਂ ਉਤਰੇ ਨਹੀਂ, ਸਿਰਫ਼ ਖਿੜਕੀ ਦਾ ਸ਼ੀਸ਼ਾ ਥੱਲੇ ਕਰਕੇ 10 ਮਿੰਟ ਤੱਕ ਮਕਾਨ ਵੱਲ ਦੇਖਦੇ ਰਹੇ ਅਤੇ ਧਾਹਾਂ ਮਾਰ ਕੇ ਰੋਣ ਲੱਗ ਪਏ। ਜੇਬ੍ਹ ਵਿੱਚੋਂ ਰੁਮਾਲ ਕੱਢਿਆ ਅੱਖਾਂ ਸਾਫ ਕੀਤੀਆਂ ਅਤੇ ਕਿਹਾ 'ਚਲੋਂ ਅਗਲੇ ਪਤੇ ਪਰ'।

ਦੂਜਾ ਪਤਾ:– ਇਕ ਸਰਕਾਰੀ ਸਕੂਲ ਦਾ ਵੱਡਾ ਸਾਰਾ ਗੇਟ। ਅੰਦਰ ਖੁਲ੍ਹਾ ਖੇਡ ਮੈਦਾਨ। ਉਹ ਗੱਡੀ ਵਿਚੋਂ ਉਤਰੇ, ਹੋਲੀ ਹੋਲੀ ਮੈਦਾਨ ਵਿਚ ਗਏ ਅਤੇ ਇਕ ਬੈਂਚ ਉਪਰ ਬੈਠ ਗਏ। 20 ਮਿੰਟ ਬਾਅਦ ਵਾਪਿਸ ਆਏ ਅਤੇ ਬੋਲੇ 'ਇਸੇ ਸਕੂਲ ਵਿਚ ਪੜ੍ਹਾਉਂਦਾ ਸੀ–ਪੂਰੇ 35 ਸਾਲ। ਜਿੰਦਗੀ ਦਾ ਸਭ ਤੋਂ ਵਧੀਆ ਸਮਾਂ ਇਥੇ ਹੀ ਗੁਜਰਿਆ। ਇਹ ਮੇਰੀ ਕਰਮ ਭੂਮੀ ਸੀ।'

ਤੀਸਰਾ ਪਤਾ:– ਸਰਾਭਾ ਨਗਰ ਦਾ ਇਕ ਕਾਫੀ ਹਾਊਸ। ਉਨ੍ਹਾਂ ਨੇ ਅੰਦਰ ਜਾ ਕੇ ਇਕ ਕਪ ਚਾਹ ਬੁਲਾਈ। ਇਕ ਕੋਨੇ ਵਿਚ ਰੱਖੇ ਮੇਜ ਤੇ ਇਕਲੇ ਬੈਠੇ ਰਹੇ, ਚਾਹ ਦੇ ਕੱਪ ਨੂੰ ਛੁਹਿਆ ਤੱਕ ਨਹੀਂ, ਬਸ ਚਾਰੇ ਤਰਫ਼ ਦੇਖਦੇ ਰਹੇ। 15 ਮਿੰਟ ਬਾਅਦ ਵਾਪਿਸ ਆਏ ਅਤੇ ਥੋੜ੍ਹਾ ਜਿਹਾ ਮੁਸਕਰਾ ਕੇ ਬੋਲੇ– 'ਇਥੇ ਹੀ ਮਿਲੀ ਸੀ ਮੈਨੂੰ ਮੇਰੀ ਮੋਨਾਲੀਸਾ।' 1969 ਵਿਚ ਪਹਿਲੀ ਵਾਰ।

ਚੋਥਾ ਪਤਾ:– ਡੁਗਰੀ ਰੋਡ ਦਾ ਸ਼ਮਸ਼ਾਨਘਾਟ। ਉਹ ਗੱਡੀ ਵਿਚੋਂ ਉਤਰੇ ਅਤੇ ਇਕ ਚਿਤਾ ਸਟੈਂਡ ਕੋਲ ਜਾ ਕੇ ਖਲੋ ਗਏ। ਕੁੜਤੇ ਦੀ ਜੇਬ ਵਿਚੋਂ ਇਕ ਡੱਬੀ ਕੱਢੀ ਅਤੇ ਹੱਥ ਵਿਚ ਫੜਕੇ ਕੁਝ ਬੋਲਦੇ ਰਹੇ। ਮੈਂ ਸੁਣ ਨਹੀਂ ਸਕਿਆ। ਅੱਧੇ ਘੰਟੇ ਬਾਅਦ ਵਾਪਿਸ ਆਏ। ਰੋ ਰੋ ਕੇ ਅੱਖਾਂ ਲਾਲ ਹੋ ਗਈਆਂ ਸਨ। ਆ ਕੇ ਬੋਲੇ 'ਮੋਨਾਲੀਸਾ ਨੂੰ ਗਿਆਂ ਅੱਜ 4 ਸਾਲ ਹੋ ਗਏ। ਉਸਨੂੰ ਬ੍ਰੇਨ ਕੈਂਸਰ ਸੀ।'

ਪੰਜਵਾਂ ਪਤਾ:– ਇਕ ਬੜਾ ਹਸਪਤਾਲ। ਮੈਨੂੰ ਗੱਡੀ ਪਾਰਕ ਕਰਨ ਲਈ ਕਿਹਾ। ਫਿਰ ਮੇਰੀ ਤਰਫ਼ ਦੇਖਿਆ, ਕਹਿਣ ਲਗੇ 'ਹੁਣ ਕਾਰਨ ਦਸਦਾ ਹਾਂ। ਮੈਨੂੰ ਵੀ ਚੌਥੀ ਸਟੇਜ ਦਾ ਕੈਂਸਰ ਹੈ। ਡਾਕਟਰ ਨੇ ਕਿਹਾ ਹੈ ਮੇਰੀ ਜ਼ਿੰਦਗੀ ਕੁਝ ਹਫ਼ਤੇ–ਸ਼ਾਇਦ ਕੁਝ ਦਿਨ ਹੀ ਬਾਕੀ ਹੈ। ਅੱਜ ਮੈਂ ਆਪਣੀ ਪੂਰੀ ਜਿੰਦਗੀ ਆਖਰੀ ਵਾਰ ਦੁਬਾਰਾ ਦੇਖਣਾ ਚਾਹੁੰਦਾ ਸੀ। ਦੋ ਦਿਨਾਂ ਤੋਂ ਮੈਂ ਇਸੇ ਹਸਪਤਾਲ ਵਿਚ ਭਰਤੀ ਹਾਂ। ਉਨ੍ਹਾਂ ਨੇ ਕਿਹਾ:

ਉਹ ਘਰ ਜਿਥੇ ਬੱਚਿਆਂ ਨੂੰ ਵੱਡਾ ਕੀਤਾ।
ਉਹ ਸਕੂਲ ਜਿਥੇ ਜ਼ਿੰਦਗੀ ਦਾ ਸੁਨਹਿਰੀ ਸਮਾਂ ਬੀਤਿਆ।
ਉਹ ਕਾਫੀ ਹਾਊਸ ਜਿਥੇ ਮੈਨੂੰ ਪਿਆਰ ਹੋਇਆ।
ਉਹ ਸ਼ਮਸ਼ਾਨਘਾਟ ਜਿਥੇ ਮੋਨਾਲੀਸਾ ਨੂੰ ਆਖਰੀ ਵਾਰ ਅਲਵਿਦਾ ਕਹੀ।
ਅਤੇ ਇਹ ਹਸਪਤਾਲ ਜਿਥੇ ਮੈਂ ਭਰਤੀ ਹਾਂ।
ਹੁਣ ਘਰ ਵਾਪਸੀ ਨਹੀਂ ਹੋਵੇਗੀ ਇਥੋਂ ਸਿਧੇ ਸ਼ਮਸ਼ਾਨਘਾਟ ਆਪਣੀ ਮੋਨਾਲੀਸਾ ਦੇ ਕੋਲ ਜਾਵਾਂਗਾ।'

ਉਨ੍ਹਾਂ ਨੇ ਮੇਰੇ ਹੱਥ ਤੇ 5000/– ਰੁਪਏ ਰੱਖ ਦਿਤੇ ਤੇ ਕਿਹਾ 'ਧੰਨਵਾਦ ਤੂੰ ਮੈਨੂੰ ਮੇਰੀ ਜ਼ਿੰਦਗੀ ਦੁਬਾਰਾ ਦਿਖਾ ਦਿੱਤੀ। ਤੂੰ ਮੇਰਾ ਆਖ਼ਰੀ ਅਜਨਬੀ ਇਨਸਾਨ ਹੈਂ ਜਿਸਨੇ ਮੇਰੇ ਨਾਲ ਕੋਮਲਤਾ ਨਾਲ ਵਰਤਾਓ ਕੀਤਾ ਹੈ।' ਮੈਂ ਕਿਹਾ ਨਹੀਂ ਸਰਦਾਰ ਜੀ ਮੈਂ ਇਹ ਰੁਪਏ ਨਹੀਂ ਲੈ ਸਕਦਾ। ਉਹ ਬੋਲੇ 'ਇਹ ਰੁਪਏ ਤਾਂ ਤੈਨੂੰ ਲੈਣੇ ਹੀ ਪੈਣਗੇ। ਤੈਨੂੰ ਛੱਡਕੇ ਹੋਰ ਕਿਸਨੂੰ ਦੇਵਾਂਗਾ। ਬੱਚੇ ਬਹੁਤ ਦੂਰ ਹਨ। ਬੇਟੀ ਅਮਰੀਕਾ ਰਹਿੰਦੀ ਹੈ ਅਤੇ ਬੇਟਾ ਆਸਟ੍ਰੇਲੀਆ ਰਹਿੰਦਾ ਹੈ। ਆਪਣੀ ਮਾਂ ਦੀ ਅੰਤਿਮ ਅਰਦਾਸ ਤੇ ਆਏ ਸਨ। ਮੈਨੂੰ ਨਾਲ ਲੈ ਕੇ ਜਾਣਾ ਚਾਹੁੰਦੇ ਸਨ ਪਰ ਮੈਂ ਮੈਡੀਕਲੀ ਫਿੱਟ ਨਹੀਂ ਸੀ। ਇਸ ਲਈ ਉਸ ਮਕਾਨ ਵਿਚ ਇਕੱਲੇ ਹੀ ਬਾਕੀ ਦੀ ਜ਼ਿੰਦਗੀ ਗੁਜਾਰਨੀ ਪਈ। ਮਿੱਤਰ ਦੋਸਤ ਵੀ ਕੋਈ ਨਹੀਂ ਬੱਚਿਆ। ਇਕ ਇਕ ਕਰਕੇ ਸਭ ਵਿਦਾ ਹੋ ਗਏ। ਤੂੰ ਮੈਨੂੰ ਤਿੰਨ ਘੰਟੇ ਦਿਤੇ–ਤਿੰਨ ਘੰਟੇ ਦੀ ਇਨਸਾਨੀਅਤ। ਉਸ ਦੀ ਕੀਮਤ ਇਨ੍ਹਾਂ ਪੈਸਿਆਂ ਤੋਂ ਕਿਤੇ ਜਿਆਦਾ ਹੈ।' ਉਨ੍ਹਾਂ ਨੇ ਜਬਰਦਸਤੀ ਰੁਪਏ ਮੇਰੀ ਜੇਬ੍ਹ ਵਿਚ ਪਾ ਦਿਤੇ ਅਤੇ ਹਸਪਤਾਲ ਦੇ ਦੂਜੇ ਫਲੋਰ ਤੇ ਕਮਰਾ ਨੰਬਰ 216 ਵਿਚ ਚਲੇ ਗਏ।

ਅਗਲੇ ਦਿਨ ਮੈਂ ਫੁੱਲਾਂ ਦਾ ਗੁਲਦਸਤਾ ਲੈ ਕੇ ਹਸਪਤਾਲ ਗਿਆ। ਮੈਨੂੰ ਦੇਖ ਕੇ ਮੁਸਕੁਰਾਏ ਅਤੇ ਕਿਹਾ 'ਤੂੰ ਆ ਗਿਆ।' ਮੈਂ ਕਿਹਾ ਮੈਂ ਘਰ ਜਾ ਕੇ ਤੁਹਾਡੇ ਬਾਰੇ ਸੋਚਦਾ ਰਿਹਾ ਕਿ ਆਦਮੀ ਇੰਨੀ ਵੱਡੀ ਦੁਨੀਆਂ ਵਿਚ, ਲੋਕਾਂ ਦੀ ਇੰਨੀ ਵੱਡੀ ਭੀੜ ਵਿਚ ਕਿੰਨਾ ਅਕੇਲਾ ਹੈ। ਇਸ ਲਈ ਆਪ ਜੀ ਨੂੰ ਮਿਲਣ ਲਈ ਆ ਗਿਆ। ਉਨ੍ਹਾਂ ਨਾਲ 2 ਘੰਟੇ ਗੱਲਾਂ ਹੋਈਆਂ। ਮੋਨਾਲੀਸਾ ਦੀਆਂ, ਉਨ੍ਹਾਂ ਦੇ ਵਿਿਦਆਰਥੀਆਂ ਦੀਆਂ ਅਤੇ ਉਨ੍ਹਾਂ ਦੇ ਪਰਵਾਸੀ ਬੱਚਿਆਂ ਦੀਆਂ। ਮੈਂ ਹਰ ਰੋਜ਼ ਹਸਪਤਾਲ ਜਾਣ ਲਗ ਪਿਆ। ਉਨ੍ਹਾਂ ਲਈ ਚਾਹ ਲੈ ਕੇ ਜਾਂਦਾ, ਅਖ਼ਬਾਰ ਪੜ੍ਹਕੇ ਸੁਣਾਉਂਦਾ, ਕਦੇ ਕਦੇ ਚੁਪ ਚਾਪ ਬੈਠਾ ਰਹਿੰਦਾ। ਇਕ ਦਿਨ ਬੋਲੇ:

'ਸੋਚਦਾ ਸੀ ਮੈਂ ਅਕੇਲਾ ਮਰਾਂਗਾ ਪਰ ਤੂੰ ਮੇਰੀ ਜ਼ਿੰਦਗੀ ਵਿਚ ਆ ਗਿਆ, ਆਖ਼ਰੀ ਸਮੇਂ ਇਕ ਅਜਨਬੀ ਨਾਲ ਜੁੜ ਕੇ ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਇਕ ਪਰਿਵਾਰ ਬਣ ਗਿਆ ਹੈ। ਤੈਨੂੰ ਮੇਰੀਆਂ ਅਸੀਸਾਂ ਅਤੇ ਅਸ਼ੀਰਵਾਦ।' ਮੈਂ ਉਨ੍ਹਾਂ ਦਾ ਹੱਥ ਫੜਕੇ ਆਪਣੇ ਹੱਥਾਂ ਵਿਚ ਘੁਟਿਆ ਅਤੇ ਕਿਹਾ ਤੁਸੀਂ ਇਕੱਲੇ ਨਹੀਂ ਹੋ, ਮੈਂ ਹਾਂ ਨਾ।

ਬੁੱਧਵਾਰ ਸਵੇਰੇ 03:15 ਵਜੇ ਅੰਮ੍ਰਿਤ ਵੇਲੇ ਉਹ ਪ੍ਰਲੋਕ ਸਿਧਾਰ ਗਏ। ਮੈਂ ਉਨ੍ਹਾਂ ਦਾ ਹੱਥ ਫੜ ਕੇ ਬੈਠਾ ਰਿਹਾ। ਉਨ੍ਹਾਂ ਦੇ ਆਖ਼ਰੀ ਸ਼ਬਦ ਸਨ: "ਸਾਰੇ ਲੋਕਾਂ ਨੂੰ ਕਹਿਣਾ ਅਜਨਬੀਆਂ ਨੂੰ ਪਿਆਰ ਅਤੇ ਹਮਦਰਦੀ ਭਰੀਆਂ ਨਜ਼ਰਾਂ ਨਾਲ ਦੇਖਿਆ ਕਰਨ। ਅਸੀਂ ਸਭ ਕਿਤੇ ਨਾ ਕਿਤੇ ਜਾ ਰਹੇ ਹੁੰਦੇ ਹਾਂ। ਕੋਈ ਤੇਜ਼ ਕੋਈ ਹੋਲੀ। ਰਾਹ ਵਿਚ ਜਾਂਦੇ ਹੋਏ ਸਭ ਪਰ ਦਇਆ ਕਰਨਾ ਜਿਸ ਤਰ੍ਹਾਂ ਤੂੰ ਮੇਰੇ ਤੇ ਕੀਤੀ ਹੈ। ਮੇਰੇ ਆਖ਼ਰੀ ਦਿਨਾਂ ਨੂੰ ਤੂੰ ਜੀਣ ਲਾਇਕ ਬਣਾ ਦਿੱਤਾ। ਹਾਂ ਸੱਚ ਇਕ ਜਰੂਰੀ ਗੱਲ ਮੈਂ ਤੈਨੂੰ ਦੱਸਣੀ ਭੁੱਲ ਗਿਆ ਹਾਂ ਮੇਰੀ ਜੇਬ੍ਹ ਵਿਚ ਇਹ ਜੋ ਚਾਂਦੀ ਦੀ ਡੱਬੀ ਹੈ ਉਸ ਵਿਚ ਮੇਰੀ ਪਤਨੀ ਦੀ ਮੁੱਠੀ ਭਰ ਰਾਖ ਹੈ। ਇਹ ਰਾਖ ਨਹੀਂ, ਇਹ ਮਿੱਟੀ ਨਹੀਂ ਇਸ ਵਿਚ ਮੇਰੀਆਂ ਯਾਦਾਂ ਹਨ। ਉਹ ਮੇਰਾ ਬਗੀਚਾ, ਮੇਰੀ ਫੁਲਵਾੜੀ, ਮੇਰੇ ਬੱਚਿਆਂ ਦੀ ਮਾਂ, ਮੇਰੀ ਜ਼ਿੰਦਗੀ ਦੀ ਮਹਿਕ, ਮੇਰਾ ਪਿਆਰ ਇਸ ਡੱਬੀ ਵਿਚ ਹੈ। ਇਸ ਡੱਬੀ ਦੇ ਸਹਾਰੇ ਮੈਂ ਜ਼ਿੰਦਗੀ ਦੇ ਆਖ਼ਰੀ ਚਾਰ ਸਾਲ ਜੀਅ ਲਏ ਹਨ। ਮੇਰੀ ਮੌਤ ਤੋਂ ਬਾਅਦ ਇਸ ਡੱਬੀ ਨੂੰ ਮੇਰੀ ਜਲਦੀ ਹੋਈ ਚਿਤਾ ਵਿਚ ਸੁੱਟ ਦੇਣਾ ਤਾਂ ਕਿ ਮੈਂ ਅਤੇ ਮੇਰੀ ਮੋਨਾਲੀਸਾ ਅਸੀਂ ਫਿਰ ਤੋਂ ਇਕ ਹੋ ਸਕੀਏ।" ਉਨ੍ਹਾਂ ਨੇ ਡੱਬੀ ਜੇਬ੍ਹ ਵਿਚੋਂ ਕਢਕੇ ਕੇ ਮੈਨੂੰ ਫੜਾ ਦਿਤੀ। ਮੈਂ ਜਦੋਂ ਮੋਨੀਟਰ ਤੇ ਨਜ਼ਰ ਦੌੜਾਈ ਤਾਂ ਮੋਨੀਟਰ ਦੀ ਸਕਰੀਨ ਤੇ ਸਿੱਧੀ ਰੇਖਾ ਬਣ ਗਈ ਅਤੇ ਸਮਾਂ ਸੀ 03 ਵਜਕੇ 15 ਮਿੰਟ।

ਸ਼ਮਸ਼ਾਨਘਾਟ ਵਿਚ ਉਨ੍ਹਾਂ ਦੇ ਦਾਹ–ਸੰਸਕਾਰ ਵੇਲੇ ਕੁੱਲ 6 ਲੋਕ ਸਨ: ਮੈਂ, ਤਿੰਨ ਨਰਸਾਂ, ਇਕ ਵਕੀਲ ਅਤੇ ਇਕ ਪੂਰਬ ਵਿਦਿਆਥੀ।

35 ਸਾਲ ਦੀ ਮਾਸਟਰ ਦੀ ਨੌਕਰੀ
52 ਸਾਲ ਦਾ ਗ੍ਰਹਿਸਤੀ ਜੀਵਨ
80 ਸਾਲ ਦੀ ਜ਼ਿੰਦਗੀ
ਆਖ਼ਰੀ ਸਮੇਂ 6 ਲੋਕ
ਕੀ ਇਹੀ ਹੈ ਜ਼ਿੰਦਗੀ?

ਬਜੁਰਗ ਸਰਦਾਰ ਜੀ ਨੇ ਮੈਨੂੰ ਸਿਖਾਇਆ: ਹਰੇਕ ਅਜਨਬੀ ਕਿਸੇ ਦਾ ਪੂਰਾ ਸੰਸਾਰ ਹੁੰਦਾ ਹੈ। ਹਰ ਯਾਤਰੀ ਇਕ ਕਹਾਣੀ ਹੈ। ਹਰ ਇਕ ਇਨਸਾਨ ਜੀਅ ਰਿਹਾ ਹੈ, ਮਰ ਰਿਹਾ ਹੈ, ਇੰਤਜਾਰ ਕਰ ਰਿਹਾ ਹੈ– ਕੋਈ ਤਾਂ ਉਸਨੂੰ ਦੇਖੇ। ਉਨ੍ਹਾਂ ਨੇ ਮੈਨੂੰ 5000/– ਰੁਪਏ ਦਿਤੇ ਸਨ ਜੀਵਨ ਦੀ ਸੜਕ ਤੇ ਗੱਡੀ ਚਲਾਉਣ ਲਈ। ਪਰੰਤੂ ਜੋ ਸਿੱਖਿਆ ਉਨ੍ਹਾਂ ਨੇ ਮੈਨੂੰ ਦਿਤੀ ਉਸਦੀ ਕੀਮਤ ਇਨ੍ਹਾਂ ਪੈਸਿਆਂ ਤੋਂ ਕਿਤੇ ਜਿਆਦਾ ਹੈ। ਮਾਨਵਤਾ ਕੋਈ ਅਤਿਰਕਤ ਚੀਜ਼ ਨਹੀਂ ਹੁੰਦੀ। ਇਥੇ ਹੀ ਸਭ ਕੁਝ ਹੈ। ਅੱਜ ਤੱਕ ਉਹ 5000/– ਰੁਪਏ ਮੈਂ ਸੰਭਾਲ ਕੇ ਰੱਖੇ ਹਨ ਖਰਚ ਨਹੀਂ ਕੀਤੇ ਕਿਉਂਕਿ ਇਕ ਪਵਿਤਰ ਆਤਮਾ ਨੇ ਉਹ ਰੁਪਏ ਮੈਨੂੰ ਦਿੱਤੇ ਸਨ। ਮੈਂ ਸਮਝ ਗਿਆ ਹਾਂ ਕਿ ਸ਼ਾਇਦ ਹਰੇਕ ਯਾਤਰੀ ਆਪਣੀ ਆਖ਼ਰੀ ਯਾਤਰਾ ਪਰ ਹੋਵੇ, ਹਰੇਕ ਅਜਨਬੀ ਸ਼ਾਇਦ ਆਖ਼ਰੀ ਵਿਦਾਈ ਦੇ ਰਿਹਾ ਹੋਵੇ। ਇਸ ਲਈ ਹੁਣ ਮੈਂ ਅਲੱਗ ਤਰੀਕੇ ਨਾਲ ਗੱਡੀ ਚਲਾਉਂਦਾ ਹਾਂ। ਮੈਂ ਪੁੱਛਦਾ ਹਾਂ, ਸੁਣਦਾ ਹਾਂ ਅਤੇ ਲੋਕਾਂ ਦੇ ਚਿਹਰੇ ਦੇਖਦਾ ਹਾਂ, ਕਿਉਂਕਿ ਇਕ ਬਜੁਰਗ ਟੀਚਰ ਨੇ ਇਕ ਕੋਮਲ ਰਾਤ ਮੰਗੀ ਸੀ ਅਤੇ ਇਕ ਅਜਨਬੀ ਡਰਾਇਵਰ ਰੁੱਕ ਗਿਆ ਸੀ।


# ਫਿਲਮ 'ਸੱਤੇ ਪੇ ਸੱਤਾ' ਦੀ ਅਦਾਕਾਰਾ ਮਧੂ ਮਲਹੋਤਰਾ ਦਾ 71 ਸਾਲ ਦੀ ਉਮਰ 'ਚ ਦਿਹਾਂਤ



ਦਿੱਗਜ ਅਦਾਕਾਰਾ ਮਧੂ ਮਲਹੋਤਰਾ, ਜਿਨ੍ਹਾਂ ਨੂੰ 'ਸੱਤੇ ਪੇ ਸੱਤਾ' ਅਤੇ 'ਕਰਜ਼' ਵਰਗੀਆਂ ਫਿਲਮਾਂ ਵਿੱਚ ਉਨ੍ਹਾਂ ਦੇ ਕੰਮ ਲਈ ਜਾਣਿਆ ਜਾਂਦਾ ਸੀ, ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪੁੱਤਰ ਮੰਨੂ ਨੇ ਦੱਸਿਆ ਕਿ 71 ਸਾਲਾ ਮਧੂ ਮਲਹੋਤਰਾ ਨੇ ਸ਼ੁੱਕਰਵਾਰ (13 ਮਾਰਚ) ਨੂੰ ਦੁਪਹਿਰ 12:30 ਵਜੇ ਅੰਧੇਰੀ ਦੇ ਹੋਲੀ ਸਪਿਰਿਟ ਹਸਪਤਾਲ ਵਿੱਚ ਆਖਰੀ ਸਾਹ ਲਏ।

ਉਹ ਦਿਲ ਦੀਆਂ ਬਿਮਾਰੀਆਂ ਅਤੇ ਬਲਾਕੇਜ ਤੋਂ ਪੀੜਤ ਸਨ। ਮਧੂ ਮਲਹੋਤਰਾ 1970 ਤੋਂ 1990 ਦੇ ਦਹਾਕੇ ਤੱਕ ਕਈ ਮਸ਼ਹੂਰ ਫਿਲਮਾਂ ਜਿਵੇਂ 'ਕਾਲਾ ਪੱਥਰ', 'ਵਿਧਾਤਾ', 'ਸੰਬੰਧ' ਅਤੇ 'ਗੁਲਾਮ' ਵਿੱਚ ਨਜ਼ਰ ਆਏ ਸਨ। ਉਨ੍ਹਾਂ ਨੂੰ ਸੁਭਾਸ਼ ਘਈ ਦੀ ਫਿਲਮ 'ਹੀਰੋ' ਦੇ ਮਸ਼ਹੂਰ ਗੀਤ 'ਲੰਬੀ ਜੁਦਾਈ' ਵਿੱਚ ਆਪਣੀ ਅਦਾਕਾਰੀ ਲਈ ਵੀ ਕਾਫੀ ਪ੍ਰਸਿੱਧੀ ਮਿਲੀ ਸੀ। ਉਨ੍ਹਾਂ ਦੇ ਪੁੱਤਰ ਨੇ ਉਨ੍ਹਾਂ ਨੂੰ ਇੱਕ ਖੁਸ਼ਮਿਜ਼ਾਜ ਅਤੇ ਪਰਿਵਾਰ ਨੂੰ ਸਮਰਪਿਤ ਇਨਸਾਨ ਵਜੋਂ ਯਾਦ ਕੀਤਾ। ਮਧੂ ਮਲਹੋਤਰਾ ਆਪਣੇ ਪਿੱਛੇ ਤਿੰਨ ਬੱਚੇ (ਦੋ ਬੇਟੀਆਂ ਅਤੇ ਇੱਕ ਬੇਟਾ) ਛੱਡ ਗਏ ਹਨ। ਉਨ੍ਹਾਂ ਦੀਆਂ ਅੰਤਿਮ ਰਸਮਾਂ ਓਸ਼ੀਵਾਰਾ ਸ਼ਮਸ਼ਾਨਘਾਟ ਵਿਖੇ ਨਿਭਾਈਆਂ ਗਈਆਂ।

# ਕਰਨ ਔਜਲਾ ਦੇ ਗੀਤਾਂ 'ਤੇ ਝੂਮਿਆ ਚੰਡੀਗੜ੍ਹ; 30 ਹਜ਼ਾਰ ਤੋਂ ਵੱਧ ਪ੍ਰਸ਼ੰਸਕਾਂ ਨੇ ਭਰੀ ਹਾਜ਼ਰੀ



ਪੰਜਾਬੀ ਗਾਇਕੀ ਦੇ ਸਿਤਾਰੇ ਕਰਨ ਔਜਲਾ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਸਟੇਡੀਅਮ ਵਿੱਚ ਆਪਣੇ 'ਪੀ–ਪੌਪ ਕਲਚਰ' ਇੰਡੀਆ ਟੂਰ ਦੌਰਾਨ ਇੱਕ ਯਾਦਗਾਰੀ ਪੇਸ਼ਕਾਰੀ ਦਿੱਤੀ। ਪ੍ਰਬੰਧਕਾਂ ਮੁਤਾਬਕ ਇਹ ਸ਼ਹਿਰ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਪੰਜਾਬੀ ਲਾਈਵ ਕੰਸਰਟ ਸੀ, ਜਿਸ ਵਿੱਚ 30,000 ਤੋਂ ਵੱਧ ਦਰਸ਼ਕਾਂ ਦਾ ਹੜ੍ਹ ਉਮੜ ਆਇਆ। ਲਗਭਗ ਢਾਈ ਘੰਟੇ ਚੱਲੇ ਇਸ ਪ੍ਰੋਗਰਾਮ ਦੌਰਾਨ ਔਜਲਾ ਨੇ ਪੰਜਾਬੀ ਪੌਪ ਅਤੇ ਹਿਪ–ਹੌਪ ਦਾ ਅਜਿਹਾ ਰੰਗ ਬੰਨ੍ਹਿਆ ਕਿ ਪੂਰਾ ਸਟੇਡੀਅਮ ਗੀਤਾਂ ਦੀਆਂ ਸੁਰਾਂ ਨਾਲ ਗੂੰਜ ਉੱਠਿਆ। ਸਟੇਜ ਦੇ ਹੇਠੋਂ ਲਿਫਟ ਰਾਹੀਂ ਨਿਕਲ ਕੇ ਦਿੱਤੀ ਨਾਟਕੀ ਐਂਟਰੀ ਨੇ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ। ਇਸ ਮੌਕੇ ਕਰਨ ਔਜਲਾ ਨੇ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਕਿਸੇ ਵੇਲੇ ਚੰਡੀਗੜ੍ਹ ਉਨ੍ਹਾਂ ਲਈ ਬਹੁਤ ਵੱਡਾ ਸ਼ਹਿਰ ਸੀ ਅਤੇ ਅੱਜ ਇਸੇ ਸ਼ਹਿਰ ਦੇ ਖਚਾਖਚ ਭਰੇ ਸਟੇਡੀਅਮ ਵਿੱਚ ਗਾਉਣਾ ਉਨ੍ਹਾਂ ਲਈ ਇੱਕ ਸੁਪਨਾ ਸੱਚ ਹੋਣ ਵਾਂਗ ਹੈ। ਗਾਇਕ ਨੇ ਆਪਣੀ ਗਾਇਕੀ ਦੇ ਨਾਲ–ਨਾਲ ਸਮਾਜਿਕ ਜ਼ਿੰਮੇਵਾਰੀ ਦਾ ਸਬੂਤ ਦਿੰਦਿਆਂ 2025 ਦੇ ਪੰਜਾਬ ਹੜ੍ਹਾਂ ਦੀ ਤਰਾਸਦੀ ਨੂੰ ਵੀ ਯਾਦ ਕੀਤਾ। ਕੰਸਰਟ ਦੌਰਾਨ ਹੜ੍ਹਾਂ ਦੀ ਤਬਾਹੀ ਨੂੰ ਦਰਸਾਉਂਦੀ ਵੀਡੀਓ ਚਲਾਈ ਗਈ ਅਤੇ ਔਜਲਾ ਨੇ ਇੱਕ ਹੜ੍ਹ ਪੀੜਤ ਪਰਿਵਾਰ ਨੂੰ ਸਟੇਜ 'ਤੇ ਲਿਆ ਕੇ ਲੋਕਾਂ ਨੂੰ ਮਦਦ ਜਾਰੀ ਰੱਖਣ ਦੀ ਅਪੀਲ ਕੀਤੀ। ਮਿਊਜ਼ਿਕ ਦੇ ਪੱਖ ਤੋਂ 'ਸੌਫਟਲੀ', 'ਵਿਨਿੰਗ ਸਪੀਚ', '52 ਬਾਰਜ਼' ਅਤੇ 'ਗੈਂਗਸਟਾ' ਵਰਗੇ ਹਿੱਟ ਗੀਤਾਂ ਨੇ ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਹਾਲਾਂਕਿ, ਭਾਰੀ ਭੀੜ ਕਾਰਨ ਟਰੈਫਿਕ ਅਤੇ ਸਫਾਈ ਵਿਵਸਥਾ ਵਿੱਚ ਕੁਝ ਦਿੱਕਤਾਂ ਜ਼ਰੂਰ ਆਈਆਂ, ਪਰ ਕਰਨ ਔਜਲਾ ਦੀ ਖਿੱਚ ਅਤੇ ਸ਼ਾਨਦਾਰ ਪ੍ਰੋਡਕਸ਼ਨ ਨੇ ਇਸ ਸ਼ਾਮ ਨੂੰ ਚੰਡੀਗੜ੍ਹ ਦੇ ਸੰਗੀਤਕ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਕਰ ਦਿੱਤਾ।

# ਪੰਜਾਬੀ ਗਾਇਕ ਗਿੱਪੀ ਗਰੇਵਾਲ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ



ਮੋਹਾਲੀ : ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੂੰ ਧਮਕੀ ਭਰੀ ਕਾਲ ਆਈ ਹੈ। ਕਾਲ ਕਰਨ ਵਾਲੇ ਨੇ ਖੁਦ ਨੂੰ ਗੈਂਗਸਟਰ ਗੋਲਡੀ ਬਰਾੜ ਦੱਸਿਆ ਹੈ ਅਤੇ ਕਿਹਾ ਹੈ ਕਿ ਜੇਕਰ ਮੈਸੇਜ਼ ਨੂੰ ਇਗਨੋਰ ਕੀਤਾ ਤਾਂ ਗੋਲੀਆਂ ਨਹੀਂ ਸੰਭਾਲ ਪਾਵੇਂਗਾ। ਧਮਕੀ ਭਰੀ ਕਾਲ ਦਾ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਆਡੀਓ ਮੁਤਾਬਕ ਕਾਲ ਕਰਨ ਵਾਲਾ ਕਹਿ ਰਿਹਾ ਹੈ ਕਿ ਗਿੱਪੀ ਮੈਂ ਤੈਨੂੰ ਥੋੜ੍ਹੇ ਦਿਨ ਪਹਿਲਾਂ ਵੀ ਮੈਸੇਜ ਭੇਜਿਆ ਸੀ, ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ। ਐਲੇ ਭਾਨੇ ਨੂੰ ਵੀ ਮੈਸੇਜ ਛੱਡਿਆ ਸੀ, ਤੁਹਾਡੇ ਦੋਹਾਂ ਨਾਲ ਕੰਮ ਹੈ ਅਤੇ ਗੱਲ ਕਰਨੀ ਹੈ। ਇਗਨੋਰ ਕੀਤਾ ਤਾਂ ਬਹੁਤ ਬੁਰਾ ਅੰਜਾਮ ਹੋਵੇਗਾ। ਤੂੰ ਫਿਲਮ ਬਣਾ ਰਿਹਾ ਹੈਂ ਅਤੇ ਫਿਰ ਕਿਤੇ ਮੋਹਾਲੀ ਵਿੱਚ ਤੇਰੀ ਹੀ ਫਿਲਮ ਨਾ ਬਣਾਉਣੀ ਪੈ ਜਾਵੇ।

ਇਸ ਸਬੰਧੀ ਮੋਹਾਲੀ ਦੇ ਡੀਐੱਸਪੀ ਸਿਟੀ–2 ਹਰਸਿਮਰਨ ਸਿੰਘ ਬੱਲ ਨੇ ਕਿਹਾ ਹੈ ਕਿ ਅਜੇ ਤੱਕ ਪੁਲਿਸ ਕੋਲ ਕੋਈ ਸ਼ਿਕਾਇਤ ਨਹੀਂ ਪਹੁੰਚੀ ਹੈ ਅਤੇ ਜੇਕਰ ਸ਼ਿਕਾਇਤ ਆਉਂਦੀ ਹੈ ਤਾਂ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈਕਿ ਗਿੱਪੀ ਗਰੇਵਾਲ ਕੈਨੇਡਾ 'ਚ ਵੈਨਕੂਵਰ ਦੇ ਵ੍ਹਾਈਟ ਰਾਕ ਇਲਾਕੇ 'ਚ ਰਹਿੰਦਾ ਹੈ। ਪਿਛਲੇ ਸਾਲ 25 ਨਵੰਬਰ ਨੂੰ ਇਥੇ ਵੀ ਇਨ੍ਹਾਂ ਦੇ ਘਰ 'ਤੇ ਫਾਈਰਿੰਗ ਹੋਈ ਸੀ। ਇਸ ਫਾਈਰਿੰਗ ਦੀ ਜ਼ਿੰਮੇਵਾਰੀ ਲਾਰੈਂਸ ਗੈਂਗ ਵੱਲੋਂ ਲਈ ਗਈ ਅਤੇ ਇਸ ਜ਼ਿੰਮੇਵਾਰੀ ਲਾਰੈਂਸ ਨੇ ਪੋਸਟ ਲਿਖ ਕੇ ਨਾ ਸਿਰਫ਼ ਜ਼ਿੰਮੇਵਾਰੀ ਲਈ ਸੀ, ਬਲਕਿ ਗਿੱਪੀ ਗਰੇਵਾਲ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ।

# Oprah Winfrey ਦਾ ਟਰੋਲਰਾਂ ਨੂੰ ਜਵਾਬ



ਮਸ਼ਹੂਰ ਟੈਲੀਵਿਜ਼ਨ ਹੋਸਟ Oprah Winfrey ਨੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਤੋਰ ਦਾ ਮਜ਼ਾਕ ਉਡਾਉਣ ਵਾਲੇ ਟਰੋਲਰਾਂ ਨੂੰ ਹਾਸੇ–ਹਾਸੇ ਵਿੱਚ ਜਵਾਬ ਦਿੱਤਾ ਹੈ। ਹਾਲ ਹੀ ਵਿੱਚ ਪੈਰਿਸ ਫੈਸ਼ਨ ਵੀਕ ਦੌਰਾਨ ਓਪਰਾ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ ਆਪਣੀ ਕਰੀਬੀ ਦੋਸਤ ਗੇਲ ਕਿੰਗ ਨਾਲ ਬਹੁਤ ਹੌਲੀ–ਹੌਲੀ ਤੁਰਦੀ ਨਜ਼ਰ ਆ ਰਹੀ ਸੀ। ਇੰਟਰਨੈੱਟ ਵਰਤੋਂਕਾਰਾਂ ਨੇ ਇਸ ਦੀ ਤੁਲਨਾ '90 ਸਾਲ ਦੇ ਬਜ਼ੁਰਗਾਂ ਦੀ ਚਾਲ' ਨਾਲ ਕਰਦਿਆਂ ਉਨ੍ਹਾਂ ਨੂੰ ਖ਼ੂਬ ਟ੍ਰੋਲ ਕੀਤਾ ਸੀ। ਹੁਣ 72 ਸਾਲਾ ਓਪਰਾ ਨੇ ਇਸ ਪਿੱਛੇ ਦੀ ਅਸਲ ਵਜ੍ਹਾ ਦੱਸਦਿਆਂ ਟਰੋਲਰਾਂ ਦੀ ਬੋਲਤੀ ਬੰਦ ਕਰ ਦਿੱਤੀ ਹੈ। ਓਪਰਾ ਨੇ ਇੱਕ ਹਾਲੀਆ ਇੰਟਰਵਿਊ ਦੌਰਾਨ ਦੱਸਿਆ ਕਿ ਜਿਸ ਵੇਲੇ ਉਹ ਕਾਰ ਵਿੱਚੋਂ ਉਤਰੀ, ਉਸ ਦੇ ਸਟਾਈਲਿਸਟ ਨੇ ਉਸ ਨੂੰ ਫੈਸ਼ਨੇਬਲ ਧੁੱਪ ਦੀਆਂ ਐਨਕਾਂ ਫੜਾ ਦਿੱਤੀਆਂ ਸਨ। ਓਪਰਾ ਮੁਤਾਬਕ, "ਮੈਂ ਨਜ਼ਰ ਵਾਲੀਆਂ ਐਨਕਾਂ ਜਾਂ ਲੈਂਜ਼ ਲਗਾਉਂਦੀ ਹਾਂ, ਪਰ ਉਹ ਐਨਕਾਂ ਨਜ਼ਰ ਵਾਲੀਆਂ ਨਹੀਂ ਸਨ। ਮੈਨੂੰ ਸਾਹਮਣੇ ਕੁਝ ਵੀ ਸਾਫ਼ ਦਿਖਾਈ ਨਹੀਂ ਦੇ ਰਹੀ ਸੀ, ਜਿਸ ਕਾਰਨ ਮੈਂ ਡਰ ਕੇ ਹੌਲੀ ਕਦਮ ਪੁੱਟ ਰਹੀ ਸੀ।"









# ਕਿੱਥੇ ਗਈਆਂ ਮਾਂ
## ਮੇਰੇ ਹਿੱਸੇ ਦੀਆਂ ਲੋਰੀਆਂ



ਜਸਵਿੰਦਰ ਸਿੰਘ ਰੁਪਾਲ
9814715796

ਲੋਰੀ ਨੂੰ ਭਾਈ ਸਾਹਿਬ ਕਾਹਨ ਸਿੰਘ ਨਾਭਾ ਨੇ ਮਹਾਨਕੋਸ਼ ਵਿਚ ਇਉਂ ਪਰਿਭਾਸ਼ਿਤ ਕੀਤਾ ਹੈ, ਲੋਣ਼ੀ, ਚਾਹੀ। ਬਾਲਕ ਦੇ ਲਾਲਨ ਸੁਲਾਉਣ ਲਈ ਸਵਰ ਦਾ ਅਲਾਪ। ਲੋਕਧਾਰਾ ਦੇ ਮਾਹਰ ਡਾ. ਨਾਹਰ ਸਿੰਘ ਅਨੁਸਾਰ ਲੋਰੀ ਮਾਂ ਵੱਲੋਂ ਬੱਚੇ ਨੂੰ ਮੁਖਾਤਿਬ ਸਵੈ-ਸੰਬੋਧਨੀ, ਸੁਖਦ ਭਾਵ ਦਾ ਅਜਿਹਾ ਗੀਤ ਹੈ ਜੋ ਰੁਮਾਂਟਿਕ ਬਿੰਬਾਂ ਨਾਲ ਭਰਪੂਰ ਹੁੰਦਾ ਹੈ। ਇਸ ਦਾ ਕੋਈ ਨਿਸ਼ਚਿਤ ਛੰਦ ਨਹੀਂ ਪਰ ਲੰਮਾ ਲਾਡ ਇਸ ਦਾ ਪ੍ਰਮਾਣਿਕ ਲੱਛਣ ਹੈ। ਇਸ ਵਿਚ ਹਾਂ ਵਾਚਕ ਵਿਸ਼ੇਸ਼ਤਾਵਾਂ ਨੂੰ ਜੋੜ ਕੇ ਸੰਘਣਾ ਕੀਤਾ ਜਾਂਦਾ ਹੈ। ਇਹ ਵਿਸ਼ੇਸ਼ਣ ਅਤੇ ਅਸੀਸਾਂ ਸਵੈ-ਪ੍ਰਸ਼ੰਸਾਤਮਿਕ ਧੁਨੀ ਵਿਚ ਉਚਾਰੀਆਂ ਜਾਂਦੀਆਂ ਹਨ।

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਸਾਨੂੰ ਗਿਆਤ ਹੁੰਦਾ ਹੈ ਕਿ ਲੋਰੀ ਮੌਖਿਕ ਰੂਪ ਵਿਚ ਬੱਚੇ ਨੂੰ ਪਿਆਰ ਨਾਲ ਪਰਚਾਉਣ, ਸੁਆਉਣ ਅਤੇ ਖੇਡੇ ਲਾਉਣ ਲਈ ਗਾਇਆ ਜਾਣ ਵਾਲਾ ਗੀਤ ਹੈ। ਬੱਚੇ ਨੂੰ ਦੁੱਧ ਪਿਆਉਣ ਸਮੇਂ, ਖਿਡਾਉਂਦਿਆਂ ਹੋਇਆਂ, ਨਹਾਉਂਦਿਆਂ ਹੋਇਆਂ, ਰੋਂਦੇ ਨੂੰ ਹਸਾਉਣ ਲਈ ਅਤੇ ਸੁਲਾਉਣ ਲਈ ਇਸ ਨੂੰ ਈਜਾਦ ਕੀਤੀ ਗਿਆ ਸੀ। ਲੋਰੀ ਸ਼ਬਦ ਨੂੰ ਮਾਂ, ਦਾਦੀ, ਨਾਨੀ, ਭੈਣ, ਤਾਈ ,ਚਾਚੀ, ਮਾਸੀ ਭੂਆ ਆਦਿ ਸਾਕਾਂ ਨਾਲ ਜੋੜਿਆ ਜਾ ਸਕਦਾ ਹੈ ਕਿਉਂਕਿ ਬੱਚੇ ਦਾ ਪਾਲਣਾ-ਪੋਸ਼ਣ ਅਤੇ ਖੇਡ-ਖਿਡਾਉਣ ਦਾ ਕੰਮ ਔਰਤ ਹਿੱਸੇ ਸੀ, ਇਸ ਲਈ ਇਹ ਸਭ ਲੋਰੀਆਂ ਔਰਤ ਦੇ ਹੀ ਕਿਸੇ ਨਾ ਕਿਸੇ ਰੂਪ ਵੱਲੋਂ ਗਾਈਆਂ ਜਾਣੀਆਂ ਜਾਂਦੀਆਂ ਹਨ।

ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਦੋ ਹਜ਼ਾਰ ਈਸਵੀ ਪੂਰਵ ਵਿਚ ਖੁਦਾਈ ਦੌਰਾਨ ਮਿਲੇ ਮਿੱਟੀ ਦੇ ਟੁਕੜੇ 'ਤੇ ਲਿਖੀ ਤਹਿਰੀਰ ਨੂੰ ਦੁਨੀਆ ਦੀ ਪਹਿਲੀ ਲੋਰੀ ਆਖਿਆ ਜਾ ਸਕਦਾ ਹੈ, ਇਹ ਮਿੱਟੀ ਦਾ ਟੁਕੜਾ ਲੰਡਨ ਦੇ 'ਬ੍ਰਿਟਿਸ਼ ਮਿਊਜ਼ੀਅਮ' ਵਿਚ ਸੁਰੱਖਿਅਤ ਰੱਖਿਆ ਗਿਆ ਹੈ। ਇਹ ਤਹਿਰੀਰ 'ਕਿਊ ਨੇਫਾਰਮ' ਸਕ੍ਰਿਪਟ ਵਿਚ ਹੈ ਜਿਸ ਨੂੰ ਲਿਖਾਈ ਦੇ ਮੁੱਢਲੇ ਰੂਪਾਂ ਵਿੱਚੋਂ ਇਕ ਮੰਨਿਆ ਗਿਆ ਹੈ। ਇਸ ਤਹਿਰੀਰ ਦਾ ਭਾਵ ਇਹ ਨਿਕਲਦਾ ਹੈ, 'ਜਦੋਂ ਬੱਚਾ ਰੋਂਦਾ ਹੈ ਤਾਂ ਘਰਾਂ ਦਾ ਖ਼ੁਦਾ ਨਾਰਾਜ਼ ਹੋ ਜਾਂਦਾ ਹੈ ਅਤੇ ਇਸ ਦਾ ਨਤੀਜਾ ਖ਼ਤਰਨਾਕ ਨਿਕਲਦਾ ਹੈ।'

ਲੋਰੀ ਦਾ ਮੁੱਖ ਮਕਸਦ ਬੱਚੇ ਨੂੰ ਸੁਲਾਉਣਾ ਮੰਨਿਆ ਗਿਆ ਹੈ। ਕਦੇ-ਕਦੇ ਬੱਚੇ ਨੂੰ ਕਿਸੇ ਅਣ-ਦੇਖੀ ਚੀਜ਼ ਦਾ ਜਾਂ ਜੰਗਲੀ ਜਾਨਵਰ ਦਾ ਜ਼ਿਕਰ ਕਰਕੇ ਡਰਾਇਆ ਜਾਂਦਾ ਹੈ ਜਾਂ ਬੱਚੇ ਦਾ ਧਿਆਨ ਹੋਰ ਪਾਸੇ ਲਗਾਇਆ ਜਾਂਦਾ ਹੈ। ਕਈ ਵਾਰ ਲੋਰੀ ਸ਼ਬਦਾਂ ਤੋਂ ਬਿਨਾਂ ਸਿਰਫ਼ ਆਵਾਜ਼ ਨਾਲ ਹੀ ਚੱਲਦੀ ਹੈ ਜਿਵੇ ਊਂ ਊਂ ਆਂ ਆਂ ਆਦਿ।

ਪੰਜਾਬ ਵਿਚ ਆਰਥਿਕ ਅਧਿਕਾਰ ਮਰਦ ਕੋਲ ਰਹੇ ਹੋਣ ਕਰਕੇ ਸ਼ੁਰੂ ਤੋਂ ਮਰਦ ਦੀ ਪ੍ਰਧਾਨਤਾ ਰਹੀ ਹੈ। ਇਸ ਲਈ ਮੁੰਡੇ ਦਾ ਜੰਮਣਾ ਸ਼ੁਭ ਸ਼ਗਨ ਮੰਨਿਆ ਜਾਂਦਾ ਸੀ ਅਤੇ ਹਰ ਜੋੜਾ ਲੜਕੇ ਦੀ ਹੀ ਇੱਛਾ ਰੱਖਦਾ ਸੀ। ਜਨਮ ਤੋਂ ਬਾਅਦ ਵੀ ਪਾਲਣ-ਪੋਸ਼ਣ ਵਿਚ ਵੀ ਮੁੰਡੇ-ਕੁੜੀ ਵਿਚ ਫ਼ਰਕ ਰੱਖਿਆ ਜਾਂਦਾ ਸੀ, ਜਿਹੜਾ ਕਈ ਥਾਵਾਂ 'ਤੇ ਅਜੇ ਤੱਕ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਜਾਂਦਾ ਹੈ। ਇਸੇ ਕਾਰਨ ਕਰਕੇ ਜ਼ਿਆਦਾ ਲੋਰੀਆਂ ਮੁੰਡੇ ਨੂੰ ਸੁਲਾਉਣ ਲਈ ਹੀ ਮਿਲਦੀਆਂ ਹਨ। ਕੁਝ ਲੋਰੀਆਂ ਵਿਚ ਸਿੱਧਾ ਸੌਣ ਲਈ ਕਿਹਾ ਜਾਂਦਾ ਹੈ।

ਸੌਂ ਜਾ ਕਾਕਾ ਤੂੰ,
ਤੇਰੇ ਬੋਦੇ ਲੜ ਗਈ ਜੂੰ,
ਕੱਢਣ ਵਾਲੀਆਂ ਮਾਸੀਆਂ,
ਕਢਾਉਣ ਵਾਲਾ ਤੂੰ।
ਸੌਂ ਜਾ ਕਾਕਾ ਬੱਲੀ,
ਤੇਰੀ ਮਾਂ ਵਜਾਵੇ ਟੱਲੀ,
ਤੇਰਾ ਪਿਓ ਵਜਾਵੇ ਛੈਣੇ,
ਤੇਰੀ ਵਹੁਟੀ ਪਾਵੇ ਗਹਿਣੇ।
ਸੌਂ ਜਾ ਮੇਰੇ ਨਿੱਕੇ,
ਸੌਂ ਜਾ ਆ ਆ ਆ
ਸੌਂ ਜਾ ਊਂ ਊਂ ਆ ਆ ਊਂ ਊਂ ,
ਸੁਹਣੇ ਕੱਪੜੇ ਪਾਵਾਂਗੇ,
ਨਾਨਕਿਆਂ ਨੂੰ ਜਾਵਾਂਗੇ
ਖੀਰ ਪੂੜੇ ਖਾਵਾਂਗੇ,
ਮੋਟੇ ਹੋ ਕੇ ਆਵਾਂਗੇ ।
ਸੌਂ ਜਾ ਰਾਜਾ ਸੌਂ ਜਾ ਵੇ,
ਤੇਰਾ ਬਾਪੂ ਆਇਆ ਵੇ।
ਖੇਡ ਖਿਲੌਣੇ ਲਿਆਇਆ ਵੇ,
ਤੇਰਾ ਮਾਮਾ ਆਇਆ ਵੇ ।
ਬੰਦ ਪੰਜੀਰੀ ਲਿਆਇਆ ਵੇ ।
ਤੇਰੀ ਭੂਆ ਆਈ ਵੇ,
ਕੁੜਤਾ ਟੋਪੀ ਲਿਆਈ ਵੇ।
ਸੌਂ ਜਾ ਬੱਬੂਆ,
ਮਾਣੋ ਬਿੱਲੀ ਆਈ ਆ ।
ਸੌਂ ਜਾ ਮੇਰੇ ਲਾਲ ਪਿਆਰੇ,
ਦਿਲ ਦੇ ਟੋਟੇ ਅੱਖ ਦੇ ਤਾਰੇ ।
ਤੇਰੀਆਂ ਹੋਵਣ ਦੂਰ ਬਲਾਵਾਂ,
ਤੂੰ ਸੁੱਖ ਪਾਵੇਂ ਮੈਂ ਸੁੱਖ ਪਾਵਾਂ ।



ਕੁਝ ਲੋਰੀਆਂ ਅਜਿਹੀਆਂ ਹੁੰਦੀਆਂ ਹਨ ਜਿਨਾਂ ਵਿਚ ਬੱਚੇ ਨੂੰ ਖੇਡ ਵਾਲੇ ਪਾਸੇ ਪਾਇਆ ਜਾਂਦਾ ਹੈ, ਲੋਰੀਆਂ ਦੀ ਗੱਲ ਕੀਤੀ ਜਾਂਦੀ ਹੈ, ਅਤੇ ਕੁਝ ਹੋਰ ਵਸਤਾਂ ਜਾਂ ਘਟਨਾਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਭਾਵੇਂ ਉਹ ਸਾਰੀਆਂ ਬੱਚੇ ਨੂੰ ਸਮਝ ਨਾ ਆਉਣ ਪਰ ਲੋਰੀਆਂ ਦੀ ਮਿੱਠੀ ਆਵਾਜ਼ ਅਤੇ ਨਾਲ-ਨਾਲ ਬੱਚੇ ਨੂੰ ਮਿਲਦੇ ਝੂਟੇ, ਬੱਚੇ ਨੂੰ ਸੁੱਖ ਦਾ ਅਹਿਸਾਸ ਕਰਾਉਂਦੇ ਹਨ, ਜੋ ਉਸ ਨੂੰ ਨੀਂਦ ਲੈ ਆਉਂਦੇ ਹਨ । ਲੋਰੀਆਂ ਵਿਚ ਲੋਰੀ ਦਿੱਤੇ ਜਾਣ ਦਾ ਜ਼ਿਕਰ ਵੀ ਆ ਜਾਂਦਾ ਹੈ।

ਲੋਰੀ ਬਈ ਲੋਰੀ,
ਦੁੱਧ ਦੀ ਕਟੋਰੀ ।
ਦੁੱਧ ਵਿਚ ਪਤਾਸਾ,
ਕਾਕਾ ਕਰੇ ਤਮਾਸ਼ਾ।
ਕਾਕੜਿਆ ਪਟਾਕੜਿਆ
ਟਾਹਲੀ ਤੇਰੇ ਬੱਚੇ ।
ਨਾਨਾ ਤੇਰਾ ਢੋਲ ਵਜਾਵੇ
ਨਾਨੀ ਤੇਰੀ ਨੱਚੇ ।
ਅੱਲੜ ਬੱਲੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ,
ਬਾਵੀ ਬਹਿ ਕੇ ਛੱਟੇਗੀ,
ਮਾਂ ਪੂਣੀਆਂ ਵੱਟੇਗੀ ।
ਲੋਰੀ ਲਾਲ ਨੂੰ ਦਿਆਂ
ਨੀ ਨਿੱਕੇ ਬਾਲ ਨੂੰ ਦਿਆਂ
ਸੋਹਣੇ ਲਾਲ ਨੂੰ ਦਿਆਂ
ਨੀ ਪਿਆਰੇ ਬਾਲ ਨੂੰ ਦਿਆਂ।
ਗੋਦ ਖਲਾਉਂਦੇ ਨੂੰ ਦਿਆਂ,
ਪੰਘੂੜੇ ਸੁਲਾਉਂਦੇ ਨੂੰ ਦਿਆਂ ,
ਉੱਠਦੇ ਬਹਿੰਦੇ ਨੂੰ ਦਿਆਂ,
ਰੋਂਦੇ ਹਸਾਉਂਦੇ ਨੂੰ ਦਿਆਂ।
ਬਾਹਰ ਜਾਂਦੇ ਨੂੰ ਦਿਆਂ
ਅੰਦਰ ਆਉਂਦੇ ਨੂੰ ਦਿਆਂ।
ਲੋਰੀ ਲਾਲ ਨੂੰ ਦਿਆਂ...

ਕਈ ਵਾਰ ਲੋਰੀਆ ਦੇ ਮਾਧਿਅਮ ਰਾਹੀਂ ਸਿਰਫ਼ ਬੱਚੇ ਨੂੰ ਹੀ ਨਹੀਂ, ਸਗੋਂ ਉਸ ਦੇ ਮਾਪਿਆਂ ਨੂੰ ਵੀ ਅਸੀਸਾਂ ਦਿੱਤੀਆਂ ਜਾਂਦੀਆਂ ਹਨ। ਭਾਵੇਂ ਬਹੁਤੀ ਵਾਰੀ ਲੋਰੀਆਂ ਦਾਦੀ ਅਤੇ ਮਾਂ ਵੱਲੋਂ ਹੁੰਦੀਆਂ ਸਨ ਪਰ ਭੈਣਾਂ ਵੀ ਬੱਚੇ ਨੂੰ ਚੁੱਕਦੀਆਂ ਸਨ, ਇਸ ਲਈ ਕੁਝ ਲੋਰੀਆਂ ਭੈਣਾਂ ਵੱਲੋਂ ਵੀ ਮਿਲਦੀਆਂ ਹਨ :

ਊਂ ਊਂ ਆਂ ਵੇ,
ਜੀਵੇ ਤੇਰੀ ਮਾਂ ਵੇ ।
ਡੱਬੀ ਦੇ ਵਿਚ ਘਿਓ ਵੇ,
ਜੀਵੇ ਤੇਰਾ ਪਿਓ ਵੇ।
ਗੱਗੂ ਸਾਡਾ ਰਾਜਾ,
ਹੇਠਾਂ ਘੋੜਾ ਤਾਜ,
ਭੋਲੂ ਸਾਡਾ ਰਾਣਾ,
ਲਾਡੂ ਮੇਰਾ ਬੜਾ ਸਿਆਣਾ।
ਮਿੱਠੀ-ਮਿੱਠੀ ਨੀਂਦੇ ਆ ਜਾ,
ਛੇਤੀ ਛੇਤੀ ਨੀਂਦੇ ਆ ਜਾ,
ਸੋਹਣੇ ਵੀਰ ਨੂੰ ਸਵਾ ਜਾ,
ਸੋਹਣੇ ਸੁਪਨੇ ਦਿਖਾ ਜਾ।

ਹੁਣ ਤੱਕ ਜੋ ਬੋਲੀਆਂ ਉੱਪਰ ਪੇਸ਼ ਕੀਤੀਆਂ ਗਈਆਂ ਹਨ, ਉਹ ਸਾਰੀਆਂ ਦੀਆਂ ਸਾਰੀਆਂ ਲੜਕੇ ਲਈ ਹਨ। ਅਜਿਹਾ ਨਹੀਂ ਕਿ ਲੜਕੀ ਲਈ ਕੋਈ ਵੀ ਲੋਰੀ ਨਹੀਂ। ਹਾਂ, ਇਹ ਜ਼ਰੂਰ ਹੈ ਕਿ ਉਨ੍ਹਾਂ ਦੀ ਗਿਣਤੀ ਲੜਕੇ ਨੂੰ ਦਿੱਤੀਆਂ ਜਾਣ ਵਾਲੀਆਂ ਲੋਰੀਆਂ ਤੋਂ ਕਾਫ਼ੀ ਘੱਟ ਹੈ। ਕੁਝ ਲੋਰੀਆਂ ਦੇਖਦੇ ਹਾਂ ਜੋ ਲੜਕੀ ਲਈ ਲੋਕਧਾਰਾ ਵਿਚ ਮਿਲਦੀਆਂ ਹਨ :

ਗੁੱਡੀ ਮੇਰੀ ਬੀਬੀ ਰਾਣੀ,
ਸੌਂ ਜਾ ਮੇਰੀ ਧੀ ਧਿਆਣੀ,
ਗੁੱਡੀ ਮੇਰੀ ਬੀਬੀ ਰਾਣੀ,
ਭਰ ਲਿਆਏ ਖੂਹ ਤੋਂ ਪਾਣੀ,
ਛਮ-ਛਮ ਬਰਸਿਆ ਮੀਂਹ,
ਡਿੱਗ ਪਈ ਮੇਰੀ ਰਾਣੀ ਧੀ।
ਨਿੱਕੀ ਦੇ ਸਹੁਰੇ ਮੈਂ ਵਿਚ ਬਣਾਵਾਂ,
ਜਾਂ ਜੀਅ ਓਦਰੇ ਮੈਂ ਮਿਲ ਆਵਾਂ।
ਉੱਡ ਨੀਂ ਚਿੜੀਏ, ਉੱਡ ਵੇ ਕਾਵਾਂ,
ਮੇਰੀ ਬੱਚੀ ਖੇਡੇ ਨਾਲ ਭਰਾਵਾਂ।
ਲੱਲਾ ਲੱਲਾ ਲੋਰੀ,
ਸੌਂ ਜਾ ਮੇਰੀ ਗੋਰੀ,
ਗੋਰੀ ਗਈ ਨਾਨਕੇ,
ਨਾਨਕੇ ਵੰਡੇ ਲੱਡੂ,
ਲੱਡੂ ਖਾ ਗਈ ਬਿੱਲੀ।
ਬਿੱਲੀ ਨੇ ਮਾਰਿਆ ਪੰਜਾ,
ਮਾਮਾ ਹੋ ਗਿਆ ਗੰਜਾ।

ਅਸੀਂ ਦੇਖ ਸਕਦੇ ਹਾਂ ਕਿ ਇਨ੍ਹਾਂ ਲੋਰੀਆਂ ਵਿਚ ਉਸ ਸਮੇਂ ਦੀ ਲੋਕ-ਮਾਨਸਿਕਤਾ ਛਿਪੀ ਹੋਈ ਹੈ। ਜੇ ਲੜਕੀਆਂ ਘਰ ਦਾ ਕੰਮ ਕਰਦੀਆਂ ਸਨ ਤਾਂ ਲੋਰੀ ਵਿਚ ਵੀ ਕੁੜੀ ਦਾ ਖੂਹ ਤੋਂ ਪਾਣੀ ਲਿਆਉਣ ਦਾ ਜ਼ਿਕਰ ਹੈ। ਭਰਾਵਾਂ ਨਾਲ ਖੇਡਣ ਦੀ ਅਸੀਸ ਵੀ ਹੈ ਕਿਉਂਕਿ ਉਸ ਸਮੇਂ ਕੁੜੀ ਨੂੰ ਭਰਾਵਾਂ ਵਾਲੀ ਹੋਣ ਕਰਕੇ ਹੀ ਮਾਣ ਮਿਲਦਾ ਸੀ। ਅੱਜ ਵਿੱਦਿਆ ਦੇ ਪਸਾਰ ਕਰਕੇ, ਲੜਕੀਆਂ ਦੇ ਆਰਥਿਕ ਪੱਖ ਤੋਂ ਲੜਕਿਆਂ ਦੇ ਬਰਾਬਰ ਖੜ੍ਹਨ ਕਰਕੇ ਸੋਚ ਵਿਚ ਉਸਾਰੂ ਫ਼ਰਕ ਆਇਆ ਹੈ। ਹੁਣ ਕੁੜੀਆਂ ਵੀ ਪੂਰਾ ਪਿਆਰ ਲੈਂਦੀਆਂ ਹਨ ਪਰ ਅੱਜ ਨਵੀਂਆਂ ਲੋਰੀਆਂ ਤਾਂ ਬਣ ਨਹੀਂ ਰਹੀਆਂ। ਸ਼ਾਇਰ ਗੁਰਭਜਨ ਗਿੱਲ ਹੋਰਾਂ ਦਾ ਇਹ ਨਿਹੋਰਾ ਤਾਂ ਅੱਜ ਵੀ ਕਾਇਮ ਹੀ ਹੈ : ਬਹੁਤੀਆਂ ਜੇ ਨਹੀਂ ਭਾਵੇਂ ਦੇ ਦਿੰਦੀ ਥੋੜੀਆਂ, ਕਿੱਥੇ ਗਈਆਂ ਮਾਂ ਸਾਡੇ ਹਿੱਸੇ ਦੀਆਂ ਲੋਰੀਆਂ ?

# ਸੰਗਮਰਮਰ ਦੀਆਂ ਪਹਾੜੀਆਂ...



ਮੈਂ ਕਈ ਸਾਲ ਜਬਲਪੁਰ ਵਿੱਚ ਰਿਹਾ। ਜਬਲਪੁਰ ਵਿੱਚ ਇਸ ਜਗਤ ਦੀ, ਇਸ ਧਰਤੀ ਦੀ ਇੱਕ ਬਹੁਤ ਖ਼ੂਬਸੂਰਤ ਥਾਂ ਹੈ – ਭੇਡਾਘਾਟ। ਮੇਰੀ ਰਾਏ ਵਿੱਚ, ਧਰਤੀ 'ਤੇ ਸ਼ਾਇਦ ਇਸ ਵਰਗੀ ਸੁੰਦਰ ਦੂਜੀ ਹੋਰ ਕੋਈ ਜਗ੍ਹਾ ਨਹੀਂ ਹੈ। ਦੋ ਮੀਲ ਤੱਕ ਨਰਮਦਾ ਸੰਗਮਰਮਰ ਦੀਆਂ ਪਹਾੜੀਆਂ ਦੇ ਵਿਚੋਂ-ਵਿੱਚ ਵਹਿੰਦੀ ਹੈ। ਦੋਵੇਂ ਪਾਸੇ ਸੰਗਮਰਮਰ ਦੀਆਂ ਪਹਾੜੀਆਂ ਹਨ। ਇੱਕ ਤਾਂ ਸੰਗਮਰਮਰ ਦੀਆਂ ਪਹਾੜੀਆਂ... ਹਜ਼ਾਰਾਂ ਤਾਜ ਮਹਿਲਾਂ ਦੀ ਸੁੰਦਰਤਾ ਇਕੱਠੀ ! ਫਿਰ, ਵਿਚਕਾਰੋਂ ਨਰਮਦਾ ਦਾ ਵਹਿਣਾ। ਸੱਚਮੁੱਚ ਇੱਕ ਅਲੌਕਿਕ ਜਗ੍ਹਾ ਹੈ।

ਮੈਂ ਆਪਣੇ ਇੱਕ ਬਜ਼ੁਰਗ ਪ੍ਰੋਫੈਸਰ ਨੂੰ, ਜਿਸਨੇ ਮੈਨੂੰ ਪੜ੍ਹਾਇਆ ਸੀ, ਇੱਕ ਪੁੰਨਿਆ ਦੀ ਰਾਤ ਉਹ ਘਾਟੀ ਦਿਖਾਉਣ ਲਈ ਲੈ ਗਿਆ। ਉਹ ਆਨੰਦ ਨਾਲ ਰੋਣ ਲੱਗ ਪਏ। ਉਹ ਬੁੱਢੇ ਹੋ ਗਏ ਸਨ। ਹੁਣ ਤਾਂ ਜਾ ਵੀ ਚੁੱਕੇ ਹਨ ਦੁਨੀਆਂ ਤੋਂ। ਜਦੋਂ ਮੈਂ ਉਹਨਾਂ ਨੂੰ ਕਿਸ਼ਤੀ ਵਿੱਚ ਬਿਠਾ ਕੇ ਅੰਦਰ ਲੈ ਕੇ ਗਿਆ ਤਾਂ ਉਹ ਕਹਿਣ ਲੱਗੇ ਕਿ ਇਹ ਜੋ ਮੈਂ ਦੇਖ ਰਿਹਾ ਹਾਂ ਕਿ ਇਹ ਸੱਚ ਵਿੱਚ ਹੈ ? ਕਿਉਂਕਿ ਮੈਨੂੰ ਲੱਗ ਰਿਹਾ ਹੈ ਕਿ ਇਹ ਇੱਕ ਸੁਪਨਾ ਹੈ। ਮਾਝੀ ਨੂੰ ਉਹਨਾਂ ਨੇ ਕਿਹਾ ਕਿ ਕਿਸ਼ਤੀ ਨੂੰ ਕਿਨਾਰੇ ਲਗਾਓ, ਮੈਂ ਇਨ੍ਹਾਂ ਸੰਗਮਰਮਰ ਦੀਆਂ ਪਹਾੜੀਆਂ ਨੂੰ ਛੂਹ ਕੇ ਵੇਖਣਾ ਚਾਹੁੰਦਾ ਹਾਂ ਤੇ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਅਸਲੀ ਹਨ।

ਪੁੰਨਿਆ ਦੀ ਰਾਤ ਨੂੰ ਐਨਾ ਜਾਦੂ ਹੋ ਜਾਂਦਾ ਹੈ। ਭਰੋਸਾ ਨਹੀਂ ਹੁੰਦਾ ਕਿ ਇਸ ਧਰਤੀ 'ਤੇ ਇੰਨੀ ਸੁੰਦਰਤਾ ਹੋ ਸਕਦੀ ਹੈ ! ਪਰ ਜਬਲਪੁਰ ਵਿੱਚ ਅਜਿਹੇ ਹਜ਼ਾਰਾਂ ਲੋਕ ਹਨ ਜੋ ਕਦੇ ਤੇਰਾਂ ਮੀਲ ਦੂਰ ਭੇਡਾਘਾਟ ਦੇਖਣ ਨਹੀਂ ਗਏ। ਉਨ੍ਹਾਂ ਦੇ ਘਰ ਮਹਿਮਾਨ ਆਉਂਦੇ ਹਨ ਜੋ ਭੇਡਾਘਾਟ ਦੇਖਣ ਆਉਂਦੇ ਹਨ। ਪਰ ਉਹਨਾਂ ਨੂੰ ਕਦੇ ਖ਼ਿਆਲ ਨਹੀਂ ਆਇਆ ਕਿ ਦੇਖਣ ਜਾਣਾ ਚਾਹੀਦਾ ਹੈ। ਸੋਚਦੇ ਹਨ ਇੰਨਾ ਨੇੜੇ ਹੈ ਕਦੇ ਵੀ ਦੇਖ ਲਵਾਂਗੇ। ਪਰ ਜ਼ਿੰਦਗੀ ਭਰ ਦੇਖ ਨਹੀਂ ਪਾਉਂਦੇ।

ਇਹੀ ਹਾਲ ਆਪਣੇ ਆਪ ਨੂੰ ਪਰਮਾਤਮਾ ਦੇ ਬਿਲਕੁਲ ਨੇੜੇ ਸਮਝਣ ਵਾਲੇ ਲੋਕਾਂ ਦਾ ਹੈ। ਪੰਡਿਤ, ਪੁਜਾਰੀ, ਮੌਲਵੀ ਸੋਚਦੇ ਹਨ ਕਿ ਪਰਮਾਤਮਾ ਠੀਕ ਉਹਨਾਂ ਦੇ ਸਾਹਮਣੇ ਹੈ, ਕਦੇ ਵੀ ਮਿਲ ਲਵਾਂਗੇ ਪਰ ਉਹ ਕਦੇ ਵੀ ਮਿਲ ਨਹੀਂ ਪਾਉਂਦੇ। ਜਨਮ ਇੰਝ ਹੀ ਵਿਅਰਥ ਚਲਾ ਜਾਂਦਾ ਹੈ ਤੇ ਉਹ ਥੋੜ੍ਹੀ ਜਿਹੀ ਦੂਰੀ ਤੈਅ ਨਹੀਂ ਕਰ ਪਾਉਂਦੇ ਤੇ ਜਨਮਾਂ ਜਨਮਾਂ ਲਈ ਝੁਕ ਜਾਂਦੇ ਹਨ।

ਜਿਸਨੂੰ ਵੀ ਭਰਮ ਹੈ ਕਿ ਉਹ ਤਾਂ ਕਦੇ ਵੀ ਦੇਖ ਲਵੇਗਾ, ਕਦੇ ਵੀ ਮਿਲ ਲਵੇਗਾ, ਉਹ ਤਾਂ ਨੇੜੇ ਹੀ ਹੈ ਤਾਂ ਮੇਰੀ ਮੰਨੋ ਉਹ ਕਦੇ ਦੇਖ ਨਹੀਂ ਪਾਉਂਦਾ ਕਦੇ ਪਹੁੰਚ ਨਹੀਂ ਪਾਉਂਦਾ। –ਓਸ਼ੋ–

# ਅਸਲ ਦੌਲਤ ਦਾ ਮਾਪ

ਧਨ ਕੱਪੜਿਆਂ ਦੀ ਰੌਣਕ ਬਦਲ ਸਕਦਾ ਹੈ,
ਪਰ ਮਨ ਦੇ ਵਿਚਾਰ ਨਹੀਂ ਗੜ ਸਕਦਾ।
ਉੱਚੀਆਂ ਇਮਾਰਤਾਂ ਖੜੀਆਂ ਕਰ ਸਕਦਾ ਹੈ,
ਪਰ ਦਿਲਾਂ ਨੂੰ ਸੱਚ ਦਾ ਰਾਹ ਨਹੀਂ ਦਿਖਾ ਸਕਦਾ।

ਨਿਮਰ ਤੇ ਸੁਝਵਾਂ ਮਨ ਹਮੇਸ਼ਾ ਸ਼ਾਂਤ ਰਹਿੰਦਾ ਹੈ,
ਜਿੱਥੇ ਦਇਆ ਵੱਸਦੀ ਹੈ, ਅਹੰਕਾਰ ਢਹਿ ਜਾਂਦਾ ਹੈ।
ਕਿਸਮਤ ਵੀ ਸੱਚੇ ਕਰਮਾਂ ਨਾਲ ਹੀ ਖਿੜਦੀ ਹੈ,
ਨਾ ਕਿ ਸੋਨੇ ਦੀ ਚਮਕ ਜਾਂ ਲੋਕਾਂ ਦੀ ਵਾਹ ਵਾਹ ਨਾਲ।

ਅਸਲ ਕਾਮਯਾਬੀ ਸ਼ੋਰ ਨਹੀਂ ਮਚਾਉਂਦੀ,
ਉਹ ਤਾਂ ਅੰਦਰਲੀ ਸ਼ਾਂਤੀ ਵਿੱਚ ਚੁੱਪਚਾਪ ਵੱਸਦੀ ਹੈ।
ਇਸ ਲਈ ਆਪਣੀ ਆਤਮਾ ਨੂੰ ਸੋਨੇ ਤੋਂ ਵੱਧ ਸੰਭਾਲੋ,
ਕਿਉਂਕਿ ਉੱਚਾ ਤੇ ਸੁੱਚਾ ਮਨ ਹੀ ਸਭ ਤੋਂ ਵੱਡੀ ਦੌਲਤ ਹੈ।

Satwinder Kaur ਕਹਿੰਦੀ ਹੈ :
"ਧਨ ਦੁਨੀਆ ਦੀ ਚਮਕ ਵਧਾ ਸਕਦਾ ਹੈ,
ਪਰ ਮਨ ਦੀ ਪਵਿੱਤਰਤਾ ਅਤੇ ਕਰਮਾਂ ਦੀ ਸੱਚਾਈ
ਹੀ ਤੈਅ ਕਰਦੀ ਹੈ ਕਿ ਅਸੀਂ ਅਸਲ ਵਿੱਚ ਕੌਣ ਬਣਦੇ ਹਾਂ।"

Satwinder Kaur



# ਪੰਜਾਬੀ ਗਾਇਕੀ ਦਾ ਰੂਪਾਂਤਰਨ

ਪੰਜਾਬੀ ਗਾਇਕੀ ਦਾ ਮੁੱਢਲਾ ਦੌਰ ਬਾਬਾ ਫ਼ਰੀਦ ਦੇ ਸੂਫ਼ੀਆਨਾ ਰੰਗ ਨਾਲ ਭਰਪੂਰ ਸਮਿਆਂ ਨੂੰ ਮੰਨਿਆ ਜਾ ਸਕਦਾ ਹੈ। ਭਾਵੇਂ ਉਨ੍ਹਾਂ ਤੋਂ ਪਹਿਲਾਂ ਵੀ ਪੰਜਾਬ ਦੀ ਧਰਤੀ 'ਤੇ ਅਨੇਕਾਂ ਗਾਇਕ ਰੂਪੀ ਬੁੱਧੀਜੀਵੀ ਆਏ ਹੋਣਗੇ, ਪਰ ਜੇਕਰ ਭਾਸ਼ਾ ਨੂੰ ਮੁੱਖ ਆਧਾਰ ਰੱਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੀ ਮੂਲ ਰੂਪ ਵਿੱਚ ਵਰਤੋਂ ਬਾਬਾ ਫ਼ਰੀਦ ਜੀ ਦੇ ਸੂਫ਼ੀ ਅੰਦਾਜ਼ ਵਿੱਚ ਹੋਈ।

ਦਰਅਸਲ, ਕਿਸੇ ਖੇਤਰ ਦੀ ਭਾਸ਼ਾ, ਉੱਥੋਂ ਦਾ ਵਿਰਸਾ, ਰੀਤੀ-ਰਿਵਾਜ, ਰਹਿਣ ਸਹਿਣ ਹੀ ਮਨੋਰੰਜਨ ਦੇ ਇੱਕ ਰੂਪ ਵਜੋਂ ਉੱਥੋਂ ਦੇ ਗੀਤਾਂ ਵਿੱਚ ਝਲਕਣ ਲੱਗਦਾ ਹੈ। ਜੇਕਰ ਪੰਜਾਬੀ ਗੀਤਾਂ ਦੀ ਗੱਲ ਕਰੀਏ ਤਾਂ ਅਜਿਹਾ ਕੁਝ ਹੀ ਸਾਹਮਣੇ ਆਉਂਦਾ ਹੈ। ਸਮੇਂ ਦੇ ਨਾਲ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਸੂਫ਼ੀ ਗਾਇਕੀ ਤੋਂ ਅੰਦਾਜ਼ ਬਦਲਦੇ ਹੋਏ ਰਹਿਣ-ਸਹਿਣ ਅਤੇ ਵਿਰਸੇ ਅਤੇ ਸੱਭਿਆਚਾਰ ਨਾਲ ਮਿਲਦੇ ਹੋਏ ਲੋਕ ਗੀਤਾਂ ਵਿੱਚ ਤਬਦੀਲ ਹੋ ਗਿਆ। ਭਾਵ ਸਮੇਂ ਨਾਲ ਕਿਸੇ ਵਿਸ਼ੇਸ਼ ਖੇਤਰ ਵਿੱਚ ਆਈਆਂ ਤਬਦੀਲੀਆਂ ਜਿਵੇਂ ਕਿ ਉੱਥੋਂ ਦੇ ਲੋਕਾਂ ਦਾ ਸੁਭਾਅ, ਜ਼ਮਾਨੇ ਵਿੱਚ ਵਰਤੋਂ ਦੀਆਂ ਵਸਤੂਆਂ, ਸਰੋਤ, ਸੰਦ ਆਦਿ ਦਾ ਜ਼ਿਕਰ ਉੱਥੋਂ ਦੇ ਵਿਰਸੇ ਵਿੱਚ ਆਉਣ ਲੱਗਦਾ ਹੈ ਅਤੇ ਗਾਇਕੀ ਵੀ ਇਸੇ ਦਾ ਭਾਗ ਮੰਨਿਆ ਜਾ ਸਕਦਾ ਹੈ। ਗਾਇਕੀ ਦਾ ਪ੍ਰਮੁੱਖ ਸਬੰਧ ਗਾਉਣ ਸਮੇਂ ਵਰਤੇ ਜਾਂਦੇ ਸੰਗੀਤ ਨਾਲ ਹੁੰਦਾ ਹੈ ਅਤੇ ਸਮੇਂ ਅਨੁਸਾਰ ਆਉਂਦੀਆਂ ਤਕਨੀਕਾਂ ਰਾਹੀਂ ਵੀ। ਜਿਵੇਂ ਜਿਵੇਂ ਸੰਗੀਤਕ ਸੰਦਾਂ ਦੀ ਖੋਜ ਹੁੰਦੀ ਗਈ, ਉਸੇ ਤਰ੍ਹਾਂ ਗਾਇਕੀ ਵਿੱਚ ਵੀ ਤਬਦੀਲੀ ਆਉਂਦੀ ਗਈ। ਇਸੇ ਪਰਿਵਰਤਨ ਅਨੁਸਾਰ ਇੱਕ ਸਮੇਂ 'ਤੇ ਗਾਏ ਜਾਣ ਵਾਲੇ ਸੰਗੀਤਕ ਰੰਗ ਨੂੰ ਆਉਂਦੀਆਂ ਪੀੜ੍ਹੀਆਂ ਵਿੱਚ ਸੂਫ਼ੀਆਨਾ ਅਤੇ ਲੋਕ ਗਾਇਕੀ ਦਾ ਨਾਮ ਦਿੱਤਾ ਗਿਆ। ਅਕਸਰ ਇਤਿਹਾਸਕ ਅਧਿਆਇਆਂ ਵਿੱਚ ਗਾਇਕੀ ਦਾ ਜ਼ਿਕਰ ਇਸ ਹੱਦ ਤੱਕ ਹੁੰਦਾ ਆਇਆ ਹੈ ਕਿ ਇਨਸਾਨ ਦੇ ਜੰਮਣ ਤੋਂ ਲੈ ਕੇ ਸਮਾਜਿਕ ਵਿਹਾਰਾਂ ਨੂੰ ਪਾਰ ਕਰਦੇ ਹੋਏ ਮਰਨ ਤੀਕ ਵੀ ਗਾਇਕੀ ਦੀਆਂ ਰੀਤਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਸੂਫ਼ੀਆਨਾ ਕਲਾਮਾਂ ਤੋਂ ਕਵੀਸ਼ਰੀ ਅੰਦਾਜ਼ ਦੀ ਪੌੜੀ ਚੜ੍ਹਦੇ ਹੋਏ ਰਬਾਬੀ ਵਾਰਾਂ ਦਾ ਅਧਿਆਏ ਆਇਆ।

ਫਿਰ ਧਾਰਮਿਕ ਸੰਗੀਤਕ ਛੋਹ ਨੂੰ ਮਹਿਸੂਸ ਕਰਨ ਉਪਰੰਤ ਪੰਜਾਬੀ ਭਾਸ਼ਾ ਦੇ ਵਿਕਾਸ ਅਧੀਨ ਸੰਗੀਤਕ ਰੰਗ ਵਿੱਚ ਲਗਾਤਾਰ ਵਿਕਾਸਸ਼ੀਲ ਤਬਦੀਲੀਆਂ ਆਈਆਂ। ਇਸ ਦਾ ਪ੍ਰਮੁੱਖ ਕਾਰਨ ਸੰਗੀਤਕ ਸੰਦਾਂ ਦੀ ਹੋਂਦ ਹੈ ਅਤੇ ਤਬਦੀਲੀਆਂ ਵੀ ਇਨ੍ਹਾਂ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਹੀ ਹੋਈਆਂ। ਪੰਜਾਬੀ ਸੱਭਿਆਚਾਰ ਦਾ ਵਿਕਾਸ ਵੀ ਇੱਥੋਂ ਦੇ ਕਿੱਤਿਆਂ, ਰੀਤਾਂ ਰਿਵਾਜਾਂ ਅਨੁਸਾਰ ਹੀ ਹੋਇਆ ਅਤੇ ਇਸ ਦਾ ਰੰਗ ਪੰਜਾਬੀ ਗਾਇਕੀ ਵਿੱਚ ਵੀ ਸਮਾ ਗਿਆ। ਇਸ ਤੋਂ ਅਗਲਾ ਦੌਰ ਕੁਦਰਤੀ ਅਤੇ ਅਲੌਕਿਕ ਸਿਫਤਾਂ ਤੋਂ ਬਦਲ ਕੇ ਇਸ਼ਕ ਹਕੀਕੀ ਦੇ ਗੀਤਾਂ ਦਾ ਆਉਂਦਾ ਹੈ ਕਿਉਂਕਿ ਸਮਾਜ ਵਿੱਚ ਪੱਛਮੀ ਛੋਹ ਨੇ ਆਪਣਾ ਪੈਰ ਪਸਾਰਨਾ ਸ਼ੁਰੂ ਕਰ ਦਿੱਤਾ ਸੀ। ਤਰੱਕੀ ਦੇ ਦੌਰ ਵਿੱਚ ਸੱਭਿਆਚਾਰਕ ਰੰਗ ਵੀ ਨਵੀਨ ਹੋਣ ਲੱਗੇ ਅਤੇ ਪੰਜਾਬੀ ਸੰਗੀਤ ਵੀ ਪੂਰੀ ਦੁਨੀਆ ਵਿੱਚ ਆਪਣਾ ਰੰਗ ਵਿਖਾਉਣ ਲੱਗਾ।

ਇੱਕ ਆਮ ਅਵਸਥਾ ਵਿੱਚ ਸੰਗੀਤ ਨੂੰ ਇੰਨੀ ਮਸ਼ਹੂਰੀ ਨਹੀਂ ਮਿਲਦੀ ਜਿੰਨੀ ਕਿ ਗਾਇਕੀ ਨੂੰ ਮਿਲਦੀ ਹੈ, ਹਾਲਾਂਕਿ ਗਾਇਕੀ ਦਾ ਰੰਗ ਸੰਗੀਤ ਤੋਂ ਬਿਨਾਂ ਫਿੱਕਾ ਹੀ ਹੁੰਦਾ ਹੈ। ਪੰਜਾਬੀ ਸੰਗੀਤ ਨੇ ਪੰਜਾਬੀ ਗਾਇਕੀ ਨੂੰ ਪ੍ਰਸਿੱਧ ਕੀਤਾ ਜਿਸ ਨਾਲ ਪੰਜਾਬੀ ਸੰਗੀਤਕ ਉਦਯੋਗ ਹੋਰ ਵੀ ਮਜ਼ਬੂਤ ਹੋਇਆ- ਤਕਨੀਕੀ ਤੌਰ 'ਤੇ ਵੀ ਅਤੇ ਆਰਥਕ ਤੌਰ 'ਤੇ ਵੀ। ਸੁਭਾਵਿਕ ਹੈ ਕਿ ਤਰੱਕੀ ਆਪਣੇ ਨਾਲ ਕੁਝ ਮਾੜੇ ਪੱਖ ਵੀ ਲੈ ਕੇ ਆਉਂਦੀ ਹੈ। ਅਜਿਹੇ ਵਿੱਚ ਪੰਜਾਬੀ ਸੰਗੀਤਕ ਤਰੱਕੀ ਆਪਣੇ ਨਾਲ ਕੁਝ ਅਜਿਹੇ ਤੱਤ ਲੈ ਕੇ ਆਈ ਕਿ ਗੀਤਕਾਰਾਂ ਦੇ ਲਿਖਣ ਦਾ ਮਿਆਰ ਗਿਰ ਗਿਆ, ਪਰ ਸਰੋਤਿਆਂ ਨੇ ਕੋਈ ਸ਼ਿਕਵਾ ਨਹੀਂ ਦਿਖਾਇਆ ਅਤੇ ਪੰਜਾਬੀ ਗਾਇਕੀ ਨੂੰ ਡਿੱਗਦੇ ਸ਼ਬਦਾਵਲੀ ਮਿਆਰ ਦੌਰਾਨ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਸਰੋਤਿਆਂ ਦੀ ਪਸੰਦ ਤੋਂ ਪਰੇ ਜਾ ਕੇ ਅਜਿਹੇ ਵਿੱਚ ਕਾਫ਼ੀ ਕਲਾਕਾਰਾਂ ਨੇ ਇਸ ਡਿੱਗਦੇ ਮਿਆਰ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਤੇ ਕਿਤੇ ਨਾ ਕਿਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਨਿਰਾਸ਼ਾ ਦਾ ਸਾਹਮਣਾ ਵੀ ਕਰਨਾ ਪਿਆ।

ਜਦੋਂ ਸਮੇਂ ਦੀ ਨਜ਼ਾਕਤ ਅਨੁਸਾਰ ਪੰਜਾਬੀ ਗਾਇਕੀ ਵਿੱਚ ਆਰਥਿਕ ਸੁਧਾਰ ਨਜ਼ਰ ਆਉਣ ਲੱਗੇ ਤਾਂ ਗਾਇਕੀ ਦਾ ਪੇਸ਼ਾ ਵੀ ਆਪਣੇ ਪੈਰ ਪਸਾਰਨ ਲੱਗਿਆ। ਹੁਣ ਗਾਇਕ ਆਪਣੇ ਅਖਾੜੇ ਸਜਾਉਣ ਲਈ ਮੇਲਿਆਂ ਦੀ ਭਾਲ ਕਰਨ ਲੱਗੇ। ਮਸ਼ਹੂਰੀ ਵਿਸ਼ਵ ਪੱਧਰ 'ਤੇ ਹੋਣ ਨਾਲ ਅਖਾੜੇ ਵੀ ਵਿਦੇਸ਼ਾਂ 'ਚ ਲੱਗਣ ਲੱਗ ਗਏ ਅਤੇ ਆਰਥਿਕ ਵਿਕਾਸ ਆਪਣੇ ਸਿਖਰ ਵੱਲ ਜਾਣ ਲੱਗਾ। ਪੰਜਾਬ ਤੋਂ ਪਰਵਾਸ ਕਰਕੇ ਗਏ ਲੋਕਾਂ ਨੇ ਪੰਜਾਬੀ ਗਾਇਕੀ ਦੀ ਲੋੜ ਵਿਸ਼ਵ ਪੱਧਰ 'ਤੇ ਹੋਰ ਵੀ ਵਧਾ ਦਿੱਤੀ। ਅੱਜ ਪੰਜਾਬੀ ਗਾਇਕੀ ਦਾ ਕੇਵਲ ਪੰਜਾਬੀ ਲੋਕ ਹੀ ਨਹੀਂ ਸਗੋਂ ਦੂਜੇ ਦੇਸ਼ਾਂ ਦੇ ਵਾਸੀ ਵੀ ਆਨੰਦ ਲੈਣ ਵਿੱਚ ਮੋਹਰੀ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਵੱਖ-ਵੱਖ ਦਰਜਾਬੰਦੀ ਏਜੰਸੀਆਂ ਦੇ ਸਿਖਰ 'ਤੇ ਪੰਜਾਬੀ ਗਾਇਕਾਂ ਦੇ ਨਾਮ ਵੇਖੇ ਜਾ ਸਕਦੇ ਹਨ।

ਪੰਜਾਬੀ ਗਾਇਕੀ ਮੌਜੂਦਾ ਸਮਾਜਿਕ ਸਥਿਤੀ ਬਿਆਨ ਕਰ ਰਹੀ ਹੈ ਅਤੇ ਨਾਲ ਹੀ ਵੱਡੇ ਪੱਧਰ 'ਤੇ ਸਰੋਤਿਆਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਜੇਕਰ ਅੱਜ ਪੰਜਾਬ ਵਿੱਚ ਨਸ਼ਿਆਂ ਨੇ ਪੈਰ ਪਸਾਰੇ ਹਨ ਤਾਂ ਇਸ ਦਾ ਇੱਕ ਮੁੱਢਲਾ ਕਾਰਨ ਗੀਤਾਂ ਵਿੱਚ ਅਫ਼ੀਮ ਵਰਗੇ ਨਸ਼ਿਆਂ ਦੀ ਵਰਤੋਂ ਦੇ ਪ੍ਰਚਾਰ ਨੂੰ ਮੰਨਿਆ ਜਾ ਸਕਦਾ ਹੈ ਜਿਸ ਨੇ ਬਾਅਦ ਵਿੱਚ ਘਾਤਕ ਰੂਪ ਧਾਰਦੇ ਹੋਏ ਅਨੇਕਾਂ ਨੌਜਵਾਨਾਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਕਿਤੇ ਉਹ ਇਸ ਸ਼ਾਹੀ ਨਸ਼ੇ ਦੀ ਵਰਤੋਂ ਕਰਨ ਤੋਂ ਵਾਂਝੇ ਨਾ ਰਹਿ ਜਾਣ। ਇਸੇ ਤਰ੍ਹਾਂ ਹੀ ਗੀਤਾਂ ਰਾਹੀਂ ਹਥਿਆਰਾਂ ਦੀ ਹੋਈ ਲੋੜੋਂ ਵੱਧ ਮਸ਼ਹੂਰੀ ਦਾ ਨਤੀਜਾ ਅੱਜ ਪੰਜਾਬ ਵਿੱਚ ਗੈਂਗਸਟਰਵਾਦ ਦਾ ਫੈਲਾਅ ਹੈ ਜੋ ਕਿ ਹੁਣ ਕਾਬੂ ਵਿੱਚ ਨਹੀਂ ਆ ਰਿਹਾ।

ਬਿਨਾਂ ਸਰੋਤਾਂ ਤੋਂ ਸ਼ੁਰੂ ਹੋ ਕੇ ਵੱਖ ਵੱਖ ਸੰਦਾਂ ਦੀ ਵਰਤੋਂ ਕਰਦੇ ਹੋਏ ਅੱਜ ਪੰਜਾਬੀ ਗਾਇਕੀ ਦੀ ਕੀਮਤ ਬਹੁਤ ਜ਼ਿਆਦਾ ਹੋ ਗਈ ਹੈ ਭਾਵੇਂ ਕਿ ਵੱਡੇ ਪੱਧਰ 'ਤੇ ਗੀਤਕਾਰੀ ਦਾ ਮਿਆਰ ਓਨਾ ਉੱਚਾ ਨਹੀਂ ਰਿਹਾ, ਪਰ ਕਿਤੇ ਨਾ ਕਿਤੇ ਆਉਣ ਵਾਲੇ ਸਮੇਂ ਵਿੱਚ ਇਸ ਦੌਰ ਨੂੰ ਪੰਜਾਬੀ ਗਾਇਕੀ ਦਾ ਸਿਖਰਲਾ ਦੌਰ ਹੀ ਲਿਖਿਆ ਜਾਵੇਗਾ। ਅੱਜ ਪੰਜਾਬੀ ਗਾਇਕੀ ਨੇ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਇਆ ਹੈ ਤੇ ਅਲਾਮਤ ਆਉਣ 'ਤੇ ਹਰ ਸੰਭਵ ਮਦਦ ਦਾ ਯਤਨ ਵੀ ਕੀਤਾ ਹੈ। ਅੱਜ ਜਦੋਂ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਹੋਂਦ 'ਤੇ ਬੇਸ਼ੱਕ ਅਨੇਕ ਖ਼ਤਰੇ ਮੰਡਰਾ ਰਹੇ ਹਨ, ਪਰ ਪੰਜਾਬੀ ਗਾਇਕੀ ਇੱਕ ਅਜਿਹਾ ਪਹਿਲੂ ਹੈ ਜੋ ਕਿ ਸੱਭਿਆਚਾਰ ਜਾਂ ਵਿਰਸੇ ਜਾਂ ਲੋਕ ਰੰਗ ਨੂੰ ਨਾ ਸਹੀ, ਪਰ ਪੰਜਾਬੀ ਭਾਸ਼ਾ ਅਤੇ ਪੰਜਾਬੀ ਧੁਨਾਂ ਨੂੰ ਪੂਰੇ ਵਿਸ਼ਵ ਵਿੱਚ ਬਾਖ਼ੂਬੀ ਪੇਸ਼ ਕਰ ਰਹੀ ਹੈ। ਮਾਣ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਕੋਈ ਗ਼ੈਰ ਪੰਜਾਬੀ ਬੋਲੀ ਬੋਲਣ ਵਾਲਾ ਵੀ ਪੰਜਾਬੀ ਗੀਤ ਗੁਣਗੁਣਾਉਂਦਾ ਨਜ਼ਰ ਆਉਂਦਾ ਹੈ।

ਡਾ.ਅੰਤਰਪ੍ਰੀਤ ਸਿੰਘ ਬੈਨੀਪਾਲ
ਸੰਪਰਕ: 98889-21290

# ਇਕ ਘਰ ਹੈ ਸਰਦਾਰ ਲੱਖਾ ਸਿੰਘ ਦਾ...



ਸਾਡੇ ਘਰ ਦੇ ਨੇੜੇ ਇਕ ਘਰ ਹੈ ਸਰਦਾਰ ਲੱਖਾ ਸਿੰਘ ਦਾ (ਹੁਣ ਇਸ ਦੁਨੀਆ ਵਿੱਚ ਨਹੀਂ ਰਿਹਾ) ਬਚਪਨ ਤੋਂ ਉਸ ਦੀ ਗਰੀਬੀ ਨੂੰ ਵੇਖਦਾ ਆ ਰਿਹਾ ਸੀ। ਬੱਸ ਦਿਹਾੜੀ ਵਗੈਰਾ ਕਰਕੇ ਰੋਟੀ ਟੁੱਕ ਚਲਦਾ ਸੀ ਉਸਦਾ। ਦੋ ਪੁੱਤ ਤੇ ਦੋ ਧੀਆਂ ਸੀ ਉਸਦੀਆਂ। ਮੁੰਡੇ ਬੱਸ ਅਵਾਰਾ ਗਰਦੀ ਚ ਮਸਤ।

ਵੱਡੀ ਧੀ ਛੇਵੀਂ ਕਲਾਸ ਚ ਪੜ੍ਹਦੀ ਸੀ। ਗਰਮੀਆਂ ਦੇ ਦਿਨਾਂ ਵਿੱਚ ਅਕਸਰ ਸਾਡੇ ਘਰੋਂ ਫਰਿੱਜ ਦੀ ਬਰਫ ਲੈਣ ਆ ਜਾਣਾ। ਦੋ ਡੂੰਘੇ ਸਵੇਰੇ ਦੋ ਸ਼ਾਮ ਨੂੰ। ਇੱਕ ਦਿਨ ਮੈਨੂੰ ਪੁੱਛਦੀ," ਵੀਰ ਜੀ ! ਨਵੀਂ ਫਰਿੱਜ ਕਿੰਨੇ ਕੂ ਦੀ ਆ ਜਾਂਦੀ ਆ।"

ਮੈਂ ਮੁਸਕਰਾ ਕੇ ਕਿਹਾ। ,"ਰਾਜੇ ! ਜਦੋਂ ਲੋੜ ਹੋਈ ਦੱਸ ਦੇਣਾ। " ਸਹਿਜੇ ਹੀ ਬੈਠਿਆ ਇਕ ਦਿਨ ਉਸ ਦੇ ਪਿਓ ਲੱਖਾ ਸਿੰਘ ਨੇ ਕਿਹਾ, "ਮਾਸਟਰਾ ! ਜਦੋਂ ਕੁੜੀ ਦਾ ਵਿਆਹ ਕੀਤਾ ਤੇ ਇਸ ਨੂੰ ਫਰਿੱਜ ਜਰੂਰ ਦੇਣੀ ਮੈਂ।" ਮੈਂ ਵੀ ਉਸ ਨੂੰ ਕਿਹਾ ,"ਚਾਚਾ ! ਟੈਂਸ਼ਨ ਨਹੀਂ ਲੈਣੀ ਫਰਿੱਜ ਮੈਂ ਲੈ ਦਿਆਗਾਂ।" ਮਨ ਨੂੰ ਖੁਸ਼ੀ ਵੀ ਹੋਈ। ਮਨ ਵਿੱਚ ਪੱਕਾ ਧਾਰ ਲਿਆ ਕਿ ਕੁੜੀ ਦੇ ਵਿਆਹ ਤੇ ਫਰਿੱਜ ਜਰੂਰ ਲੈ ਕੇ ਦੇਣੀ ਆ। ਦੋ ਤਿੰਨ ਸਾਲ ਏਸੇ ਤਰ੍ਹਾਂ ਬੀਤ ਗਏ।

ਇਕ ਦਿਨ ਐਸਾ ਆਇਆ ਕਿ ਕੁੜੀ ਨੂੰ ਟਾਇਫਾਈਡ ਹੋ ਗਿਆ। ਪੀਲੀਆ ਵੀ ਨਾਲ ਹੀ। ਗਰੀਬੀ ਕਰਕੇ ਇਲਾਜ਼ ਨਹੀਂ ਸੀ ਕਰਵਾ ਰਿਹਾ। ਇਕ ਦਿਨ ਦੋ ਹਜਾਰ ਰੁਪਿਆ ਦੇ ਕੇ ਕਿਹਾ ਕਿ ਉਹ ਕਿਸੇ ਚੰਗੇ ਡਾਕਟਰ ਨੂੰ ਵਿਖਾਓ। ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ । ਪਰ ਹੋਣੀ ਅੱਗੇ ਕਿਸ ਦੀ ਚਲਦੀ। ਦਸ ਕੂ ਦਿਨ ਹਸਪਤਾਲ ਰਹੀ। ਇਕ ਦਿਨ ਦੁਪਹਿਰ ਵੇਲੇ ਕੁੜੀ ਦਾ ਪਤਾ ਲੈਣ ਹਸਪਤਾਲ ਨੂੰ ਚਲ ਪਿਆ। ਅੱਗੋਂ ਲੱਖਾ ਸਿੰਘ ਰੋਂਦਾ ਹੋਇਆ ਤੁਰਿਆ ਆਵੇ। ਕਹਿੰਦਾ," ਮਾਸਟਰਾ ! ਕੁੜੀ ਮੁੱਕ ਗਈ ਆ ਆਪਣੀ।" ਥੋੜ੍ਹੇ ਪੈਹੇ ਦੇ । ਲੱਕੜ ਬਾਲਣ ਲਿਆਉਣ ਨੂੰ। ਸਾਰਾ ਖਰਚ ਕੀਤਾ ਕੁੜੀ ਦੇ ਸਸਕਾਰ ਦਾ।

ਜਿਉਣ ਜੋਗੀ ਆਪਣੇ ਹਿੱਸੇ ਦਾ ਖਰਚ ਕਰਵਾ ਹੀ ਗਈ ਜਾਂਦੀ ਜਾਂਦੀ

Davinder Singh Johal

# (ਸਬਰ, ਸਮਾਂ ਤੇ ਸਦਮਾ)

ਕਹਿੰਦੇ ਨੇ ਕਿ
ਔਰਤ ਸਬਰ ਸੰਤੋਖ ਦੀ ਮੂਰਤ ਹੈ
ਸਹਿਣਾ ਹੀ ਉਸਦੇ ਹਿੱਸੇ
ਆਇਆ ਹੈ ਸ਼ਾਇਦ
ਸਹਿੰਦੀ ਰਹਿੰਦੀ ਹੈ
ਕਦ ਤੱਕ
ਇੱਕ ਦਿਨ ਸਹਿੰਦੇ ਸਹਿੰਦੇ
ਉਸਦੀ ਮਾਨਸਿਕ ਤੇ ਸ਼ਰੀਰਿਕ ਸ਼ਕਤੀ
ਜਵਾਬ ਦੇ ਦਿੰਦੀ ਹੈ ਪਰ
ਉਹ ਜ਼ਿੰਦਗੀ ਦੇ ਆਖਿਰੀ ਪਲਾਂ ਤੱਕ
ਸਹਿੰਦੀ ਰਹਿੰਦੀ ਹੈ
ਇੰਤਜ਼ਾਰ ਕਰਦੀ ਹੈ ਕਿ
ਸਮੇਂ ਨਾਲ ਸੱਭ ਠੀਕ ਹੋ ਜਾਂਦਾ ਹੈ
ਪਰ ਕਦ ਤੱਕ
ਸਮਾਂ ਕਦੀ ਰੁਕਦਾ ਨਹੀਂ
ਖਿਸਕਦਾ ਰਹਿੰਦਾ ਹੈ
ਸਮਾਂ ਨਾ ਰਿਹਾ ਤੇ ਕੀ ਕਰੋਗੇ
ਕਿਸੇ ਦੇ ਸਬਰ ਦਾ ਐਨਾ ਇਮਤਿਹਾਨ ਨਾ
ਲਉ
ਕਿ ਸਮਾਂ ਹੀ ਖਿਸਕਦਾ ਜਾਏ
ਸਮਾਂ ਹੀ ਨਾ ਰਿਹਾ ਤਾਂ ਕੀ ਕਰੋਗੇ ਫਿਰ ।
ਸਹਿੰਦੇ ਸਹਿੰਦੇ ਉਸਦਾ ਸਬਰ ਵੀ
ਜਵਾਬ ਦੇ ਦਿੰਦਾ ਹੈ ਇਕ ਦਿਨ
ਉਧਰ ਸਮਾਂ ਵੀ ਹੱਥੋਂ ਫਿਸਲਦਾ ਰਿਹਾ
ਉਸਦਾ ਰੁਦਨ, ਵਿਰਲਾਪ,
ਪੀੜਾ, ਹੌਕੇ ਰਾਤ ਦੇ ਅੰਧੇਰੇ
ਵਿੱਚ ਹੀ ਗੁੰਮ ਹੋ ਕੇ
ਰਹਿ ਜਾਂਦੇ ਹਨ ਤੇ
ਇੱਕ ਦਿਨ ਐਨੇ ਸਦਮੇ ਨਾ
ਸਹਾਰਦੀ ਹੋਈ ਔਰਤ
ਟੁੱਟ ਜਾਂਦੀ ਹੈ, ਬਿਖਰ ਜਾਂਦੀ ਹੈ
ਧੁਰੋਂ ਬੁਲਾਵਾ ਆ ਜਾਂਦਾ ਹੈ
ਤੇ ਮੌਤ ਆਪਣੇ ਕਲਾਵੇ ਵਿਚ
ਲੈ ਲੈਂਦੀ ਹੈ , ਉਹ ਸਦਾ ਲਈ
ਸਕੂਨ ਦੀ ਨੀਂਦ ਸੌਂ ਜਾਂਦੀ ਹੈ ।

(ਰਮਿੰਦਰ ਰੰਮੀ)

# ਬੰਬੀ ਤਕਰੀਬਨ ਦੋ ਕਿਲੋਮੀਟਰ...



ਪਿੰਡੋਂ ਸਾਡੀ ਬੰਬੀ ਤਕਰੀਬਨ ਦੋ ਕਿਲੋਮੀਟਰ ਵਿਥ ਤੇ ਸੀ..ਅਸੀਂ ਸਭ ਨਿਆਣੇ ਰੋਟੀ ਦੇਣ ਇੱਕਠੇ ਹੋ ਕੇ ਨਿੱਕਲਦੇ..ਰਾਹ ਵਿਚ ਕਿਸੇ ਦੀ ਮੂਲੀ ਕਿਸੇ ਦਾ ਗੰਨਾ ਗਾਜਰ ਤੇ ਕਿਸੇ ਦਾ ਨਿੱਕਲਦਾ ਗੁੜ..ਮੰਗਦੇ ਵੀ ਨਹੀਂ ਸੀ..ਬੱਸ ਪੁੱਟ ਭੰਨ ਲੈਂਦੇ..ਕੋਈ ਰੋਕ ਟੋਕ ਨਹੀਂ.. !

ਰਾਹ ਵਿਚ ਇੱਕ ਟਿਊਬਵੈਲ..ਓਥੇ ਨਹਾਉਣ ਵੜਨਾ ਤਾਂ ਸੂਮ ਜੱਟ ਨੇ ਨੱਕ ਬੁੱਲ ਵੱਟਣਾ..ਇੱਕ ਦਿਨ ਹੈ ਨਹੀਂ ਸੀ..ਸਾਰੇ ਵੜ ਗਏ..ਇੱਕ ਨੂੰ ਧਿਆਨ ਰੱਖਣ ਲਈ ਬਾਹਰ ਖਲਿਆਰ ਦਿੱਤਾ.. !

ਅਚਾਨਕ ਹਰੇ ਰੰਗ ਦਾ ਸ਼ੂਕਦਾ ਹੋਇਆ ਇੱਕ ਸੱਪ ਪਾਸੇ ਤੋਂ ਨਿੱਕਲਿਆ ਤੇ ਦੂਜੇ ਪਾਸੇ ਜਾ ਵੜਿਆ..ਹਫੜਾ ਦਫੜੀ ਮੱਚ ਗਈ..ਸਭ ਸ਼ੂਟ ਵੱਟ ਗਏ ਮੈਂ ਓਦੋਂ ਬਾਅਦ ਫੇਰ ਕਦੇ ਵੀ ਉਸ ਕੱਚੇ ਚੁਬੱਚੇ ਨਹੀਂ ਵੜਿਆ..ਬਾਕੀ ਦੇ ਘਾਹ ਫੂਸ ਸੋਟੀ ਨਾਲ ਹਿਲਾ ਕੇ ਵੜ ਜਾਇਆ ਕਰਦੇ.. !

ਕੋਲ ਜਾਮਨੂੰ ਦਾ ਰੁੱਖ ਵੀ ਸੀ..ਇੱਕ ਦਿਨ ਕਿਸੇ ਨੂੰ ਇੱਲਤ ਸੁੱਝ ਪਈ..ਡੂਮਣੇ ਨੂੰ ਢੀਮ ਮਾਰ ਦਿੱਤੀ..ਸਾਰਾ ਮਖਿਆਲ ਪਿੱਛੇ ਹੋ ਤੁਰਿਆ..ਕੁਝ ਦੂਰ ਨੱਸ ਗਏ..ਕੁਝ ਖੇਤਾਂ ਵਿਚ ਲਿਟਣ ਲੱਗ ਪਏ..ਮੱਖੀਆਂ ਜਿਸ ਨੇ ਢੀਮ ਮਾਰੀ ਹੋਵੇ ਉਸ ਨੂੰ ਸਭ ਤੋਂ ਪਹਿਲਾਂ ਢਾਹੁੰਦੀਆਂ..ਤੇ ਬਾਕੀਆਂ ਨੂੰ ਬਾਅਦ ਵਿਚ.. !

ਮੇਰੇ ਕੋਲ ਇੱਕੋ ਰਾਹ ਸੀ..ਕੱਚੇ ਚੁਬੱਚੇ ਦੇ ਪਾਣੀ ਅੰਦਰ ਲੁਕ ਜਾਣ ਦਾ..ਕੇਰਾਂ ਤੇ ਸੱਪ ਦਾ ਖਿਆਲ ਤੇ ਆਇਆ ਪਰ ਸਿਰ ਤੇ ਵੱਜੇ ਡੰਗ ਦੀ ਚੀਸ ਨੇ ਸਭ ਕੁਝ ਭੁਲਾ ਦਿੱਤਾ..ਫੇਰ ਅੰਨ੍ਹੇ ਵਾਹ ਛਾਲ ਮਾਰ ਦਿੱਤੀ..ਲੰਮੇ ਸਾਹ ਵਾਲੀ ਚੁੱਭੀ ਕਰਕੇ ਬਚਾ ਹੋ ਗਿਆ..ਅਗਲੇ ਦਿਨ ਸਭ ਤੋਂ ਘੱਟ ਸੋਜਸ਼ ਮੇਰੇ ਮੂੰਹ ਤੇ ਹੀ ਸੀ.. !

ਬਾਪੂ ਹੁਰੀਂ ਅਕਸਰ ਆਖਿਆ ਕੇ ਜੇ ਕਦੇ ਸਿਰ ਤੇ ਆਣ ਪਈ ਤੋਂ ਬਚਣ ਲਈ ਵੈਰੀ ਦੇ ਗੜ ਵਿਚ ਪਨਾਹ ਲੈਣੀ ਪੈ ਵੀ ਜਵੇ ਤਾਂ ਕੋਈ ਹਰਜ ਨਹੀਂ..ਕਿਓਂਕੇ ਰੱਬ ਨੇੜੇ ਕੇ ਘਸੁੰਨ ਵਾਲੀ ਕਹਾਵਤ ਇਥੇ ਐਨ ਫਿੱਟ ਬੈਠਦੀ !

ਹਰਪ੍ਰੀਤ ਸਿੰਘ ਜਵੰਦਾ

# ਛਾਲੇ

–ਗੁਰਮੀਤ ਸਿੰਘ

ਕੋਈ ਸਬੂਤ ਨਹੀਂ ਹੈ ਇਸ ਗੱਲ ਦਾ ਮੇਰੇ ਕੋਲ
ਕਿ ਮੇਰੇ ਲਈ ਖਾਣਾ ਬਣਾਉਣ ਦੇ ਵਕਤ
ਰੋਟੀ ਦੀ ਭਾਫ਼ ਨਾਲ ਕਿੰਨੀ ਵਾਰ
ਉਂਗਲੀਆਂ ਦੇ ਪੋਟੇ ਜਲੇ ਹੋਣਗੇ ਮੇਰੀ ਪਤਨੀ ਦੇ
ਮੇਰੇ ਕੋਲ ਇਸ ਗੱਲ ਦਾ ਵੀ ਕੋਈ ਰਿਕਾਰਡ ਨਹੀਂ
ਕਿ ਐਤਵਾਰ ਨੂੰ ਸਭ ਤੋਂ ਵੱਧ ਸਵਾਦੀ
ਜੋ ਸਬਜ਼ੀ ਬਣਾਈ ਸੀ ਮੇਰੀ ਪਤਨੀ ਨੇ
ਉਸ ਵਿਚ ਲੂਣ, ਮਿਰਚ, ਹਲਦੀ, ਧਨੀਆ
ਅਤੇ ਗਰਮ ਮਸਾਲੇ ਦਾ ਕੀ ਅਨੁਪਾਤ ਸੀ ?
ਛੁੱਟੀ ਵਾਲੇ ਦਿਨ ਖਾਣੇ ਲਈ
ਬੁਲਾਇਆ ਸੀ ਕੁਝ ਮਹਿਮਾਨਾਂ ਨੂੰ
ਸਵੇਰ ਤੋਂ ਹੀ ਜੁੱਟ ਗਈ ਸੀ ਮੇਰੀ ਪਤਨੀ,
ਕਿਚਨ ਵਿਚ ਤਿਆਰ ਕਰਨ ਲਈ ਪਕਵਾਨਾਂ ਨੂੰ।
ਖੀਰ ਦੀ ਗਰਮ ਕੜਾਹੀ ਅਤੇ ਦਾਲ ਮਖਣੀ ਦਾ
ਗਰਮ ਪਤੀਲਾ ਛੂਹ ਗਿਆ ਸੀ,
ਉਸਦੀਆਂ ਕੋਮਲ ਕਲਾਈਆਂ ਨੂੰ
ਅਤੇ ਉਭਰ ਆਏ ਸੀ ਤਿੰਨ-ਚਾਰ 'ਛਾਲੇ'
ਜਿਨ੍ਹਾਂ ਬਾਰੇ ਉਸਨੇ ਮੈਨੂੰ ਨਹੀਂ ਸੀ ਦੱਸਿਆ।
ਉਸ ਦਿਨ ਵੀ ਖਾਣਾ ਬਣਿਆ ਸੀ ਬਹੁਤ ਸਵਾਦੀ
ਕਿਉਂਕਿ ਮੇਰੀ ਪਤਨੀ ਹੈ ਦੇਵੀ 'ਅਨਪੂਰਣਾ'
ਖਾਣਾ ਖਾ ਕੇ ਮਹਿਮਾਨ ਚਲਦੇ ਬਣੇ,
ਨਾ ਸ਼ੁਕਰੀਆ ਨਾ ਧੰਨਵਾਦ
ਕਿਸੇ ਦੇ ਮੂੰਹੋ ਨਿਕਲਿਆ।
ਉਲਟਾ ਮੈਂ ਤੇ ਮੇਰੀ ਪਤਨੀ ਨੇ
ਹੱਥ ਜੋੜ ਕੇ ਕੀਤਾ ਧੰਨਵਾਦ ਉਨ੍ਹਾਂ ਦਾ
ਤਸ਼ਰੀਫ਼ ਲਿਆਉਣ ਲਈ।
ਮੈਂ ਵੀ ਖਾਣੇ ਦੀ ਤਾਰੀਫ਼ ਕਰਨ ਲਈ
ਦੇ ਨਾ ਸਕਿਆ ਕੋਈ ਤੋਹਫ਼ਾ ਜਾਂ ਉਪਹਾਰ
ਆਪਣੀ ਪਤਨੀ ਨੂੰ, ਸਿਰਫ਼ ਇਕ
'ਬਰਨੌਲ' ਦੀ ਟਿਊਬ ਤੋਂ ਸਿਵਾ।

# ਪੜ੍ਹਾਈ 'ਚ ਫਾਡੀ ਪਰ ਕ੍ਰਿਕਟ 'ਚ ਅੱਵਲ ਰਿਹਾ ਸੂਰਿਆ ਕੁਮਾਰ




ਭਾਰਤੀ ਟੀ-20 ਕ੍ਰਿਕਟ ਟੀਮ ਦਾ ਕਪਤਾਨ ਸੂਰਿਆਕੁਮਾਰ ਯਾਦਵ ਭਾਵੇਂ ਪੜ੍ਹਾਈ ਵਿੱਚ ਬਹੁਤਾ ਹੁਸ਼ਿਆਰ ਨਹੀਂ ਸੀ, ਪਰ ਕ੍ਰਿਕਟ ਦੇ ਮੈਦਾਨ ਵਿੱਚ ਉਸ ਨੇ 80 ਫ਼ੀਸਦੀ ਅੰਕ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਹਾਲ ਹੀ ਵਿੱਚ ਵਿਸ਼ਵ ਕੱਪ ਖ਼ਿਤਾਬ ਦਾ ਬਚਾਅ ਕਰਨ ਵਾਲੇ ਸੂਰਿਆਕੁਮਾਰ ਦੀ ਕਪਤਾਨੀ ਹੇਠ ਭਾਰਤ ਨੇ 52 ਮੈਚ ਖੇਡੇ, ਜਿਨ੍ਹਾਂ 'ਚੋਂ ਟੀਮ ਨੇ 42 'ਚ ਜਿੱਤ ਹਾਸਲ ਕੀਤੀ। ਇਹ ਜਿੱਤ ਦਰ 80 ਫ਼ੀਸਦੀ ਬਣਦੀ ਹੈ।

ਸੂਰਿਆਕੁਮਾਰ ਨੇ ਮਜ਼ਾਹੀਆ ਲਹਿਜੇ ਵਿੱਚ ਕਿਹਾ ਕਿ ਸਕੂਲ ਤੇ ਕਾਲਜ ਵਿੱਚ ਉਹ ਕਦੇ ਵੀ 50-60 ਫ਼ੀਸਦੀ ਤੋਂ ਵੱਧ ਨੰਬਰ ਨਹੀਂ ਲੈ ਸਕਿਆ ਪਰ ਕ੍ਰਿਕਟ ਵਿੱਚ ਇਹ ਮੁਕਾਮ ਹਾਸਲ ਕਰ ਕੇ ਉਹ ਬਹੁਤ ਖੁਸ਼ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਭਾਵੇਂ ਇੰਜਨੀਅਰ ਸਨ ਪਰ ਪਰਿਵਾਰ ਨੇ ਕਦੇ ਪੜ੍ਹਾਈ ਲਈ ਦਬਾਅ ਨਹੀਂ ਪਾਇਆ ਅਤੇ ਹਮੇਸ਼ਾ ਖੇਡ ਲਈ ਹੱਲਾਸ਼ੇਰੀ ਦਿੱਤੀ। ਉਸ ਨੇ ਕਿਹਾ ਕਿ ਮਿਹਨਤ ਨੇ ਉਸ ਨੂੰ ਕਦੇ ਵੀ 'ਪਲਾਨ ਬੀ' ਦੀ ਲੋੜ ਨਹੀਂ ਪੈਣ ਦਿੱਤੀ।

# ਸ਼ੁਭਮਨ ਗਿੱਲ ਅਤੇ ਸਮ੍ਰਿਤੀ ਮੰਧਾਨਾ BCCI ਅੰਤਰਰਾਸ਼ਟਰੀ ਕ੍ਰਿਕਟਰ ਚੁਣੇ ਗਏ

## 2024 ਤੋਂ 2026 ਤੱਕ ਦੋ ਸਾਲਾਂ ਵਿੱਚ 5 ICC ਟੂਰਨਾਮੈਂਟ ਜਿੱਤਣ ਵਾਲੀਆਂ ਪੰਜਾਂ ਟੀਮਾਂ ਨੂੰ ਕੀਤਾ ਗਿਆ ਸਨਮਾਨਿਤ



ਨਵੀਂ ਦਿੱਲੀ: ਭਾਰਤੀ ਕਪਤਾਨ ਸ਼ੁਭਮਨ ਗਿੱਲ ਅਤੇ ਸਮ੍ਰਿਤੀ ਮੰਧਾਨਾ ਨੂੰ ਐਤਵਾਰ ਨੂੰ ਬੀਸੀਸੀਆਈ ਇੰਟਰਨੈਸ਼ਨਲ ਕ੍ਰਿਕਟਰ ਆਫ਼ ਦਿ ਈਅਰ ਚੁਣਿਆ ਗਿਆ। ਦੋਵਾਂ ਨੂੰ ਐਤਵਾਰ ਨੂੰ ਬੀਸੀਸੀਆਈ ਵੱਲੋਂ ਕਰਵਾਏ ਗਏ ਨਮਨ ਅਵਾਰਡ 2026 ਵਿੱਚ ਸਨਮਾਨਿਤ ਕੀਤਾ ਗਿਆ।

ਨਵੀਂ ਦਿੱਲੀ ਵਿੱਚ ਹੋਏ ਸਮਾਰੋਹ ਵਿੱਚ, 1983 ਵਿਸ਼ਵ ਕੱਪ ਜੇਤੂ ਟੀਮ ਦੇ ਮੈਂਬਰ ਰੋਜਰ ਬਿੰਨੀ ਅਤੇ ਸਾਬਕਾ ਕਪਤਾਨ ਰਾਹੁਲ ਦ੍ਰਾਵਿੜ ਨੂੰ ਕਰਨਲ ਸੀਕੇ ਨਾਇਡੂ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਦਿੱਤਾ ਗਿਆ। ਭਾਰਤੀ ਮਹਿਲਾ ਟੀਮ ਦੀ ਸਾਬਕਾ ਕਪਤਾਨ ਮਿਤਾਲੀ ਰਾਜ ਨੂੰ ਵੀ ਇਹ ਸਨਮਾਨ ਮਿਲਿਆ।

ਇੱਥੇ, 2024-26 ਤੱਕ ਪੰਜ ਆਈਸੀਸੀ ਟੂਰਨਾਮੈਂਟ ਜਿੱਤਣ ਵਾਲੀਆਂ ਪੰਜ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਵਿੱਚ ਪੁਰਸ਼ ਟੀ-20 ਵਿਸ਼ਵ ਕੱਪ, ਚੈਂਪੀਅਨਜ਼ ਟਰਾਫੀ, ਮਹਿਲਾ ਵਿਸ਼ਵ ਕੱਪ ਤੋਂ ਇਲਾਵਾ ਅੰਡਰ-19 ਵਿਸ਼ਵ ਕੱਪ ਜਿੱਤਣ ਵਾਲੀਆਂ ਪੁਰਸ਼ ਅਤੇ ਮਹਿਲਾ ਟੀਮਾਂ ਸ਼ਾਮਲ ਸਨ।

# ਕ੍ਰਿਕਟਰ ਕੁਲਦੀਪ ਯਾਦਵ ਵਿਆਹ ਬੰਧਨ 'ਚ ਬੱਝੇ

ਮਸੂਰੀ : ਕ੍ਰਿਕਟਰ ਕੁਲਦੀਪ ਯਾਦਵ 14 ਮਾਰਚ ਨੂੰ ਵਿਆਹ ਬੰਧਨ 'ਚ ਬੱਝ ਗਏ। ਉਨ੍ਹਾਂ ਆਪਣੀ ਬਚਪਨ ਦੀ ਦੋਸਤ ਵੰਸ਼ਿਕਾ ਸਿੰਘ ਨਾਲ ਸੱਤ ਫੇਰੇ ਲਏ। ਮਸੂਰੀ ਸਥਿਤ ਆਈਟੀਸੀ ਸੇਵਾਏ ਹੋਟਲ 'ਚ ਸ਼ਾਹੀ ਅੰਦਾਜ਼ 'ਚ ਦੋਵਾਂ ਨੇ ਸੱਤ ਫੇਰੇ ਲਏ। ਜ਼ਿਕਰਯੋਗ ਹੈ ਪਿਛਲੇ ਤਿੰਨ ਦਿਨ ਤੋਂ ਇਥੇ ਵਿਆਹ ਦੀਆਂ ਰਸਮਾਂ ਚੱਲ ਰਹੀਆਂ ਹਨ। ਜੈਮਾਲਾ ਦੇ ਲਈ ਮੰਚ ਵੱਲ ਜਾਂਦੇ ਸਮੇਂ ਕੁਲਦੀਪ ਯਾਦਵ ਅਤੇ ਵੰਸ਼ਿਕਾ ਸਿੰਘ ਨੇ ਇਕ-ਦੂਜੇ ਦਾ ਹੱਥ ਫੜਿਆ ਹੋਇਆ ਸੀ। ਇਸ ਤੋਂ ਬਾਅਦ ਦੋਵਾਂ ਨੇ ਜੈਮਾਲਾ ਦੀ ਰਸਮ ਪੂਰੀ ਕੀਤੀ ਅਤੇ ਰਾਤ 'ਚ ਰੀਤੀ-ਰਿਵਾਜ਼ ਅਨੁਸਾਰ 7 ਫੇਰੇ ਲਏ। ਇਸ ਤੋਂ ਪਹਿਲਾਂ ਕੁਲਦੀਪ ਯਾਦਵ ਨੇ ਗੋਲਡਨ ਸ਼ੇਰਵਾਨੀ ਪਹਿਨ ਕੇ ਘੋੜੇ 'ਤੇ ਸਵਾਰ ਹੋ ਕੇ ਬਰਾਤ ਲੈ ਕੇ ਲਾੜੀ ਨੂੰ ਲੈ ਲਈ ਨਿਕਲੇ। ਬਰਾਤ 'ਚ ਮੌਜੂਦ ਕ੍ਰਿਕਟਰਜ਼ ਨੇ ਗੁਲਾਬੀ ਅਤੇ ਸਫੇਦ ਰੰਗ ਦੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਢੋਲ ਦੇ ਡੱਗੇ 'ਤੇ ਕ੍ਰਿਕਟ ਖਿਡਾਰੀਆਂ ਨੇ ਜਮ ਕੇ ਭੰਗੜਾ ਪਾਇਆ।

# Smriti Mandhana ਪਹਿਲੇ ਨੰਬਰ 'ਤੇ ਬਰਕਰਾਰ



ਆਈਸੀਸੀ ਮਹਿਲਾ ਇਕ ਦਿਨਾ (ODI) ਰੈਂਕਿੰਗ ਵਿੱਚ ਭਾਰਤੀ ਉਪ-ਕਪਤਾਨ ਸਮ੍ਰਿਤੀ ਮੰਧਾਨਾ ਦੁਨੀਆ ਦੀ ਨੰਬਰ ਇੱਕ ਬੱਲੇਬਾਜ਼ ਵਜੋਂ ਕਾਇਮ ਹੈ। ਉਸ ਦੇ 790 ਅੰਕ ਹਨ। ਭਾਰਤੀ ਕਪਤਾਨ ਹਰਮਨਪ੍ਰੀਤ ਕੌਰ ਨੂੰ ਵੀ ਫਾਇਦਾ ਹੋਇਆ ਹੈ ਅਤੇ ਉਹ ਹੁਣ ਇੱਕ ਦਰਜੇ ਦੇ ਸੁਧਾਰ ਨਾਲ ਸੱਤਵੇਂ ਸਥਾਨ 'ਤੇ ਪਹੁੰਚ ਗਈ ਹੈ। ਨਿਊਜ਼ੀਲੈਂਡ ਦੀ ਦਿੱਗਜ਼ ਖਿਡਾਰਨ ਸੋਫੀ ਡਿਵਾਈਨ ਦੇ ਦੋ ਅੰਕ ਘਟਣ (ਨੌਵੇਂ ਸਥਾਨ) ਕਾਰਨ ਹਰਮਨਪ੍ਰੀਤ ਨੂੰ ਇਹ ਫਾਇਦਾ ਮਿਲਿਆ। ਮੱਧ ਕ੍ਰਮ ਦੀ ਬੱਲੇਬਾਜ਼ ਜੇਮਿਮਾ ਰੌਡਰਿਗਜ਼ 12ਵੇਂ ਸਥਾਨ 'ਤੇ ਬਰਕਰਾਰ ਹੈ।

**ਨਿਊਜ਼ੀਲੈਂਡ ਦੀਆਂ ਖਿਡਾਰਨਾਂ ਦਾ ਸ਼ਾਨਦਾਰ ਪ੍ਰਦਰਸ਼ਨ**

ਨਿਊਜ਼ੀਲੈਂਡ ਦੀ ਮੈਡੀ ਗ੍ਰੀਨ ਨੇ ਜ਼ਿੰਬਾਬਵੇ ਵਿਰੁੱਧ ਆਖਰੀ ਵਨਡੇਅ ਮੈਚ ਵਿੱਚ 94 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ, ਜਿਸ ਸਦਕਾ ਉਹ ਪੰਜ ਸਥਾਨਾਂ ਦੀ ਛਾਲ ਮਾਰ ਕੇ 17ਵੇਂ ਨੰਬਰ 'ਤੇ ਆ ਗਈ ਹੈ। ਇਹ ਉਸ ਦੇ ਕਰੀਅਰ ਦੀ ਸਭ ਤੋਂ ਵਧੀਆ ਰੈਂਕਿੰਗ ਹੈ। ਇਸ ਦੇ ਨਾਲ ਹੀ ਟੀਮ ਦੀ ਕਪਤਾਨ ਅਮੇਲੀਆ ਕੇਰ ਨੇ ਵੀ ਕਮਾਲ ਦਿਖਾਇਆ; ਉਸ ਨੇ ਆਖਰੀ ਵਨਡੇਅ ਵਿੱਚ 80 ਦੌੜਾਂ ਬਣਾਉਣ ਦੇ ਨਾਲ-ਨਾਲ 22 ਦੌੜਾਂ ਦੇ ਕੇ 5 ਵਿਕਟਾਂ ਵੀ ਹਾਸਲ ਕੀਤੀਆਂ। ਇਸ ਹਰਫਨਮੌਲਾ ਪ੍ਰਦਰਸ਼ਨ ਸਦਕਾ ਬੱਲੇਬਾਜ਼ੀ ਰੈਂਕਿੰਗ ਵਿੱਚ ਵੀ ਸਧਾਰ ਹੋਇਆ ਤੇ ਉਹ 19ਵੇਂ ਸਥਾਨ 'ਤੇ ਪਹੁੰਚ ਗਈ।


ਟੀ-20 ਰੈਂਕਿੰਗ ਵਿੱਚ ਵੀ ਕਾਫੀ ਬਦਲਾਅ ਦੇਖਣ ਨੂੰ ਮਿਲੇ ਹਨ। ਨਿਊਜ਼ੀਲੈਂਡ ਦੀ ਅਮੇਲੀਆ ਕੇਰ ਨੇ ਦੱਖਣੀ ਅਫਰੀਕਾ ਵਿਰੁੱਧ ਪਹਿਲੇ ਟੀ-20 ਵਿੱਚ 78 ਦੌੜਾਂ ਬਣਾ ਕੇ ਆਪਣੇ ਕਰੀਅਰ ਦੇ ਸਰਵੋਤਮ 694 ਰੇਟਿੰਗ ਅੰਕ ਹਾਸਲ ਕੀਤੇ। ਜੌਰਜੀਆ ਪਲਿਮਰ ਨੇ ਵੀ 63 ਦੌੜਾਂ ਦੀ ਪਾਰੀ ਖੇਡ ਕੇ 50ਵੇਂ ਸਥਾਨ ਤੋਂ 41ਵੇਂ ਸਥਾਨ 'ਤੇ ਪਹੁੰਚਣ ਵਿੱਚ ਸਫਲਤਾ ਹਾਸਲ ਕੀਤੀ। ਗੇਂਦਬਾਜ਼ੀ ਵਿੱਚ ਜੇਸ ਕੇਰ (23ਵਾਂ ਸਥਾਨ) ਅਤੇ ਸੋਫੀ ਡਿਵਾਈਨ (79ਵਾਂ ਸਥਾਨ) ਨੇ ਵੀ ਆਪਣੀ ਰੈਂਕਿੰਗ ਵਿੱਚ ਸੁਧਾਰ ਕੀਤਾ ਹੈ।



**ਮੈਚਾਂ ਦੇ ਨਤੀਜੇ: ਨਿਊਜ਼ੀਲੈਂਡ ਦੀਆਂ ਜਿੱਤਾਂ**

ਨਿਊਜ਼ੀਲੈਂਡ ਨੇ ਜ਼ਿੰਬਾਬਵੇ ਵਿਰੁੱਧ ਵਨਡੇਅ ਲੜੀ 3-0 ਨਾਲ ਜਿੱਤ ਕੇ ਕਲੀਨ ਸਵੀਪ ਕੀਤਾ ਹੈ। ਦੂਜੇ ਪਾਸੇ, ਦੱਖਣੀ ਅਫਰੀਕਾ ਵਿਰੁੱਧ ਪੰਜ ਮੈਚਾਂ ਦੀ ਟੀ-20 ਲੜੀ ਵਿੱਚ ਨਿਊਜ਼ੀਲੈਂਡ ਨੇ ਪਹਿਲਾ ਮੈਚ 80 ਦੌੜਾਂ ਨਾਲ ਜਿੱਤ ਕੇ ਸ਼ਾਨਦਾਰ ਸ਼ੁਰੂਆਤ ਕੀਤੀ ਸੀ, ਹਾਲਾਂਕਿ ਦੂਜੇ ਮੈਚ ਵਿੱਚ ਦੱਖਣੀ ਅਫਰੀਕਾ ਨੇ ਵਾਪਸੀ ਕਰਦਿਆਂ ਜਿੱਤ ਦਰਜ ਕੀਤੀ ਹੈ। ਹੁਣ ਦੋਵਾਂ ਟੀਮਾਂ ਵਿਚਾਲੇ ਤੀਜਾ ਮੈਚ ਸ਼ੁੱਕਰਵਾਰ ਨੂੰ ਆਕਲੈਂਡ ਵਿੱਚ ਖੇਡਿਆ ਜਾਵੇਗਾ।

# ਸਿਨਰ ਤੇ ਸਬਾਲੈਂਕਾ ਨੇ ਪਹਿਲੀ ਵਾਰ ਜਿੱਤਿਆ ਇੰਡੀਅਨ ਵੈੱਲਜ਼ ਖ਼ਿਤਾਬ



ਯਾਨਿਕ ਸਿਨਰ ਨੇ ਦੂਜੇ ਸੈੱਟ ਦੇ ਟਾਈਬ੍ਰੇਕਰ ਵਿੱਚ ਪਛੜਨ ਤੋਂ ਬਾਅਦ ਲਗਾਤਾਰ ਸੱਤ ਅੰਕ ਬਣਾ ਕੇ ਸ਼ਾਨਦਾਰ ਵਾਪਸੀ ਕੀਤੀ ਅਤੇ ਡੇਨੀਅਲ ਮੈਦਵੇਦੇਵ ਨੂੰ 7-6, 7-6 ਨਾਲ ਹਰਾ ਕੇ ਪਹਿਲੀ ਵਾਰ ਇੰਡੀਅਨ ਵੈੱਲਜ਼ ਦਾ ਖ਼ਿਤਾਬ ਜਿੱਤ ਲਿਆ। ਖਾਸ ਗੱਲ ਇਹ ਰਹੀ ਕਿ ਸਿਨਰ ਨੇ ਪੂਰੇ ਟੂਰਨਾਮੈਂਟ ਵਿੱਚ ਇੱਕ ਵੀ ਸੈੱਟ ਨਹੀਂ ਹਾਰਿਆ। ਦੁਨੀਆ ਦੇ ਦੂਜੇ ਨੰਬਰ ਦੇ ਖਿਡਾਰੀ ਸਿਨਰ ਨੇ ਪਿਛਲੇ ਦਸ ਮੁਕਾਬਲਿਆਂ ਵਿੱਚ ਮੈਦਵੇਦੇਵ ਨੂੰ ਨੌਵੀਂ ਵਾਰ ਹਰਾਇਆ ਹੈ। ਮੈਦਵੇਦੇਵ ਨੇ ਸੈਮੀ ਫਾਈਨਲ ਵਿੱਚ ਚੋਟੀ ਦੀ ਰੈਂਕਿੰਗ ਵਾਲੇ ਕਾਰਲੋਸ ਅਲਕਰਾਜ਼ ਨੂੰ ਮਾਤ ਦਿੱਤੀ ਸੀ।

ਮਹਿਲਾ ਵਰਗ ਵਿੱਚ, ਦੁਨੀਆ ਦੀ ਨੰਬਰ ਇੱਕ ਖਿਡਾਰਨ ਐਰੀਨਾ ਸਬਾਲੈਂਕਾ ਨੇ ਇਲੀਨਾ ਰਿਬਾਕੀਨਾ ਨੂੰ 3-6, 6-3, 7-6 ਨਾਲ ਹਰਾ ਕੇ ਖ਼ਿਤਾਬ ਆਪਣੇ ਨਾਮ ਕੀਤਾ। ਇਸ ਤੋਂ ਪਹਿਲਾਂ 2023 ਅਤੇ 2025 ਵਿੱਚ ਉਪ-ਜੇਤੂ ਰਹਿਣ ਵਾਲੀ ਸਬਾਲੈਂਕਾ ਦਾ ਇਹ ਪਹਿਲਾ ਇੰਡੀਅਨ ਵੈੱਲਜ਼ ਖ਼ਿਤਾਬ ਹੈ।

# ਅਲਬਰਟਾ ਨੂੰ 2028 ਹਾਕੀ ਵਿਸ਼ਵ ਕੱਪ ਦੀ ਮਿਲੀ ਮੇਜ਼ਬਾਨੀ

## ਖੇਡ ਪ੍ਰੇਮੀਆਂ 'ਚ ਉਤਸ਼ਾਹ ਦੀ ਭਾਵਨਾ

ਵੈਨਕੂਵਰ : ਕੈਨੇਡਾ ਦੇ ਸੂਬੇ ਅਲਬਰਟਾ ਨੂੰ 2028 ਵਿਚ ਕਰਵਾਏ ਜਾਣ ਵਾਲੇ ਹਾਕੀ ਦੇ ਵਿਸ਼ਵ ਪੱਧਰੀ ਮੁਕਾਬਲਿਆਂ ਦੀ ਮੇਜ਼ਬਾਨੀ ਪ੍ਰਾਪਤ ਹੋ ਗਈ ਹੈ। ਇਹ ਮੁਕਾਬਲੇ ਅਲਬਰਟਾ ਦੇ ਸ਼ਹਿਰ ਕੈਲਗਰੀ ਅਤੇ ਐਡਮੰਟਨ ਵਿਚ ਕਰਵਾਏ ਜਾਣਗੇ। ਜਾਣਕਾਰੀ ਮੁਤਾਬਕ ਇਸ ਕੌਮਾਂਤਰੀ ਟੂਰਨਾਮੈਂਟ ਵਿਚ ਪੂਰੇ ਸੰਸਾਰ ਤੋਂ ਕੌਮਾਤਰੀ ਪੱਧਰ ਦੀਆਂ 8 ਟੀਮਾਂ ਭਾਗ ਲੈਣਗੀਆਂ ਅਤੇ ਇਹ ਮੁਕਾਬਲੇ ਫ਼ਰਵਰੀ 2028 ਵਿਚ ਕਰਵਾਏ ਜਾਣ ਦੀ ਯੋਜਨਾ ਦੱਸੀ ਜਾ ਰਹੀ ਹੈ।




ਇਸ ਟੂਰਨਾਮੈਂਟ ਵਿਚ ਹਰੇਕ ਦੇਸ਼ ਦੀ ਟੀਮ ਅਪਣੇ ਸੱਭ ਤੋਂ ਵਧੀਆ ਖਿਡਾਰੀਆਂ ਨਾਲ ਮੈਦਾਨ ਵਿਚ ਉਤਰੇਗੀ। ਅਲਬਰਟਾ ਦੇ ਕੈਲਗਰੀ ਅਤੇ ਐਡਮੰਟਨ ਸ਼ਹਿਰਾਂ ਨੇ ਸਾਂਝੇ ਤੌਰ 'ਤੇ ਮੇਜ਼ਬਾਨੀ ਲਈ ਅਰਜ਼ੀ ਦਿੱਤੀ ਸੀ, ਜਿਸ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਮੁਕਾਬਲੇ ਇਥੇ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵੱਡੇ ਖੇਡ ਸਮਾਗਮ ਨਾਲ ਕੈਨੇਡਾ ਦੇ ਇਨ੍ਹਾਂ ਸ਼ਹਿਰਾਂ ਵਿਚ ਖੇਡ ਪ੍ਰੇਮੀਆਂ ਦੀ ਭਾਰੀ ਭੀੜ ਪਹੁੰਚੇਗੀ ਅਤੇ ਸਥਾਨਕ ਅਰਥਵਿਵਸਥਾ ਨੂੰ ਵੀ ਵੱਡਾ ਲਾਭ ਹੋਵੇਗਾ। ਇਹ ਕੌਮਾਂਤਰੀ ਹਾਕੀ ਮੁਕਾਬਲੇ ਦੁਨੀਆਂ ਭਰ ਦੇ ਦਰਸ਼ਕਾਂ ਦੀ ਖਾਸ ਦਿਲਚਸਪੀ ਦਾ ਕੇਂਦਰ ਬਣਦੇ ਹਨ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ 2028 ਦਾ ਇਹ ਸਮਾਗਮ ਵੀ ਖੇਡ ਪ੍ਰੇਮੀਆਂ ਲਈ ਯਾਦਗਾਰ ਸਾਬਤ ਹੋਵੇਗਾ।

# ਟਰੰਪ ਨੂੰ ਖੇਡ ਸਮਾਗਮਾਂ 'ਚ ਜਾਣ ਤੋਂ ਰੋਕ ਸਕਦੈ ਵਾਡਾ



ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਨਵਾਂ ਨਿਯਮ ਬਣਾਉਣ 'ਤੇ ਵਿਚਾਰ ਕਰ ਰਹੀ ਹੈ। ਅਮਰੀਕਾ ਵਿੱਚ ਮੁਕਾਬਲੇ ਹੋਣ 'ਤੇ ਵੀ ਉਨ੍ਹਾਂ 'ਤੇ ਪਾਬੰਦੀ ਲੱਗ ਸਕਦੀ ਹੈ। ਵਿਵਾਦ ਦਾ ਮੁੱਖ ਕਾਰਨ ਅਮਰੀਕਾ ਵੱਲੋਂ ਵਾਡਾ ਨੂੰ ਸਾਲਾਨਾ ਫੀਸ (ਕਰੀਬ 73 ਲੱਖ ਡਾਲਰ) ਦਾ ਭੁਗਤਾਨ ਨਾ ਕਰਨਾ ਹੈ। ਅਮਰੀਕਾ ਨੇ ਚੀਨੀ ਤੈਰਾਕਾਂ ਦੇ ਡੋਪਿੰਗ ਮਾਮਲੇ ਵਿੱਚ ਵਾਡਾ ਦੇ ਰਵੱਈਏ ਦੇ ਵਿਰੋਧ ਵਜੋਂ ਇਹ ਫੀਸ ਰੋਕੀ ਹੋਈ ਹੈ। ਵਾਡਾ ਦੀ ਕਾਰਜਕਾਰਨੀ ਕਮੇਟੀ ਇਸ ਤਜਵੀਜ਼ 'ਤੇ ਵਿਚਾਰ ਕਰੇਗੀ। ਵਾਡਾ ਦੇ ਬੁਲਾਰੇ ਜੇਮਜ਼ ਫਿਟਜ਼ਗੇਰਾਲਡ ਨੇ ਸਪੱਸ਼ਟ ਕੀਤਾ ਹੈ ਕਿ ਜੇ ਇਹ ਨਿਯਮ ਲਾਗੂ ਹੁੰਦਾ ਹੈ ਤਾਂ ਇਸ ਨੂੰ ਪਿਛਲੇ ਫ਼ੈਸਲਿਆਂ 'ਤੇ ਲਾਗੂ ਨਹੀਂ ਕੀਤਾ ਜਾਵੇਗਾ।







